27-OCT-PAGE-1.qxd 10/26/2025 8:40 PM Page 1

ਸੋਮਵਾਰ, 27 ਅਕਤੂਬਰ, 2025
11 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 146

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 27 OCTOBER, 2025 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸਾੜ੍ਹੀਆਂ ਨਹੀਂ ਤਾਂ ਕੁਰਸੀਆਂ ਸਹੀ



**ਫਾਰਬਿਸਗੰਜ** : ਬਿਹਾਰ ਦੇ ਅਰਰੀਆ ਫਾਰਬਿਸਗੰਜ ਅਸੈਂਬਲੀ ਹਲਕੇ ਵਿੱਚ ਹੁਕਮਰਾਨ ਐੱਨ ਡੀ ਏ ਦੇ ਚੋਣ ਦਫਤਰ ਦੇ ਉਦਘਾਟਨ ਵੇਲੇ 'ਲਾਲਚ' ਦੇ ਕੇ ਬੀਬੀਆਂ ਵੀ ਇਕੱਠੀਆਂ ਗਈਆਂ। ਉਦਘਾਟਨ ਚਾਰ ਵਜੇ ਹੋਣਾ ਸੀ, ਪਰ ਆਗੂ ਵਕਤ 'ਤੇ ਨਹੀਂ ਪੁੱਜੇ ਤਾਂ ਛਠ ਪੂਜਾ ਦੇ ਦਿਨਾਂ ਵਿੱਚ ਸਾੜ੍ਹੀ ਤੇ ਪੂਜਾ ਸਮੱਗਰੀ ਮਿਲਣ ਦੀ ਆਸ ਨਾਲ ਪੁੱਜੀਆਂ ਬੀਬੀਆਂ ਖਿਝ ਗਈਆਂ ਅਤੇ ਕੁਰਸੀਆਂ ਚੁੱਕ ਕੇ ਹੀ ਤੁਰਦੀਆਂ ਬਣੀਆਂ।

## ਬਾਹੂਬਲੀ ਦਾ ਮੰਚ ਡਿੱਗਿਆ

**ਮੋਕਾਮਾ** : ਬਿਹਾਰ ਦੇ ਮੋਕਾਮਾ ਹਲਕੇ ਤੋਂ ਜਨਤਾ ਦਲ (ਯੂ) ਦੇ ਬਾਹੂਬਲੀ ਉਮੀਦਵਾਰ ਅਨੰਤ ਸਿੰਘ ਉਰਫ ਛੋਟੇ ਸਰਕਾਰ ਸਨਿੱਚਰਵਾਰ ਰਾਮਪੁਰ-ਡੁਮਰਾ ਪਿੰਡ 'ਚ ਸੰਬੋਧਨ ਕਰ ਰਹੇ ਸਨ ਤਾਂ ਜ਼ਿੰਦਾਬਾਦ ਦੇ ਨਾਅਰਿਆਂ ਦੇ ਦਰਮਿਆਨ ਮੰਚ ਢਹਿ ਗਿਆ। ਗਨੀਮਤ ਰਹੀ ਕਿ ਕੋਈ ਜ਼ਖਮੀ ਨਹੀਂ ਹੋਇਆ।

## ਖਾਲਿਦ ਤੇ ਸ਼ਰਜੀਲ ਦੀ ਸੁਣਵਾਈ ਅੱਜ

**ਨਵੀਂ ਦਿੱਲੀ** : ਸੁਪਰੀਮ ਕੋਰਟ ਫਰਵਰੀ 2020 ਦੀ ਦਿੱਲੀ ਹਿੰਸਾ ਦੀ ਕਥਿਤ ਸਾਜ਼ਿਸ਼ ਦੇ ਸੰਬੰਧ 'ਚ ਯੂ ਏ ਪੀ ਏ ਤਹਿਤ ਜੇਲ੍ਹ ਵਿੱਚ ਬੰਦ ਉਮਰ ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਤੇ ਮੀਰਾਂ ਹੈਦਰ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ 'ਤੇ ਸੋਮਵਾਰ ਸੁਣਵਾਈ ਕਰੇਗੀ।

## ਚੀਨ ਨੇ ਬਣਾਈ ਸਭ ਤੋਂ ਤੇਜ਼ ਟਰੇਨ

**ਬੀਜਿੰਗ** : ਚੀਨ ਨੇ ਦੁਨੀਆ ਦੀ ਸਭ ਤੋਂ ਤੇਜ਼ ਬੁਲੇਟ ਟਰੇਨ ਬਣਾ ਲਈ ਹੈ, ਜੋ ਇਸ ਸਮੇ ਪ੍ਰੀ-ਸਰਵਿਸ ਟਰਾਇਲਾਂ ਵਿੱਚੋਂ ਲੰਘ ਰਹੀ ਹੈ ਅਤੇ ਜਲਦੀ ਹੀ ਇਸ ਨੂੰ ਵਪਾਰਕ ਵਰਤੋਂ ਲਈ ਚੀਨੀ ਪਟੜੀਆਂ 'ਤੇ ਉਤਾਰਿਆ ਜਾਵੇਗਾ। ਇਸ ਬੁਲੇਟ ਟਰੇਨ ਦੀ ਰਫਤਾਰ 450 ਕਿਲੋਮੀਟਰ ਪ੍ਰਤੀ ਘੰਟਾ ਹੈ। ਇਸ ਟਰੇਨ ਨੇ ਚੀਨ ਦੀ ਸ਼ੰਘਾਈ-ਚੌਂਗਕਿੰਗ-ਚੇਂਗਡੂ ਰੇਲਵੇ ਲਾਈਨ 'ਤੇ ਟਰਾਇਲਾਂ ਦੌਰਾਨ 450 ਕਿਲੋਮੀਟਰ ਪ੍ਰਤੀ ਘੰਟਾ ਦੀ ਵੱਧ ਤੋਂ ਵੱਧ ਗਤੀ ਪ੍ਰਾਪਤ ਕੀਤੀ, ਜੋ ਵਿਸ਼ਵ ਵਿੱਚ ਇਸ ਨੂੰ ਸਭ ਤੋਂ ਵੱਧ ਰਫਤਾਰ ਵਾਲੀ ਟਰੇਨ ਬਣਾਉਂਦੀ ਹੈ।

## ਬੱਚਿਆਂ ਨੂੰ ਅਲਫ਼ ਨੰਗਾ ਕਰ ਕੇ ਕੁੱਟਿਆ

**ਜ਼ੀਰਕਪੁਰ** : ਬਿਸਕੁਟ ਚੁੱਕ ਕੇ ਖਾਣ ਕਾਰਨ ਇਕ ਦੁਕਾਨਦਾਰ ਵੱਲੋਂ 2 ਬੱਚਿਆਂ ਨੂੰ ਅਲਫ਼ ਨੰਗਾ ਕਰਕੇ ਕੁੱਟਣ ਦੀ ਖਬਰ ਹੈ। ਪੁਲਸ ਨੇ ਬੱਚਿਆਂ ਨੂੰ ਕੱਪੜੇ ਉਤਾਰ ਕੇ ਕੁੱਟਣ ਦੇ ਦੋਸ਼ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੰਜਾਬ ਬਾਲ ਅਧਿਕਾਰ ਕਮਿਸ਼ਨ ਨੇ ਤੁਰੰਤ ਨੋਟਿਸ ਲਿਆ ਅਤੇ ਜਾਂਚ ਅਧਿਕਾਰੀ ਤੋਂ ਵਿਸਤ੍ਰਿਤ ਰਿਪੋਰਟ ਮੰਗੀ। ਬੱਚਿਆਂ ਦੇ ਪਰਵਾਰ ਇਸ ਘਟਨਾ ਤੋਂ ਕਾਫ਼ੀ ਨਾਰਾਜ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਬੱਚਿਆਂ ਨੇ ਕੋਈ ਗ਼ਲਤੀ ਕੀਤੀ ਸੀ, ਤਾਂ ਉਨ੍ਹਾਂ ਦੀ ਕੌਂਸਲਿੰਗ ਕੀਤੀ ਜਾਣੀ ਚਾਹੀਦੀ ਸੀ, ਪਰ ਅਜਿਹੀ ਸ਼ਰਮਨਾਕ ਕੁੱਟਮਾਰ ਪੂਰੀ ਤਰ੍ਹਾਂ ਨਿੰਦਣਯੋਗ ਹੈ। ਪੀੜਤ ਬੱਚਿਆਂ ਦੇ ਪਰਵਾਰਾਂ ਨੇ ਕਿਹਾ ਕਿ ਉਨ੍ਹਾਂ ਦੀ ਗ਼ਲਤੀ ਲਈ ਥੱਪੜ ਮਾਰਨਾ ਜਾਂ ਝਿੜਕਣਾ ਜਾਇਜ਼ ਸੀ, ਪਰ ਉਨ੍ਹਾਂ ਨੂੰ ਕੱਪੜੇ ਉਤਾਰ ਕੇ ਮਾਰਕੁੱਟ ਕਰਨੀ ਅਤੇ ਵੀਡੀਓ ਬਣਾਉਣੀ ਪੂਰੀ ਤਰ੍ਹਾਂ ਗ਼ਲਤ ਹੈ। ਇਕ ਬੱਚੇ ਦੀ ਮਾਂ ਨੇ ਭਾਵੁਕ ਹੋ ਕੇ ਕਿਹਾ—ਜੇਕਰ ਮੇਰੇ ਪੁੱਤਰ ਨੇ ਬਿਸਕੁਟ ਚੁੱਕ ਕੇ ਖਾ ਲਏ ਸਨ ਤਾਂ ਉਹ ਉਨ੍ਹਾਂ ਦੇ ਪੈਸੇ ਲੈ ਸਕਦੇ ਸਨ, ਪਰ ਉਸ ਨੂੰ ਕੱਪੜੇ ਉਤਾਰ ਕੇ ਕੁੱਟਣਾ ਕਿੰਨਾ ਜਾਇਜ਼ ਹੈ?

# ਕੈਨੇਡਾ ਵੱਲੋਂ 7 ਹਜ਼ਾਰ ਤੋਂ ਵੱਧ ਨੂੰ ਦਿੱਲੀ ਦੇ ਜਹਾਜ਼ੇ ਚੜ੍ਹਾਉਣ ਦੀ ਤਿਆਰੀ

### ਵਾਇਆ ਅਮਰੀਕਾ ਪੁੱਜਣ ਵਾਲਿਆਂ ਨੂੰ ਨਹੀਂ ਦੇਵੇਗਾ ਸ਼ਰਨ

**ਵਿਨੀਪੈੱਗ** : ਕੈਨੇਡਾ 7 ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜਣ ਦੀ ਤਿਆਰੀ ਕਰ ਰਿਹਾ ਹੈ। ਕੈਨੇਡਾ ਵਿਚ ਗ਼ੈਰਕਨੂੰਨੀ ਤੌਰ 'ਤੇ ਮੌਜੂਦ 32 ਹਜ਼ਾਰ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ, ਪਰ ਬਾਰਡਰ ਸਰਵਿਸਿਜ਼ ਵਾਲੇ ਇਨ੍ਹਾਂ ਦੀ ਪੈੜ ਨੱਪਣ ਵਿਚ ਹੁਣ ਤੱਕ ਕਾਮਯਾਬ ਨਹੀਂ ਹੋ ਸਕੇ। ਗ਼ੈਰਕਨੂੰਨੀ ਪਰਵਾਸੀਆਂ ਦਾ ਮੁੱਦਾ ਹਾਊਸ ਆਫ਼ ਕਾਮਨਜ਼ ਦੀ ਲੋਕ ਸੁਰੱਖਿਆ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਦੌਰਾਨ ਉੱਠਿਆ ਅਤੇ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਨੇ ਗੈਰੀ ਆਨੰਦਸੰਗਰੀ ਉੱਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ। ਟੋਰੀ ਐੱਮ ਪੀ ਫਰੈਂਕ ਕੈਪੁਟੋ ਨੇ ਡਿਪੋਰਟੇਸ਼ਨ ਲਿਸਟ ਵਿਚ ਸ਼ਾਮਲ ਪਰਵਾਸੀਆਂ ਦੀ ਗਿਣਤੀ ਬਾਰੇ ਪੁੱਛਿਆ ਤਾਂ ਲੋਕ ਸੁਰੱਖਿਆ ਮੰਤਰੀ ਨੇ ਜਵਾਬ ਦੇਣ ਤੋਂ ਨਾਂਹ ਕਰ ਦਿੱਤੀ, ਪਰ ਬਾਅਦ ਵਿਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਮੁਖੀ ਐਰਿਨ ਓ ਗੌਰਮਨ ਨੇ ਸਾਫ਼ ਤੌਰ 'ਤੇ ਮੰਨਿਆ ਕਿ 32 ਹਜ਼ਾਰ ਗ਼ੈਰਕਨੂੰਨੀ ਪਰਵਾਸੀ ਫ਼ਰਾਰ ਹਨ, ਜਿਨ੍ਹਾਂ ਨੂੰ ਡਿਪੋਰਟ ਕੀਤਾ ਜਾਣਾ ਹੈ। ਉਨ੍ਹਾ ਨਾਲ ਹੀ ਕਿਹਾ ਕਿ ਇਹ ਅੰਕੜਾ ਘੱਟ-ਵੱਧ ਹੋ ਸਕਦਾ ਹੈ।

ਕੈਨੇਡਾ—ਅਮਰੀਕਾ ਬਾਰਡਰ ਰਾਹੀਂ ਦਾਖਲ ਹੋਣ ਵਾਲੇ ਨਾਜਾਇਜ਼ ਪਰਵਾਸ ਦਾ ਜ਼ਿਕਰ ਕਰਦਿਆਂ ਗੈਰੀ ਆਨੰਦਸੰਗਰੀ ਨੇ ਕਿਹਾ ਕਿ ਇਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ 99 ਫ਼ੀਸਦੀ ਕਮੀ ਆਈ ਹੈ ਅਤੇ ਗ਼ੈਰਕਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਲਈ ਸੀ ਬੀ ਐੱਸ ਏ ਨੂੰ 55 ਮਿਲੀਅਨ ਡਾਲਰ ਦੇ ਵਾਧੂ ਫ਼ੰਡ ਮੁਹੱਈਆ ਕਰਵਾਏ ਜਾ ਰਹੇ। ਉਨ੍ਹਾ ਕਿਹਾ ਕਿ ਅਮਰੀਕਾ ਦੇ ਰਸਤੇ ਨਾਜਾਇਜ਼ ਤਰੀਕੇ ਨਾਲ ਕੈਨੇਡਾ ਦਾਖਲ ਹੋਣ ਵਾਲਿਆਂ ਦੀਆਂ ਸ਼ਰਨ ਸੰਬੰਧੀ ਅਰਜ਼ੀਆਂ ਵੀ ਸਿੱਧੇ ਤੌਰ 'ਤੇ ਰੱਦ ਕਰ ਦਿੱਤੀਆਂ ਜਾਣਗੀਆਂ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਦਿੱਤੇ ਗਏ ਅੰਕੜਿਆਂ ਮੁਤਾਬਕ ਕੈਨੇਡਾ ਨੇ ਜਿਨ੍ਹਾਂ 398 ਸ਼ਰਨਾਰਥੀ ਦਾਅਵੇਦਾਰਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ, ਉਨ੍ਹਾਂ ਵਿਚੋਂ 146 ਨੂੰ ਅਮਰੀਕਾ ਵਾਪਸ ਭੇਜ ਦਿੱਤਾ ਗਿਆ ਹੈ, ਜਿੱਥੇ 116 ਦੀ ਨਾਗਰਿਕਤਾ ਹੈ। ਬਾਕੀਆਂ ਨੂੰ 53 ਦੇਸ਼ਾਂ ਵਿੱਚ ਭੇਜ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਹੈਤੀ (53), ਕੋਲੰਬੀਆ (24), ਤੁਰਕੀ (19) ਜਾਂ ਇਰਾਕ (15) ਭੇਜਿਆ ਗਿਆ ਸੀ। ਇਸ ਡਿਪੋਰਟੇਸ਼ਨ ਲਿਸਟ ਵਿਚ ਸਭ ਵੱਧ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ ਅਤੇ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਦਿੱਲੀ ਦਾ ਜਹਾਜ਼ ਚੜ੍ਹਾਉਣ ਦੇ ਯਤਨ ਕੀਤੇ ਜਾ ਰਹੇ ਹਨ। ਐਨਾ ਹੀ ਨਹੀਂ ਮੌਜੂਦਾ ਵਰ੍ਹੇ ਦੌਰਾਨ 2 ਹਜ਼ਾਰ ਤੋਂ ਵੱਧ ਭਾਰਤੀ ਡਿਪੋਰਟ ਕੀਤੇ ਜਾ ਚੁੱਕੇ ਹਨ ਅਤੇ ਸਾਲ ਦੇ ਅੰਤ ਤੱਕ ਅੰਕੜਾ ਹੋਰ ਵਧ ਸਕਦਾ ਹੈ।

ਗ਼ੈਰਕਨੂੰਨੀ ਪਰਵਾਸੀਆਂ ਦੀ ਫੜੋਫੜੀ ਵਾਸਤੇ ਪੁਲਸ ਵਿਭਾਗ ਦੀ ਸੇਵਾ ਵੀ ਲਈ ਜਾਵੇਗੀ।

# ਕਲਮਾਂ ਵਾਲਿਆਂ ਦਾ ਸਨਮਾਨ



**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਅਕਾਦਮੀ ਦੇ ਸਥਾਪਨਾ ਦਿਵਸ 24 ਅਕਤੂਬਰ ਨੂੰ ਯਾਦ ਕਰਦਿਆਂ ਸਨਮਾਨ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਸ ਸ ਜੌਹਲ ਨੇ ਕੀਤੀ।ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਸਮੇਤ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਪ੍ਰਤੀਨਿਧੀ ਵਜੋਂ ਰਸ਼ਪਾਲ ਸਿੰਘ ਅਤੇ ਰਵੀ ਸ਼ਾਮਲ ਹੋਏ।ਡਾ. ਸਰਬਜੀਤ ਸਿੰਘ ਨੇ ਸਵਾਗਤ ਕਰਦਿਆਂ ਅਕਾਦਮੀ ਵੱਲੋਂ ਕੀਤੇ ਜਾਂਦੇ ਸਮਾਗਮਾਂ ਅਤੇ ਛਾਪੀਆਂ ਗਈਆਂ ਅਤੇ ਜਾ ਰਹੀਆਂ ਪੁਸਤਕਾਂ ਬਾਰੇ ਵਿਸਥਾਰ ਵਿੱਚ ਦੱਸਿਆ।ਇਸ ਦੇ ਨਾਲ ਹੀ 'ਇੱਕ ਪੁਸਤਕ ਇੱਕ ਸੰਵਾਦ' ਦੀ ਲੰਮੀ ਲੜੀ ਤੇ 21 ਨਵੰਬਰ ਤੋਂ 25 ਨਵੰਬਰ ਤੱਕ ਪੰਜਾਬੀ ਭਵਨ ਵਿੱਚ ਲਗਾਏ ਜਾ ਰਹੇ ਪੁਸਤਕ ਮੇਲੇ ਦਾ ਜ਼ਿਕਰ ਕੀਤਾ।ਅਕਾਦਮੀ ਦੇ ਜਨਰਲ ਸਕੱਤਰ ਡਾ. ਪੰਧੇਰ ਨੇ ਸਮੁੱਚੀਆਂ ਸ਼ਖਸੀਅਤਾਂ ਬਾਰੇ ਅਤੇ ਇਸ ਬਾਮੌਕਾ ਸਮਾਗਮ ਬਾਰੇ ਟਿਪਣੀਆਂ ਕੀਤੀਆਂ।ਉਨ੍ਹਾ ਡਾ. ਸੁਖਦੇਵ ਸਿੰਘ ਸਿਰਸਾ, ਡਾ. ਗੁਰਇਕਬਾਲ, ਪ੍ਰੋ. ਰਵਿੰਦਰ ਭੱਠਲ ਅਤੇ ਡਾ. ਹਰੀ ਸਿੰਘ ਜਾਚਕ ਦਾ ਸਮਾਗਮ ਦੀ ਤਿਆਰੀ ਵਿੱਚ ਸਹਿਯੋਗ ਦੇਣ ਲਈ ਵਿਸ਼ੇਸ਼ ਜ਼ਿਕਰ ਕੀਤਾ।

ਸਨਮਾਨਤ ਸ਼ਖਸੀਅਤਾਂ ਬਾਰੇ ਵਿਦਵਾਨਾਂ ਨੇ ਪੇਪਰ ਪੇਸ਼ ਕੀਤੇ, ਜਿਨ੍ਹਾਂ ਵਿੱਚ ਡਾ. ਗੁਰਮੇਲ ਸਿੰਘ ਨੇ 'ਡਾ. ਸਾਧੂ ਸਿੰਘ ਦਾ ਆਲੋਚਨਾ ਦ੍ਰਿਸ਼ਟੀ' ਪੇਪਰ ਪੜ੍ਹਿਆ। ਡਾ. ਹਰਵਿੰਦਰ ਸਿੰਘ ਸਿਰਸਾ ਨੇ ਡਾ. ਸਾਧੂ ਸਿੰਘ ਦਾ ਸ਼ੋਭਾ ਪੱਤਰ ਪੜ੍ਹਿਆ। ਡਾ. ਸਾਧੂ ਸਿੰਘ ਨੂੰ ਡਾ. ਰਵਿੰਦਰ ਸਿੰਘ ਰਵੀ ਪੁਰਸਕਾਰ ਭੇਟ ਕੀਤਾ ਗਿਆ।ਡਾ. ਅਨੂਪ ਸਿੰਘ ਦਾ ਲਿਖਿਆ ਪੇਪਰ ਵਰਗਿਸ ਸਲਾਮਤ

• ਬਾਕੀ ਸਫਾ 2 'ਤੇ

# ਭਾਰਤ-ਪਾਕਿ ਸਣੇ 8 ਜੰਗਾਂ ਰੁਕਵਾਈਆਂ : ਟਰੰਪ

**ਕੁਆਲਾਲੰਪੁਰ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਭਾਰਤ-ਪਾਕਿਸਤਾਨ ਜੰਗ ਰੋਕਣ ਵਿੱਚ ਭੂਮਿਕਾ ਨਿਭਾਏ ਜਾਣ ਦਾ ਦਾਅਵਾ ਕੀਤਾ । ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ 'ਸ਼ਾਨਦਾਰ ਲੋਕ' ਹਨ ਅਤੇ ਵਾਸ਼ਿੰਗਟਨ ਜਲਦੀ ਹੀ ਪਾਕਿਸਤਾਨ-ਅਫਗਾਨਿਸਤਾਨ ਟਕਰਾਅ ਨੂੰ ਹੱਲ ਕਰ ਲਵੇਗਾ। ਆਸੀਆਨ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਇਥੇ ਪੁੱਜੇ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾ ਦੇ ਪ੍ਰਸ਼ਾਸਨ ਨੇ ਅੱਠ ਮਹੀਨਿਆਂ ਵਿੱਚ ਅੱਠ ਜੰਗਾਂ ਖਤਮ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਔਸਤਨ ਉਨ੍ਹਾ ਇੱਕ ਮਹੀਨੇ ਵਿੱਚ ਇੱਕ ਜੰਗ ਰੋਕੀ ਹੈ। ਉਨ੍ਹਾ ਕਿਹਾ ਕਿ ਪਾਕਿਸਤਾਨ-ਅਫਗਾਨਿਸਤਾਨ ਟਕਰਾਅ ਹਾਲ ਹੀ ਵਿੱਚ ਸ਼ੁਰੂ ਹੋਇਆ ਸੀ ਅਤੇ ਉਹ ਇਸ ਨੂੰ ਜਲਦੀ ਹੱਲ ਕਰ ਲੈਣਗੇ, ਕਿਉਂਕਿ ਉਹ ਦੋਵਾਂ ਨੇਤਾਵਾਂ ਨੂੰ ਜਾਣਦੇ ਸਨ। ਕੁਆਲਾਲੰਪੁਰ ਵਿੱਚ ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਸ਼ਾਂਤੀ ਸਮਝੌਤੇ ਦੌਰਾਨ ਟਰੰਪ ਵੀ ਮੌਜੂਦ ਸਨ। ਉਨ੍ਹਾ ਕਿਹਾ ਕਿ ਉਨ੍ਹਾ ਨੂੰ ਅਜਿਹੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਖੁਸ਼ੀ ਹੈ ਅਤੇ ਜੇਕਰ ਇਸ ਨਾਲ ਲੱਖਾਂ ਜਾਨਾਂ ਬਚਦੀਆਂ ਹਨ ਤਾਂ ਇਹ ਇੱਕ ਵੱਡੀ ਪ੍ਰਾਪਤੀ ਹੈ। ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਨ੍ਹਾ ਦੇ ਦਖਲ ਨੇ ਜੰਗਾਂ ਨੂੰ ਰੋਕ ਦਿੱਤਾ ਹੈ। ਉਦਾਹਰਣ ਵਜੋਂ ਉਨ੍ਹਾ ਕਿਹਾ ਕਿ ਉਨ੍ਹਾ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਟਕਰਾਅ ਨੂੰ ਰੋਕਣ ਵਿੱਚ ਯੋਗਦਾਨ ਪਾਇਆ।

ਜਦੋਂ ਟਰੰਪ ਜਹਾਜ਼ ਤੋਂ ਉਤਰ ਰਹੇ ਸਨ ਤਾਂ ਉਨ੍ਹਾ ਢੋਲ ਦੀ ਥਾਪ 'ਤੇ ਨੱਚਣਾ ਸ਼ੁਰੂ ਕਰ ਦਿੱਤਾ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਗਿਆ।




ਟਰੰਪ ਦਾ ਸਰਕਾਰੀ ਤੌਰ 'ਤੇ ਨਿੱਘਾ ਸਵਾਗਤ ਕੀਤਾ ਗਿਆ, ਪਰ ਫਲਸਤੀਨ-ਪੱਖੀ ਲੋਕਾਂ ਨੇ ਆਜ਼ਾਦੀ ਚੌਕ ਵਿੱਚ ਇਕੱਠੇ ਹੋ ਕੇ ਪ੍ਰੋਟੈਸਟ ਕੀਤਾ। ਉਨ੍ਹਾਂ ਸਿਖਰ ਦੁਪਹਿਰੇ 'ਫਲਸਤੀਨ ਨੂੰ ਆਜ਼ਾਦ ਕਰੋ' ਤੇ 'ਅਮਰੀਕੀ ਸਾਮਰਾਜ ਮੁਰਦਾਬਾਦ' ਦੇ ਨਾਅਰੇ ਲਾਏ।

# ਟਰੰਪ ਨੇ ਖਿਝ ਕੇ ਕੈਨੇਡਾ 'ਤੇ 10 ਫੀਸਦੀ ਟੈਕਸ ਵਧਾਇਆ

**ਵਾਸ਼ਿੰਗਟਨ** : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਵਿਸ਼ੇਸ਼ਤਾ ਵਾਲੇ 'ਫਰਜ਼ੀ' ਇਸ਼ਤਿਹਾਰ, ਜੋ ਐੱਮ ਐੱਲ ਬੀ ਵਰਲਡ ਸੀਰੀਜ਼ ਦੌਰਾਨ ਪ੍ਰਸਾਰਤ ਕੀਤਾ ਗਿਆ ਸੀ, ਨੂੰ ਲੈ ਕੇ ਕੈਨੇਡਾ 'ਤੇ ਪਹਿਲਾਂ ਤੋਂ ਲਾਗੂ ਟੈਕਸਾਂ ਤੋਂ ਇਲਾਵਾ 10 ਫੀਸਦੀ ਦਾ ਵਾਧਾ ਕਰ ਦਿੱਤਾ ਹੈ। ਏਅਰ ਫੋਰਸ ਵਨ 'ਤੇ ਸਵਾਰ ਟਰੰਪ ਨੇ ਟਰੂਥ ਸੋਸ਼ਲ 'ਤੇ ਪੋਸਟ ਕੀਤਾ—'ਰੋਨਾਲਡ ਰੀਗਨ ਕੌਮੀ ਸੁਰੱਖਿਆ ਅਤੇ ਆਰਥਿਕਤਾ ਦੇ ਉਦੇਸ਼ਾਂ ਲਈ ਟੈਕਸਾਂ ਨੂੰ ਪਸੰਦ ਕਰਦੇ ਸਨ, ਪਰ ਕੈਨੇਡਾ ਨੇ ਕਿਹਾ ਕਿ ਉਹ ਨਹੀਂ ਕਰਦੇ ਸਨ! ਉਨ੍ਹਾਂ (ਕੈਨੇਡਾ) ਦੇ ਇਸ਼ਤਿਹਾਰ ਨੂੰ ਤੁਰੰਤ ਹਟਾ ਦਿੱਤਾ ਜਾਣਾ ਚਾਹੀਦਾ ਸੀ, ਪਰ ਉਨ੍ਹਾਂ ਇਸ ਨੂੰ ਕੱਲ੍ਹ ਰਾਤ ਵਰਲਡ ਸੀਰੀਜ਼ ਦੌਰਾਨ ਚੱਲਣ ਦਿੱਤਾ, ਇਹ ਜਾਣਦੇ ਹੋਏ ਕਿ ਇਹ ਇੱਕ ਧੋਖਾ ਸੀ। ਤੱਥਾਂ ਦੀ ਗੰਭੀਰ ਗਲਤ ਪੇਸ਼ਕਾਰੀ ਅਤੇ ਦੁਸ਼ਮਣੀ ਵਾਲੀ ਕਾਰਵਾਈ ਕਾਰਨ ਮੈਂ ਕੈਨੇਡਾ 'ਤੇ ਲਾਗੂ ਟੈਕਸਾਂ ਵਿੱਚ 10 ਫੀਸਦੀ ਦਾ ਵਾਧਾ ਕਰ ਰਿਹਾ ਹਾਂ, ਜੋ ਉਹ ਹੁਣ ਅਦਾ ਕਰ ਰਹੇ ਹਨ, ਉਸ ਤੋਂ ਇਲਾਵਾ। ਇਸ ਮਾਮਲੇ 'ਤੇ ਤੁਹਾਡੇ ਧਿਆਨ ਲਈ ਧੰਨਵਾਦ!' ਕਈ ਕੈਨੇਡੀਅਨ ਉਤਪਾਦਾਂ 'ਤੇ ਪਹਿਲਾਂ ਹੀ 35 ਫੀਸਦੀ ਟੈਕਸ ਲੱਗ ਚੁੱਕਾ ਹੈ।

# 'ਆਪ ਦੀ ਸਰਕਾਰ, ਆਪ ਦਾ ਵਿਧਾਇਕ' ਤਰਨ ਤਾਰਨ ਦਾ ਤੇਜ਼ ਵਿਕਾਸ ਯਕੀਨੀ ਬਣਾਉਣਗੇ : ਮਾਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਤਰਨ ਤਾਰਨ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਸਮਰਥਨ ਵਿੱਚ ਇੱਕ ਵਿਸ਼ਾਲ ਰੋਡ ਸ਼ੋਅ ਕੀਤਾ। ਇਸ ਦੌਰਾਨ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਵੀ ਸ਼ਾਮਲ ਸਨ। ਰੋਡ ਸ਼ੋਅ ਨੇ ਬਾਲਾ ਚੱਕ, ਗੋਹਲਵੜ, ਕੋਟ ਦਸੌਂਧੀ ਮੱਲ, ਪੰਡੋਰੀ ਸਿੱਧਵਾਂ, ਮੰਨਣ, ਖੈਰਦੀਨਕੇ, ਠੱਠਗੜ੍ਹ, ਜਗਤਪੁਰਾ ਅਤੇ ਢੰਡ ਸਮੇਤ ਕਈ ਪਿੰਡਾਂ ਨੂੰ ਕਵਰ ਕੀਤਾ, ਜਿੱਥੇ ਹਜ਼ਾਰਾਂ ਵਸਨੀਕਾਂ ਨੇ 'ਇਨਕਲਾਬ ਜ਼ਿੰਦਾਬਾਦ' ਅਤੇ 'ਆਪ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਆਗੂਆਂ ਦਾ ਸਵਾਗਤ ਕੀਤਾ।ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਇਹ ਜ਼ਿਮਨੀ ਚੋਣ ਸਿਰਫ਼ ਇੱਕ ਵਿਧਾਇਕ ਚੁਣਨ ਬਾਰੇ ਨਹੀਂ, ਇਹ ਤਰਨ ਤਾਰਨ ਦੇ ਭਵਿੱਖ ਨੂੰ ਚੁਣਨ ਬਾਰੇ ਹੈ। ਸਾਡੀ ਸਰਕਾਰ ਨੇ ਪੰਜਾਬ ਦੀ ਰਾਜਨੀਤੀ ਦੀ ਦਿਸ਼ਾ ਬਦਲ ਦਿੱਤੀ ਹੈ। ਝੂਠੇ ਵਾਅਦਿਆਂ ਅਤੇ ਪਰਵਾਰਵਾਦ ਦਾ ਯੁੱਗ ਖਤਮ ਹੋ ਗਿਆ ਹੈ, ਹੁਣ ਪੰਜਾਬ ਇਮਾਨਦਾਰ ਸ਼ਾਸਨ ਅਤੇ ਵਿਕਾਸ ਲਈ ਖੜ੍ਹਾ ਹੈ।ਮਾਨ ਨੇ ਲੋਕਾਂ ਨੂੰ ਇਹ ਵੀ ਯਾਦ ਦਿਵਾਇਆ ਕਿ 'ਆਪ' ਹੜ੍ਹ ਪ੍ਰਭਾਵਤ ਕਿਸਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ 1.85 ਲੱਖ ਕੁਇੰਟਲ ਕਣਕ ਦੇ ਬੀਜ ਸਪਲਾਈ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਹੈ। ਵਿਰੋਧੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਮਾਨ ਨੇ ਕਿਹਾ—ਜਿਨ੍ਹਾਂ ਕਦੇ ਪੰਜਾਬ 'ਤੇ ਰਾਜ ਕੀਤਾ, ਅਕਾਲੀਆਂ ਅਤੇ ਕਾਂਗਰਸ ਨੇ ਪੰਜ ਸਾਲ ਆਪਣੇ ਆਪ ਨੂੰ ਚੰਡੀਗੜ੍ਹ ਦੇ ਬੰਗਲਿਆਂ ਵਿੱਚ ਬੰਦ ਕਰ ਲਿਆ। ਉਨ੍ਹਾਂ ਕਦੇ ਤੁਹਾਡੇ ਦਰਦ ਦੀ ਪਰਵਾਹ ਨਹੀਂ ਕੀਤੀ। ਇਹ ਲੋਕ ਸਿਰਫ਼ ਆਪਣੇ ਪਰਵਾਰਾਂ



• ਬਾਕੀ ਸਫਾ 2 'ਤੇ

# ਹੜ੍ਹ ਪੀੜਤਾਂ ਲਈ ਮੁਫਤ ਬੀਜ ਦੇ 7 ਟਰੱਕ ਰਵਾਨਾ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਨੁਕਸਾਨੀ ਗਈ ਲਗਭਗ ਪੰਜ ਲੱਖ ਏਕੜ ਜ਼ਮੀਨ ਵਿੱਚ ਆਪਣੀ ਫਸਲ ਗੁਆਉਣ ਵਾਲੇ ਕਿਸਾਨਾਂ ਨੂੰ ਦੋ ਲੱਖ ਕੁਇੰਟਲ ਕਣਕ ਦੇ ਬੀਜ ਮੁਫ਼ਤ ਮੁਹੱਈਆ ਕਰਵਾਉਣ ਲਈ ਐਤਵਾਰ ਸੱਤ ਟਰੱਕਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।




ਸੂਬਾ ਸਰਕਾਰ ਵੱਲੋਂ ਉਨ੍ਹਾਂ ਨੂੰ 74 ਕਰੋੜ ਰੁਪਏ ਦੇ ਦੋ ਲੱਖ ਕੁਇੰਟਲ ਬੀਜ ਮੁਫ਼ਤ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਮਾਨ ਨੇ ਕਿਹਾ ਕਿ ਮੁਫ਼ਤ ਬੀਜ ਵੰਡਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਇਹ ਜਲਦ ਹੀ ਮੁਕੰਮਲ ਕਰ ਲਈ ਜਾਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਦੌਰਾਨ ਹੋਈ ਤਬਾਹੀ ਕਾਰਨ ਕਿਸਾਨਾਂ ਲਈ ਪੈਦਾ ਹੋਈਆਂ ਮੁਸ਼ਕਲਾਂ ਨੂੰ ਘੱਟ ਕਰਨ ਦੀ ਦਿਸ਼ਾ ਵਿੱਚ ਸੂਬਾ ਸਰਕਾਰ ਵੱਲੋਂ ਕੀਤਾ ਗਿਆ ਇਹ ਨਿਮਾਣਾ ਜਿਹਾ ਉਪਰਾਲਾ ਹੈ।

**ਰੰਗਦਾਰ ਵਿਸ਼ੇਸ਼ ਸਪਲੀਮੈਂਟ**



ਸਤੀਸ਼ ਭੀਰੀ
ਜੈਤੋ
94176-12036



ਦਰਸ਼ਨ ਜਿੰਦਲ
ਰਾਮਪੁਰਾ ਫੂਲ
94172-27460



ਜਸਵੀਰ ਕਾਜਲ
ਅੱਡਾ ਸਰਾਂ
99151-17589



ਨਿਰਮਲ ਸਿੰਘ ਮੁੱਗੋਵਾਲ
ਜੇਜੋਂ (ਹੁਸ਼ਿਆਰਪੁਰ)
82888-45926

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ** ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

# ਈ ਮੰਡੀਕਰਨ ਪੋਰਟਲ 'ਤੇ ਗੁਆਚਿਆ 2 ਪਿੰਡਾਂ ਦਾ ਰਕਬਾ

**ਚੰਡੀਗੜ੍ਹ** : ਪੰਜਾਬ ਮੰਡੀ ਬੋਰਡ ਦੇ ਈ ਮੰਡੀਕਰਨ ਪੋਰਟਲ 'ਤੇ ਪਿੰਡ ਕਿੱਲਿਆਂਵਾਲੀ ਤੇ ਵੜਿੰਗ ਖੇੜਾ ਦਾ ਰਕਬਾ ਗੁਆਚ ਗਿਆ ਹੈ, ਜਿਸ ਕਰਕੇ ਇੱਥੋਂ ਦੇ ਦਰਜਨਾਂ ਕਿਸਾਨਾਂ ਦੀ ਫਸਲ ਦੇ ਬਿੱਲ ਨਹੀਂ ਬਣ ਸਕੇ। ਪੋਰਟਲ 'ਤੇ ਪਿੰਡਾਂ ਦੇ ਗਾਇਬ ਰਕਬੇ ਕਾਰਨ ਪੀੜਤ ਕਿਸਾਨ ਕਾਫ਼ੀ ਪਰੇਸ਼ਾਨੀ ਵਿੱਚ ਹਨ, ਉਨ੍ਹਾਂ ਦਾ ਕਰੋੜਾਂ ਰੁਪਏ ਦਾ ਝੋਨਾ ਅਣਵਿਕਿਆ ਪਿਆ ਹੈ। ਪਿੰਡ ਕਿੱਲਿਆਂਵਾਲੀ ਦਾ ਰਕਬਾ ਕਰੀਬ 5000 ਏਕੜ ਅਤੇ ਪਿੰਡ ਵੜਿੰਗ ਖੇੜਾ ਦਾ ਰਕਬਾ ਲਗਭਗ 4000 ਏਕੜ ਹੈ। ਹਾਲਾਂ ਕਿ ਇਹ ਰਕਬਾ ਮਾਲ ਵਿਭਾਗ ਦੇ ਵੈੱਬ ਪੋਰਟਲ 'ਤੇ ਮੌਜੂਦ ਹੈ। ਇਸ ਸੰਬੰਧੀ ਖੁਲਾਸਾ ਆੜ੍ਹਤੀਆਂ ਵੱਲੋਂ ਝੋਨਾ ਫ਼ਸਲ ਦੇ ਬਿੱਲ ਬਣਾਉਣ ਮੌਕੇ ਜ਼ਮੀਨ ਦਾ ਰਕਬਾ ਪੋਰਟਲ 'ਤੇ ਜ਼ਮੀਨ ਮੈਪ ਕਰਨ ਮੌਕੇ ਹੋਇਆ। ਆੜ੍ਹਤੀਆਂ ਮੁਤਾਬਕ ਪਿਛਲੇ ਸੀਜ਼ਨ 2024-25 ਵਿੱਚ ਲੈਂਡ ਮੈਪਿੰਗ ਦੌਰਾਨ ਇਹ ਰਕਬਾ ਪੂਰੀ ਤਰ੍ਹਾਂ ਪੋਰਟਲ 'ਤੇ ਦਰਜ ਸੀ। ਸੂਤਰਾਂ ਦਾ ਮੰਨਣਾ ਹੈ ਕਿ ਮਾਰਕੀਟ ਕਮੇਟੀ ਕਿੱਲਿਆਂਵਾਲੀ ਦਾ ਨਵਾਂ ਗਠਨ ਹੋਇਆ ਹੈ। ਉਸ ਤੋਂ ਬਾਅਦ ਨਵੀਂਆਂ ਅਧਿਕਾਰਤ ਆਈ ਡੀਜ਼ ਬਣਨ ਦੌਰਾਨ ਇਸ ਸਾਲ (ਸਾਉਣੀ ਸੀਜ਼ਨ 2025-26) ਦੌਰਾਨ ਡਾਟਾ ਕਿਸੇ ਤਕਨੀਕੀ ਖਾਮੀ ਕਰਕੇ ਵਿਖਾਈ ਨਹੀਂ ਦੇ ਰਿਹਾ। ਪਿੰਡ ਕਿੱਲਿਆਂਵਾਲੀ ਦੇ ਕਿਸਾਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾ ਦੀ ਫਸਲ ਤੁਲਾਈ ਹੋਏ ਹਫ਼ਤੇ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਅਜੇ ਤੱਕ ਬਿੱਲ ਨਹੀਂ ਬਣਿਆ। ਆੜ੍ਹਤੀਆਂ ਨੇ ਕਿਹਾ ਕਿ ਰਕਬਾ ਨਾ ਵਿਖਾਈ ਦੇਣ ਕਰਕੇ ਉਹ ਬਿੱਲ ਬਣਾਉਣ ਵਿੱਚ ਅਸਮਰਥ ਹਨ।

# ਬੱਚਿਆਂ ਨੂੰ ਜਗਾਉਣ ਲਈ ਕਿਰਾਏ 'ਤੇ ਲਿਆਂਦਾ ਬੈਂਡ

**ਚੰਡੀਗੜ੍ਹ** : ਭਾਰਤੀ ਮਾਵਾਂ ਆਪਣੇ ਬੱਚਿਆਂ ਨੂੰ ਸਵੇਰੇ ਜਲਦੀ ਉਠਾਉਣ ਲਈ ਆਪਣੀ ਅਨੋਖੀ ਸਿਰਜਣਾਤਮਿਕਤਾ ਲਈ ਜਾਣੀਆਂ ਜਾਂਦੀਆਂ ਹਨ, ਪਰ ਹਾਲ ਹੀ ਵਿੱਚ ਇੱਕ ਔਰਤ ਨੇ ਆਪਣੀਆਂ ਸੁੱਤੀਆਂ ਧੀਆਂ ਨੂੰ ਜਗਾਉਣ ਲਈ ਜੋ ਤਰੀਕਾ ਅਪਣਾਇਆ, ਉਸ ਨੇ ਪੂਰੇ ਇੰਟਰਨੈੱਟ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਇੱਕ ਵਾਇਰਲ ਹੋ ਰਹੀ ਵੀਡੀਓ ਵਿੱਚ ਇੱਕ ਮਾਂ ਨੇ ਆਪਣੀਆਂ ਸੁੱਤੀਆਂ ਧੀਆਂ ਨੂੰ ਉਠਾਉਣ ਲਈ ਘਰ ਵਿੱਚ ਢੋਲ ਅਤੇ ਤੁਰ੍ਹੀ ਵਜਾਉਣ ਵਾਲੇ ਸਥਾਨਕ ਸੰਗੀਤਕਾਰਾਂ ਨੂੰ ਕਿਰਾਏ 'ਤੇ ਲਿਆ। ਵਾਇਰਲ ਪੋਸਟ ਅਨੁਸਾਰ ਮਾਂ ਨੇ ਦੋ ਸੰਗੀਤਕਾਰਾਂ ਨੂੰ ਆਪਣੀਆਂ ਧੀਆਂ ਦੇ ਬੈੱਡਰੂਮ ਵਿੱਚ ਆ ਕੇ ਤੇਜ਼ ਆਵਾਜ਼ ਵਿੱਚ ਸਾਜ਼ ਵਜਾਉਣ ਲਈ ਕਿਹਾ। ਵੀਡੀਓ ਵਿੱਚ ਦੋਵੇਂ ਸੰਗੀਤਕਾਰ ਬੱਚੀਆਂ ਦੇ ਬੈੱਡ ਕੋਲ ਖੜ੍ਹੇ ਹੋ ਕੇ ਭਗਤੀ ਗੀਤ 'ਸ੍ਰੀ ਰਾਮ ਜਾਨਕੀ ਬੈਠੇ ਹੈਂ' ਦੀ ਊਰਜਾਵਾਨ ਪੇਸ਼ਕਾਰੀ ਸ਼ੁਰੂ ਕਰਦੇ ਨਜ਼ਰ ਆ ਰਹੇ ਹਨ। ਅਚਾਨਕ ਆਏ ਇਸ ਜ਼ੋਰਦਾਰ ਸ਼ੋਰ ਤੋਂ ਘਬਰਾਈਆਂ ਹੋਈਆਂ ਦੋਵੇਂ ਅੱਧ-ਸੁੱਤੀਆਂ ਧੀਆਂ ਅਚਾਨਕ ਉਠਦੀਆਂ ਹਨ ਅਤੇ ਵੀਡੀਓ ਬਣਦੀ ਦੇਖ ਫਿਰ ਤੁਰੰਤ ਆਪਣੇ ਚਿਹਰੇ ਢੱਕ ਲੈਂਦੀਆਂ ਹਨ। ਇਸ ਵੀਡੀਓ ਨੂੰ ਇੰਸਟਾਗ੍ਰਾਮ 'ਤੇ ਸਾਂਝਾ ਕੀਤਾ ਗਿਆ, ਜਿੱਥੇ ਇਸ ਨੂੰ ਯੂਜ਼ਰਜ਼ ਵੱਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਲੋਕ ਮਾਂ ਦੀ ਇਸ ਮਜ਼ਾਕੀਆ ਚਾਲ ਦੀ ਤਾਰੀਫ਼ ਕਰ ਰਹੇ ਹਨ ਅਤੇ ਇਸ ਨੂੰ 'ਮਦਰ ਆਫ਼ ਦ ਈਅਰ' ਦੱਸ ਰਹੇ ਹਨ। ਕਈ ਯੂਜ਼ਰਜ਼ ਨੇ ਮਜ਼ਾਕ ਵਿੱਚ ਲਿਖਿਆ ਕਿ ਉਹ ਉਮੀਦ ਕਰਦੇ ਹਨ ਕਿ ਇਹ ਵੀਡੀਓ ਉਨ੍ਹਾਂ ਦੇ ਮਾਪਿਆਂ ਨੂੰ ਨਾ ਦਿਖ ਜਾਵੇ।

# ਪੀ ਯੂ ਪ੍ਰਸ਼ਾਸਨ ਨੇ ਦਿੱਲੀ ਦੇ 'ਆਕਾਵਾਂ' ਦੇ ਦਬਾਅ ਹੇਠ ਰੱਦ ਕੀਤਾ ਗੁਰੂ ਸਾਹਿਬ ਬਾਰੇ ਸੈਮੀਨਾਰ : ਕੰਗ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਜਨਰਲ ਸਕੱਤਰ ਮਲਵਿੰਦਰ ਸਿੰਘ ਕੰਗ ਨੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੈਮੀਨਾਰ ਕਰਵਾਉਣ ਦੀ ਇਜਾਜ਼ਤ ਰੱਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾ ਇਸ ਫੈਸਲੇ ਨੂੰ 'ਬੇਹੱਦ ਮੰਦਭਾਗਾ' ਅਤੇ 'ਦੁੱਖਦਾਈ' ਕਰਾਰ ਦਿੰਦਿਆਂ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਨੂੰ ਤੁਰੰਤ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਇਜਾਜ਼ਤ ਬਹਾਲ ਕਰਨ ਦੀ ਮੰਗ ਕੀਤੀ ਹੈ।

ਕੰਗ ਨੇ ਦੋਸ਼ ਲਾਇਆ ਕਿ ਪੀ ਯੂ ਪ੍ਰਸ਼ਾਸਨ ਨੇ ਇਹ ਫੈਸਲਾ ਦਿੱਲੀ ਵਿੱਚ ਬੈਠੇ ਆਪਣੇ ਆਕਾਵਾਂ ਦੇ ਦਬਾਅ ਹੇਠ ਲਿਆ ਹੈ। ਉਨ੍ਹਾ ਕਿਹਾ ਕਿ ਮੈਨੂੰ ਪਤਾ ਹੈ ਕਿ ਵਾਈਸ ਚਾਂਸਲਰ ਸਾਹਿਬ 'ਤੇ ਦਿੱਲੀ ਤੋਂ ਦਬਾਅ ਹੈ। ਕੇਂਦਰ ਦੀ ਮੋਦੀ ਸਰਕਾਰ ਨਹੀਂ ਚਾਹੁੰਦੀ ਕਿ ਗੁਰੂ ਸਾਹਿਬ ਦੀ ਸ਼ਹਾਦਤ ਦਾ ਇਤਿਹਾਸ ਅਤੇ ਪ੍ਰੇਰਣਾਦਾਇਕ ਵਿਰਸਾ ਨੌਜਵਾਨ ਪੀੜ੍ਹੀ ਤੱਕ ਪਹੁੰਚੇ।

ਉਹਨਾ ਦੱਸਿਆ ਕਿ ਉਨ੍ਹਾ ਨੂੰ ਵਿਦਿਆਰਥੀਆਂ ਤੋਂ ਪਤਾ ਲੱਗਾ ਹੈ ਕਿ ਪ੍ਰਸ਼ਾਸਨ ਨੇ ਇਹ ਇਜਾਜ਼ਤ 27 ਅਕਤੂਬਰ ਨੂੰ ਹੋਣ ਵਾਲੇ ਸੈਮੀਨਾਰ ਵਿੱਚ ਉੱਘੇ ਸਿੱਖ ਵਿਦਵਾਨ ਅਤੇ ਚਿੰਤਕ ਅਜਮੇਰ ਸਿੰਘ ਦੀ ਸ਼ਮੂਲੀਅਤ ਕਾਰਨ ਰੱਦ ਕੀਤੀ ਹੈ, ਜਿਨ੍ਹਾ ਨੂੰ ਵਿਵਾਦਗ੍ਰਸਤ ਕਿਹਾ ਜਾ ਰਿਹਾ ਹੈ। ਕੰਗ ਨੇ ਇਸ ਤਰਕ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਅਜਮੇਰ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜਨਤਕ ਜੀਵਨ ਵਿੱਚ ਹਨ, ਉਨ੍ਹਾ 'ਤੇ ਕੋਈ ਕੇਸ ਨਹੀਂ ਅਤੇ ਉਹ ਦੇਸ਼-ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਬੋਲਦੇ ਰਹੇ ਹਨ। ਉਨ੍ਹਾ ਨੂੰ ਰੋਕਣਾ ਸਿੱਧੇ ਤੌਰ 'ਤੇ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਹੋਇਆ ਠੱਗੂ ਦਾ ਤੇਲ ਫਿਰ ਫੇਲ੍ਹ ਕਹਿੰਦੇ,
ਰਿਪੋਰਟ ਲੈਬ ਦੀ ਉਲਟ ਹੈ ਆਈ ਬੇਲੀ।
ਘਿਉ ਵਾਂਗ ਕੋਈ ਤੇਲ ਸੀ ਵਰਤਣੇ ਲਈ,
ਵਰਾਇਟੀ ਨਵੀਂ ਕੁਝ ਓਸ ਬਣਾਈ ਬੇਲੀ।
ਸੈਂਪਲ ਰਸਮੀ ਸਰਕਾਰ ਨੂੰ ਭੇਜ ਧਰਿਆ,
ਕਰ ਲਈ ਮਾਲ ਦੀ ਸ਼ੁਰੂ ਵਿਕਾਈ ਬੇਲੀ।
ਜਦੋਂ ਨੂੰ ਆਈ ਰਿਪੋਰਟ ਆ ਉਲਟ ਓਥੋਂ,
ਕਰਦਾ ਰਿਹਾ ਠੱਗ ਹੈ ਖੂਬ ਕਮਾਈ ਬੇਲੀ।
ਅਫਸਰਾਂ ਜਿਨ੍ਹਾਂ ਸੀ ਲਾਗੂ ਕਾਨੂੰਨ ਕਰਨਾ,
ਨਾ ਹੀ ਹਸਤੀ ਨਾ ਜਿਗਰ ਦਾ ਜ਼ੋਰ ਬੇਲੀ।
ਠੱਗ ਦੀ ਪਿੱਠ 'ਤੇ ਉਨ੍ਹਾਂ ਦਾ ਹੱਥ ਸੁਣਿਆ,
ਜਿਨ੍ਹਾਂ ਦੇ ਹੱਥ ਆ ਮੁਲਕ ਦੀ ਡੋਰ ਬੇਲੀ।

-ਤੀਸ ਮਾਰ ਖਾਂ

# .ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਨੂੰ ਅੰਤਮ ਛੋਹਾਂ

### ਕੁਲਬੀਰ ਸੰਘੇੜਾ ਲਹਿਰਾਉਣਗੇ .ਗਦਰੀ ਝੰਡਾ, ਇੰਗਲੈਂਡ ਦੇ ਸਾਥੀਆਂ ਵੱਲੋਂ ਲੰਗਰ ਦੀ ਸੇਵਾ



**ਜਲੰਧਰ (ਕੇਸਰ)**

30 ਅਕਤੂਬਰ ਤੋਂ ਇਕ ਨਵੰਬਰ ਤੱਕ ਸਾਰਾ ਦਿਨ ਤੇ ਸਾਰੀ ਰਾਤ ਚੱਲਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' 34 ਵਰ੍ਹੇ ਦਾ ਸਫਰ ਸਰ ਕਰਦਾ ਹੋਇਆ ਇਸ ਵਾਰ ਗ਼ਦਰ ਲਹਿਰ ਦੀ ਵਿਰਾਸਤ ਅਤੇ ਸਾਡੇ ਸਮਿਆਂ ਦੇ ਭਖਦੇ ਮੁੱਦਿਆਂ ਨੂੰ ਕਲਾਵੇ ਵਿੱਚ ਲਵੇਗਾ।ਗਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਮਰਪਤ ਇਸ ਮੇਲੇ ਦੇ ਸਿਖ਼ਰਲੇ ਦਿਨ ਪਹਿਲੀ ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਕੁਲਬੀਰ ਸਿੰਘ ਸੰਘੇੜਾ ਕਰਨਗੇ ਅਤੇ ਉਹ ਮੇਲੇ 'ਚ ਆਪਣੇ ਵੱਲੋਂ ਗ਼ਦਰੀ ਪਰਚਮ ਬੁਲੰਦ ਰੱਖਣ ਦਾ ਸੁਨੇਹਾ ਦੇਣਗੇ। ਇਸ ਮੌਕੇ ਪ੍ਰਧਾਨ ਅਜਮੇਰ ਸਿੰਘ ਅਤੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਮੇਲੇ ਨੂੰ ਸੰਬੋਧਨ ਕਰਨਗੇ।

ਇਸ ਉਪਰੰਤ ਅਮੋਲਕ ਸਿੰਘ ਦਾ ਲਿਖਿਆ ਸੰਗੀਤ ਨਾਟ ਅਪੇਰਾ ਸਤਪਾਲ ਬੰਗਾ ਪਟਿਆਲਾ ਦੀ ਨਿਰਦੇਸ਼ਨਾ 'ਚ 'ਗ਼ਦਰੀ ਗੁਲਾਬ ਖਿੜਦੇ ਰਹਿਣਗੇ' ਝੰਡੇ ਦਾ ਗੀਤ ਪੇਸ਼ ਕੀਤਾ ਜਾਏਗਾ।30 ਅਕਤੂਬਰ 2 ਵਜੇ ਚਿੱਤਰਕਲਾ ਅਤੇ ਫੋਟੋ ਕਲਾ ਦਾ ਉਦਘਾਟਨ ਅਤੇ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਜਾਏਗਾ।ਸ਼ਾਮ 3 ਵਜੇ ਪ੍ਰਦੇਸ਼ ਤੋਂ ਆਏ ਹੋਏ ਸਾਥੀਆਂ ਨੂੰ ਜੀ ਆਇਆਂ ਕਿਹਾ ਜਾਏਗਾ ਅਤੇ ਉਹਨਾਂ ਦਾ ਸਨਮਾਨ ਜਾਏਗਾ।ਇਸ ਉਪਰੰਤ ਪੁਸਤਕ ਸੱਭਿਆਚਾਰ ਦੀ ਸ਼ਾਮ: ਪਾਬੰਦੀਸ਼ੁਦਾ ਪੁਸਤਕਾਂ ਦੇ ਨਾਂਅ ਹੋਏਗੀ।ਇਸ ਮੌਕੇ ਪ੍ਰੀਤੀ ਸ਼ੈਲੀ, ਵਰਿੰਦਰ ਦੀਵਾਨਾ, ਜਨ ਚੇਤਨਾ ਦਾ ਪ੍ਰਤੀਨਿਧ ਅਤੇ ਮੱਖਣ ਮਾਨ ਵਿਚਾਰ-ਚਰਚਾ ਨੂੰ ਸੰਬੋਧਨ ਕਰਨਗੇ।

31 ਅਕਤੂਬਰ ਕੁਇਜ਼, ਗਾਇਨ, ਭਾਸ਼ਣ ਅਤੇ ਚਿੱਤਰ ਕਲਾ ਮੁਕਾਬਲੇ ਹੋਣਗੇ।ਦੁਪਹਿਰ ਵੇਲੇ ਤਰਕਸ਼ੀਲ ਆਗੂ ਵਿਗਿਆਨ ਦੀ ਜੋਤ ਜਗਦੀ ਰੱਖਣ ਦਾ ਸੁਨੇਹਾ ਦੇਣਗੇ।ਇਸ ਦਿਨ ਹੀ ਦੁਪਹਿਰ ਵੇਲੇ ਹੋਏਗੀ

• ਬਾਕੀ ਸਫਾ 2 'ਤੇ

**ਪਾਠ ਦਾ ਭੋਗ ਅਤੇ ਅੰਤਿਮ ਅਰਦਾਸ**



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ

**ਸ੍ਰ. ਰਾਮ ਸਿੰਘ**

ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਮਿਤੀ 19 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 28 ਅਕਤੂਬਰ 2025, ਦਿਨ ਮੰਗਲਵਾਰ ਦੁਪਹਿਰ 12 ਤੋਂ 1 ਵਜੇ ਤੱਕ ਪਿੰਡ ਟੌਂਗ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਵੇਗੀ।

**ਦੁਖੀ ਹਿਰਦੇ**

ਦਲਬੀਰ ਸਿੰਘ ਟੌਂਗ ਐੱਮ ਐੱਲ ਏ ਹਲਕਾ ਬਾਬਾ ਬਕਾਲਾ ਸਾਹਿਬ (ਪੁੱਤਰ) 98159-87642
ਕ੍ਰਿਸ਼ਨ ਸਿੰਘ (ਪੁੱਤਰ), ਹਰਜਿੰਦਰ ਸਿੰਘ ਸਰਪੰਚ (ਪੁੱਤਰ), ਕੁਲਦੀਪ ਸਿੰਘ (ਪੁੱਤਰ)


ਜਾਰੀ ਕਰਤਾ : ਜਤਿੰਦਰ ਸਿੰਘ ਜੋਤੀ ਸਰਪੰਚ ਦੌਲੋ ਨੰਗਲ, ਚਰਨਜੀਤ ਸਿੰਘ ਚੰਨੀ ਮੈਂਬਰ ਪੰਚਾਇਤ, ਕੁਲਦੀਪ ਸਿੰਘ ਕੀਪਾ, ਰਣਵੀਰ ਸਿੰਘ ਬਾਗੂ ਪ੍ਰਧਾਨ (ਸਾਰੇ ਦੌਲੋ ਨੰਗਲ)

## ਕੁਰੜ 'ਚ ਬਣਨ ਵਾਲੇ ਹੈਲਥ ਵੈੱਲਨੈੱਸ ਸੈਂਟਰ ਲਈ ਥਾਂ ਦੀ ਕੀਤੀ ਨਿਸ਼ਾਨਦੇਹੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਵੱਲੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਸਿਫਾਰਸ਼ ਨਾਲ ਪਿੰਡ ਕੁਰੜ ਵਿਖੇ 35 ਲੱਖ ਰੁਪਏ ਦੀ ਲਾਗਤ ਨਾਲ ਨਵਾਂ ਹੈਲਥ ਐਂਡ ਵੈੱਲਨੈੱਸ ਸੈਂਟਰ ਬਣਾਉਣ ਦੀ ਮਨਜ਼ੂਰੀ ਮਿਲ ਚੁੱਕੀ ਹੈ। ਇਹ ਜਾਣਕਾਰੀ ਚੇਅਰਮੈਨ ਸੁਖਵਿੰਦਰ ਦਾਸ ਬਾਵਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਵੱਲੋਂ ਇਸ ਨਵੇਂ ਹੈਲਥ ਸੈਂਟਰ ਲਈ ਟੈਂਡਰ ਹੋ ਚੁੱਕਿਆ ਹੈ।ਹੁਣ ਪੰਚਾਇਤ ਵੱਲੋਂ ਨਿਸ਼ਾਨਦੇਹੀ ਕਰਕੇ ਜਗ੍ਹਾ ਸੌਂਪਣ ਉਪਰੰਤ ਨਿਰਮਾਣ ਕਾਰਜ ਸ਼ੁਰੂ ਹੋ ਜਾਵੇਗਾ।ਭਗਵੰਤ ਮਾਨ ਸਰਕਾਰ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕਰਵਾ ਰਹੀ ਹੈ।ਸਰਕਾਰ ਦਾ ਮਕਸਦ ਹਰ ਪਿੰਡ ਨੂੰ ਸੁਵਿਧਾਵਾਂ ਨਾਲ ਭਰਪੂਰ ਬਣਾਉਣਾ ਹੈ।ਇਸ ਮੌਕੇ ਜੇ ਈ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਇਹ ਪ੍ਰੋਜੈਕਟ ਪੰਚਾਇਤੀ ਰਾਜ ਵਿਭਾਗ ਰਾਹੀਂ ਲਾਗੂ ਕੀਤਾ ਜਾ ਰਿਹਾ ਹੈ।ਸਰਪੰਚ ਸੁਖਵਿੰਦਰ ਦਾਸ ਨੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਹੈਲਥ ਵੈੱਲਨੈੱਸ ਸੈਂਟਰ ਦੇ ਬਣਨ ਨਾਲ ਪਿੰਡ ਕੁਰੜ ਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋੜਵੰਦ ਲੋਕਾਂ ਨੂੰ ਸਿਹਤ ਸਹੂਲਤਾਂ ਘਰ ਦੇ ਨੇੜੇ ਹੀ ਮਿਲਣ ਨਾਲ ਰਾਹਤ ਮਿਲੇਗੀ।

## ਪਰਾਲੀ ਨੂੰ ਅੱਗ ਨਾ ਲਾਉਣ ਲਈ ਪਿੰਡ ਮਹਿਮਾ 'ਚ ਕਿਸਾਨਾਂ ਨਾਲ ਮੀਟਿੰਗ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਮੁੱਖ ਖੇਤੀਬਾੜੀ ਅਫਸਰ ਬਲਵਿੰਦਰ ਸਿੰਘ ਤੇ ਸਰਕਲ ਇੰਚਾਰਜ ਨਰੇਸ਼ ਕੁਮਾਰ ਸੈਣੀ ਖੇਤੀਬਾੜੀ ਉਪ ਨਿਰੀਖਕ ਵਲੋਂ ਪਿੰਡ ਮਹਿਮਾ ਵਿਖੇ ਕਿਸਾਨ ਵੀਰਾਂ ਨਾਲ ਪਰਾਲੀ ਨੂੰ ਅੱਗ ਨਾ ਲਾਉਣ ਲਈ ਮੀਟਿੰਗ ਕੀਤੀ ਗਈ। ਕਿਸਾਨ ਵੀਰਾਂ ਨੇ ਵਿਸ਼ਵਾਸ ਦਿਵਾਇਆ ਕਿ ਕੋਈ ਵੀ ਕਿਸਾਨ ਵੀਰ ਪਰਾਲੀ ਦੀ ਰਹਿਦ-ਖੂੰਹਦ ਨੂੰ ਅੱਗ ਨਹੀਂ ਲਾਏਗਾ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤੇ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਆਏ ਹੋਏ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਅੱਗ ਲਾਉਣ ਤੋਂ ਤਾਂ ਰੋਕ ਰਹੀ ਹੈ, ਪਰ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਸ਼ਰਤਾਂ ਨੂੰ ਵੀ ਨਾਲ-ਨਾਲ ਪੂਰਾ ਕਰੇ ਅਤੇ ਵੱਡੇ ਤੇ ਛੋਟੇ ਬੇਲਰਾਂ ਰਾਹੀਂ ਕਿਸਾਨਾਂ ਦੀ ਪਰਾਲੀ ਦੀਆਂ ਗੱਠਾਂ ਬੰਨ੍ਹ ਕੇ ਜਲਦੀ ਤੋਂ ਜਲਦੀ ਚੁੱਕਣ ਵਿਚ ਸਹਿਯੋਗ ਕਰਾਉਣ। ਵੇਖਣ ਨੂੰ ਮਿਲਿਆ ਹੈ ਕਿ ਕਈ ਥਾਂਵਾਂ 'ਤੇ ਗੱਠਾਂ ਬੰਨ੍ਹੀਆਂ ਨੂੰ ਕਾਫੀ ਟਾਈਮ ਹੋ ਗਿਆ ਹੈ ਤੇ ਉਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਦਾ ਵੱਤਰ ਵੀ ਖੁਸ਼ਕ ਹੋ ਰਿਹਾ ਹੈ। ਵੱਡੀਆਂ ਗੱਠਾਂ ਹੋਣ ਕਾਰਨ ਕਿਸਾਨ ਉਨ੍ਹਾਂ ਗੱਠਾਂ ਨੂੰ ਨਹੀਂ ਚੁੱਕ ਸਕਦੇ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਲਈ ਖਾਦ ਤੇ ਮੁਫ਼ਤ ਬੀਜ ਦਾ ਪ੍ਰਬੰਧ ਵੀ ਕੀਤਾ ਜਾਵੇ। ਐਗਰੀਕਲਚਰ ਚੀਫ਼ ਬਲਵਿੰਦਰ ਸਿੰਘ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਅਸੀਂ ਤੁਹਾਡੀ ਇਹ ਗੱਲ ਸਰਕਾਰ ਤੱਕ ਪਹੁੰਚਾ ਦੇਵਾਂਗੇ।

## ਪ੍ਰੋ. ਅੱਛਰੂ ਸਿੰਘ ਵੱਲੋਂ ਯੂਥ ਲਾਇਬ੍ਰੇਰੀ ਨੂੰ ਕਿਤਾਬਾਂ ਭੇਟ




**ਮਾਨਸਾ (ਆਤਮਾ ਸਿੰਘ ਪਮਾਰ)**-ਅੰਗਰੇਜ਼ੀ ਦੇ ਸੇਵਾਮੁਕਤ ਪ੍ਰੋਫੈਸਰ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ, ਪ੍ਰੋ. ਅੱਛਰੂ ਸਿੰਘ ਵੱਲੋਂ ਯੂਥ ਲਾਇਬ੍ਰੇਰੀ ਮਾਨਸਾ ਨੂੰ ਕਿਤਾਬਾਂ ਭੇਟ ਕੀਤੀਆਂ ਗਈਆਂ।ਉਨ੍ਹਾਂ ਲਾਇਬ੍ਰੇਰੀ ਵਿੱਚ ਵੱਖ-ਵੱਖ ਪੇਪਰਾਂ ਦੀ ਤਿਆਰੀ ਕਰਨ ਲਈ ਆ ਰਹੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਆਪਣੀ ਜ਼ਿੰਦਗੀ ਤੇ ਅਧਿਆਪਨ ਖੇਤਰ ਨਾਲ ਸਬੰਧਤ ਤਜਰਬੇ ਸਾਂਝੇ ਕਰਦਿਆਂ ਹਰ ਨੌਜਵਾਨ ਨੂੰ ਦ੍ਰਿੜ ਇਰਾਦੇ ਨਾਲ ਆਪਣੇ ਉਦੇਸ਼ ਦੀ ਪੂਰਤੀ ਕਰਨ ਲਈ ਪ੍ਰੇਰਿਆ।ਉਨ੍ਹਾਂ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਕਾਮਨਾ ਕੀਤੀ ਤੇ ਸ਼ੁਭਕਾਮਨਾਵਾਂ ਵੀ ਦਿੱਤੀਆਂ।

## ਸ਼ੈਲਰ ਮਾਲਕ ਦੀਪਕ ਗੁਪਤਾ ਨੇ ਵਿਭਾਗ 'ਤੇ ਲਾਏ ਗੰਭੀਰ ਦੋਸ਼



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼ੈਲਰ ਦੀ ਪ੍ਰਮੁੱਖ ਇਕਾਈ ਗੁਪਤਾ ਇੰਡਸਟਰੀ ਅਤੇ ਗੁਪਤਾ ਗ੍ਰਾਮ ਉਦਯੋਗ ਸਮਤੀ ਦੇ ਪ੍ਰਬੰਧਕ ਦੀਪਕ ਗੁਪਤਾ ਨੇ ਪ੍ਰਸ਼ਾਸਨ ਉੱਪਰ ਗੰਭੀਰ ਦੋਸ਼ ਲਾਉਂਦੇ ਹੋਏ ਕਿਹਾ ਕਿ ਉਨ੍ਹਾਂ ਨਾਲ ਖੁੱਲ੍ਹੇ ਤੌਰ 'ਤੇ ਵਿਤਕਰੇ ਦਾ ਵਿਹਾਰ ਕੀਤਾ ਜਾ ਰਿਹਾ ਹੈ।ਦੀਪਕ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਸ਼ੈਲਰ ਵਿੱਚ 6000 ਬੋਰੀ ਜੀਰੀ ਦਾ ਮਾਲ ਲਾਇਆ ਹੈ, ਜਦਕਿ ਦੂਜੇ ਸ਼ੈਲਰ ਵਿੱਚ ਹੁਣ ਤੱਕ ਇੱਕ ਵੀ ਦਾਣਾ ਜੀਰੀ ਦਾ ਨਹੀਂ ਲਾਇਆ ਗਿਆ।ਉਨ੍ਹਾਂ ਕਿਹਾ ਕਿ ਇਹ ਸਭ ਦੇਖ ਕੇ ਅਜਿਹਾ ਲੱਗਦਾ ਹੈ ਕਿ ਜਾਣ ਬੁੱਝ ਕੇ ਉਨ੍ਹਾਂ ਦੇ ਸ਼ੈਲਰ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।ਉਨ੍ਹ ਕਿਹਾ ਕਿ ਅਸੀਂ ਪਿਛਲੇ ਕਈ ਸਾਲਾਂ ਤੋਂ ਇਸ ਕੰਮ ਨੂੰ ਇਮਾਨਦਾਰੀ ਨਾਲ ਕਰ ਰਹੇ ਹਾਂ, ਪਰ ਇਸ ਵਾਰ ਬਿਨਾਂ ਕਿਸੀ ਕਾਰਨ ਦੇ ਸਾਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਕਈ ਸੈਲਰਾਂ ਵਿੱਚ ਆਸਾਨੀ ਨਾਲ ਮਾਲ ਲਾਇਆ ਜਾ ਰਿਹਾ ਹੈ, ਪਰ ਸਾਡੇ ਸ਼ੈਲਰ ਨੂੰ ਬਿਨਾਂ ਕਾਰਨ ਹੀ ਰੋਕਿਆ ਗਿਆ ਹੈ।ਉਨ੍ਹਾਂ ਕਿਹਾ ਕਿ ਜਦੋਂ ਅਸੀਂ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਹਰ ਵਾਰ ਸਾਨੂੰ ਝੂਠੇ ਭਰੋਸੇ ਹੀ ਮਿਲੇ, ਪਰ ਕੋਈ ਠੋਸ ਕਾਰਵਾਈ ਨਹੀਂ ਹੋਈ। ਦੀਪਕ ਗੁਪਤਾ ਨੇ ਸਰਕਾਰ ਤੋਂ ਪੂਰੀ ਸਪੱਸ਼ਟ ਤੇ ਨਿਰਪੱਖ ਕਾਰਵਾਈ ਦੀ ਮੰਗ ਕਰਦੇ ਹੋਏ ਕਿਹਾ ਕਿ ਜੇ ਜਲਦੀ ਹੱਲ ਨਾ ਹੋਇਆ ਤਾਂ ਉਹ ਉੱਚ ਅਧਿਕਾਰੀਆਂ ਕੋਲ ਆਪਣੀ ਸ਼ਿਕਾਇਤ ਲੈ ਕੇ ਜਾਣਗੇ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪੀੜਤ ਇਲਾਕੇ ਲਈ ਕਣਕ ਦੇ ਬੀਜ ਦਾ ਟਰੱਕ ਰਵਾਨਾ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਨਾਭਾ ਵੱਲੋਂ ਹੜ੍ਹ ਪੀੜਤਾਂ ਲਈ 688 ਏਕੜ ਫਸਲ ਦੀ ਬਿਜਾਈ ਲਈ ਕਣਕ ਦਾ ਪ੍ਰਮਾਣਤ ਬੀਜ, ਜੋ ਤਕਰੀਬਨ 275 ਕੁਇੰਟਲ 20 ਕਿਲੋ ਵਿਧਾਨ ਸਭਾ ਹਲਕਾ ਜੀਰਾ ਲਈ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ 'ਚ ਰਵਾਨਾ ਕੀਤਾ ਗਿਆ।ਅਸੀਂ ਸਮੁੱਚੇ ਹਲਕਾ ਨਾਭਾ ਦੇ ਲੀਡਰ ਅਤੇ ਵਰਕਰ ਸਾਹਿਬਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਸਾਡੇ ਹਿੱਸੇ ਇਹ ਸੇਵਾ ਪਾਈ ਅਤੇ ਨਾਲ ਹੀ ਮੈਂ ਸ਼੍ਰੋਮਣੀ ਅਕਾਲੀ ਦਲ ਹਲਕਾ ਨਾਭਾ ਦਾ ਮੁੱਖ ਸੇਵਾਦਾਰ ਹੋਣ ਦੇ ਨਾਤੇ ਇਕੱਲੇ ਇਕੱਲੇ ਪਿੰਡਾਂ ਦੇ ਲੋਕਾਂ ਦਾ ਮੋਹਤਵਰ ਸੱਜਣਾਂ ਦਾ ਹਲਕਾ ਨਾਭਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਸਮੁੱਚੇ ਸਰਕਲ ਜਥੇਦਾਰ ਸਾਹਿਬਾਨਾਂ ਦਾ ਅਹੁਦੇਦਾਰ ਸਾਹਿਬਾਨਾਂ ਦਾ ਵਰਕਰ ਸਾਹਿਬਾਨਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ ਅਤੇ ਮੇਰਾ ਰੋਮ ਰੋਮ ਤੁਹਾਡਾ ਰਿਣੀ ਰਹੇਗਾ ਤਾਂ ਜੁ ਤੁਸੀਂ ਇੱਕ ਹਮਲਾ ਮਾਰ ਕੇ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਵਡਮੁੱਲਾ ਯੋਗਦਾਨ ਪਾਇਆ ਅਤੇ ਵਾਹਿਗੁਰੂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਸਮੁੱਚੇ ਪੰਜਾਬ ਨੂੰ ਚੜ੍ਹਦੀ ਕਲਾ ਬਖਸ਼ਣ।

## ਰਿਪਦੁਮਨ ਕਾਲਜ ਸਟੇਡੀਅਮ 'ਚ ਨਾਭਾ ਕਬੱਡੀ ਕੱਪ 15 ਤੇ 16 ਨੂੰ

**ਨਾਭਾ (ਵਰਿੰਦਰ ਵਰਮਾ)**-ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ. ਵੱਲੋਂ ਐਨ.ਆਰ.ਆਈ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂਵਾਲਾ ਦੀ ਅਗਵਾਈ ਹੇਠ ਦੋ ਦਿਨਾਂ 7ਵਾਂ ਨਾਭਾ ਕਬੱਡੀ ਕੱਪ 15 ਤੇ 16 ਨਵੰਬਰ ਨੂੰ ਰਿਪੁਦਮਨ ਕਾਲਜ ਸਟੇਡੀਅਮ ਵਿਖੇ ਕਰਾਇਆ ਜਾ ਰਿਹਾ ਹੈ।ਕਲੱਬ ਪ੍ਰਧਾਨ ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਕਬੱਡੀ ਕੱਪ ਦੇ ਪਹਿਲੇ ਦਿਨ 15 ਨਵੰਬਰ ਨੂੰ 45, 55 ਤੇ 65 ਕਿਲੋ ਵਜ਼ਨ ਦੀਆਂ ਟੀਮਾਂ ਵਿਚਕਾਰ ਮੈਚ ਖੇਡੇ ਜਾਣਗੇ ਤੇ 16 ਨਵੰਬਰ ਨੂੰ ਅਖੀਰਲੇ ਦਿਨ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਕਬੱਡੀ 75 ਕਿਲੋ ਦੀਆਂ ਟੀਮਾਂ ਦੇ ਮੈਚ ਖੇਡੇ ਜਾਣਗੇ ਤੇ ਇਸ ਉਪਰੰਤ ਕਬੱਡੀ ਆਲ ਓਪਨ ਦੀਆਂ ਸੱਦੇ ਵਾਲੀਆਂ 8 ਕਲੱਬਾਂ ਦੀਆਂ ਟੀਮਾਂ ਦੇ ਫਸਵੇਂ ਮੁਕਾਬਲੇ ਹੋਣਗੇ, ਜਿਸ ਵਿੱਚ ਜੇਤੂ ਟੀਮ ਨੂੰ 1 ਲੱਖ ਰੁਪਏ ਤੇ ਦੂਜੇ ਸਥਾਨ ਵਾਲੀ ਟੀਮ ਨੂੰ 75 ਹਜ਼ਾਰ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ ਅਤੇ ਬੈਸਟ ਰੇਡਰ ਤੇ ਜਾਫੀ ਦਾ 21000-21000 ਹਜ਼ਾਰ ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ।

## ਟੁੱਟੀਆਂ ਸੜਕਾਂ ਕਾਰਨ ਸਰਕਾਰ ਦੀ ਨਿਕਲੀ ਫ਼ੂਕ, ਕੁੰਭਕਰਨੀ ਨੀਂਦ ਤੋਂ ਜਗਾਉਣਾ ਸਾਡਾ ਮੁੱਖ ਮਕਸਦ : ਵਿਧਾਇਕ ਇਯਾਲੀ

**ਚੌਕੀਮਾਨ (ਇੰਜ ਬਲਬੀਰ ਸਿੰਘ ਮਾਨ)**



ਲੁਧਿਆਣਾ-ਸਿੱਧਵਾਂ ਬੇਟ ਮੇਨ ਸੜਕ, ਜੋ ਕਾਫੀ ਟੁੱਟੀ ਹੋਈ ਸੀ ਅਤੇ ਇਸ ਸੜਕ 'ਤੇ ਆਏ ਦਿਨ ਕੋਈ ਨਾ ਕੋਈ ਸੜਕ ਹਾਦਸਾ ਵਾਪਰਦਾ ਰਹਿੰਦਾ ਸੀ।ਹਲਕੇ ਦੇ ਲੋਕਾਂ ਨੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੂੰ ਫਰਿਆਦ ਕੀਤੀ ਸੀ ਕਿ ਇਸ ਸੜਕ ਦਾ ਪੈਚਵਰਕ ਹੀ ਕਰਾ ਦਿੱਤਾ ਜਾਵੇ, ਜਿਸ 'ਤੇ ਹਲਕਾ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਹਲਕੇ ਦੇ ਲੋਕਾਂ ਦੀ ਸਹੂਲਤ ਲਈ ਮੰਗ ਮੰਨ ਕੇ ਇਸ ਸੜਕ ਦਾ ਪੈਚਵਰਕ ਦਾ ਕੰਮ ਸ਼ੁਰੂ ਕਰਾ ਦਿੱਤਾ ਹੈ।ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਹਲਕਾ ਦਾਖਾ ਮੇਰਾ ਪਰਵਾਰ ਹੈ ਤੇ ਇਸ ਪਰਵਾਰ ਨਾਲ ਮੈਂ ਹਮੇਸ਼ਾ ਦਿਨ-ਰਾਤ ਖੜਾ ਹਾਂ।ਹਲਕੇ ਦੇ ਲੋਕਾਂ ਦੀ ਮੰਗ ਸੀ ਕਿ ਸਿੱਧਵਾਂ ਬੇਟ, ਲੁਧਿਆਣਾ, ਹੰਬੜਾਂ, ਬੀਰਮੀ ਰੋਡ, ਜੋ ਮੇਨ ਸੜਕ ਹੈ, ਜੋ ਕਾਫੀ ਟੁੱਟ ਚੁੱਕੀ ਹੈ, ਇਸ ਸੜਕ ਨੂੰ ਮੇਰੇ ਵੱਲੋਂ ਤਕਰੀਬਨ 6-7 ਸਾਲ ਪਹਿਲਾਂ ਬਣਾਇਆ ਗਿਆ ਸੀ, ਪਰ ਉਸ ਤੋਂ ਬਾਅਦ ਸਰਕਾਰ ਨਵੀਂ ਬਣ ਗਈ। ਇਸ ਸਰਕਾਰ ਨੇ ਵੀ ਕਿਸੇ ਸੜਕ ਦੀ ਸਾਰ ਨਹੀਂ ਲਈ। ਮੇਨ ਸੜਕਾਂ, ਪਿੰਡਾਂ ਦੀਆਂ ਸੜਕਾਂ ਦਾ ਬੁਰਾ ਹਾਲ ਹੈ। ਆਏ ਦਿਨ ਸੜਕਾਂ 'ਚ ਪਏ ਡੂੰਘੇ ਖੱਡਿਆਂ 'ਚ ਕੋਈ ਨਾ ਕੋਈ ਹਾਦਸਾ ਵਾਪਰਦਾ ਰਹਿੰਦਾ ਹੈ ਤੇ ਕਈਆਂ ਦੀ ਇਨ੍ਹਾਂ ਸੜਕਾਂ ਕਰਕੇ ਮੌਤ ਹੋ ਚੁੱਕੀ ਹੈ।

ਸਰਕਾਰ ਨੂੰ ਵਾਰ ਵਾਰ ਬੇਨਤੀਆਂ ਕਰਨ ਦੇ ਬਾਵਜੂਦ ਸੜਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਅਸੀਂ ਲੋਕਾਂ ਦੀ ਮੰਗ ਨੂੰ ਮੰਨ ਕੇ ਆਪਦੇ ਪੱਲਿਓਂ ਪੈਸਾ ਖ਼ਰਚ ਕਰਕੇ ਇਸ ਸੜਕ ਦਾ ਪੈਚਵਰਕ ਕਰਾ ਰਹੇ ਹਾਂ।ਇੱਕ ਤਾਂ ਝੋਨੇ ਦਾ ਸੀਜ਼ਨ ਚੱਲ ਰਿਹਾ ਹੈ ਤੇ ਇਸ ਸੜਕ 'ਤੇ ਆਵਾਜਾਈ ਵੀ ਬਹੁਤ ਹੈ। ਅਸੀਂ ਨਹੀਂ ਚਾਹੁੰਦੇ ਕਿ ਇਹ ਖੂਨੀ ਸੜਕ, ਜੋ ਇਲਾਕੇ 'ਚ ਮਸ਼ਹੂਰ ਸੀ 'ਤੇ ਕਿਸੇ ਦਾ ਜਾਨੀ, ਮਾਲੀ ਨੁਕਸਾਨ ਹੋਵੇ।ਇਸ ਲਈ ਅਸੀਂ ਇਸ ਸੜਕ ਜੋ ਸਿੱਧਵਾਂ ਬੇਟ ਤੋਂ ਬੀਰਮੀ ਤੱਕ ਤਕਰੀਬਨ 12-15 ਕਿਲੋਮੀਟਰ ਬਣਦੀ ਹੈ, ਦਾ ਪੈਚਵਰਕ ਕਰਵਾ ਰਹੇ ਹਾਂ।ਵਿਧਾਇਕ ਇਯਾਲੀ ਨੇ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਸੜਕਾਂ ਦਾ ਬੁਰਾ ਹਾਲ ਹੈ ਇਨ੍ਹਾਂ ਸੜਕਾਂ 'ਤੇ ਹਰ ਰੋਜ਼ ਭਿਆਨਕ ਐਕਸੀਡੈਂਟ ਹੋ ਰਹੇ ਹਨ, ਨੂੰ ਜਲਦੀ ਤੋਂ ਜਲਦੀ ਨਵੇਂ ਸਿਰਿਓਂ ਬਣਾਇਆ ਜਾਵੇ।

## ਕੇਂਦਰੀ ਜੇਲ੍ਹ 'ਚੋਂ 8 ਮੋਬਾਈਲ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ 'ਚ ਬੀਤੇ ਦਿਨ ਜੇਲ੍ਹ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੇ ਚਲਾਏ ਤਲਾਸ਼ੀ ਅਭਿਆਨ ਦੌਰਾਨ ਜੇਲ੍ਹ 'ਚ ਬੰਦ ਹਵਾਲਾਤੀਆਂ ਤੋਂ ਕੁੱਲ 8 ਮੋਬਾਈਲ ਫੋਨ ਬਰਾਮਦ ਕੀਤੇ ਹਨ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 9 ਹਵਾਲਾਤੀਆਂ ਖਿਲਾਫ 52-ਏ ਪਰੀਸਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਫਿਰੋਜ਼ਪੁਰ ਦੇ ਏਐੱਸਆਈ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਪੱਤਰ ਵਿਚ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਜੇਲ੍ਹ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੇ ਬੀਤੇ ਦਿਨ ਜੇਲ੍ਹ ਵਿਚ ਚਲਾਏ ਤਲਾਸ਼ੀ ਅਭਿਆਨ ਦੌਰਾਨ ਜੇਲ੍ਹ ਵਿਚ ਬੰਦ ਹਵਾਲਾਤੀ ਕਰਨਬੀਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਬਾਊਪੁਰ ਅਫਗਾਨਾ, ਸਨਮੁੱਖ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਆਸਲ ਹਾਲ ਪੱਟੀ, ਕਰਨ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਬੱਗਾ, ਗੋਰਾ ਪੁੱਤਰ ਜਿੰਦਰ ਸਿੰਘ ਵਾਸੀ ਲੇਲੀ ਵਾਲਾ, ਰਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਬਾਹਰਵਾਲੀ, ਸਾਗਰ ਪੁੱਤਰ ਪ੍ਰੇਮ ਵਾਸੀ ਕਿਲਚੇ, ਅਜੈ ਪੁੱਤਰ ਗੁਰਮੀਤ ਸਿੰਘ ਵਾਸੀ ਬਸਤੀ ਭਾਈਕੀ ਫਿਰੋਜ਼ਪੁਰ, ਗੁਰਜੰਟ ਸਿੰਘ ਉਰਫ ਜੰਟੀ ਪੁੱਤਰ ਸ਼ਿੰਦਾ ਵਾਸੀ ਬਸਤੀ ਲਾਭ ਸਿੰਘ ਵਾਲੀ ਅਤੇ ਹਵਾਲਾਤੀ ਰਾਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਕੋਹਾਲਾ ਕੋਲੋਂ 8 ਮੋਬਾਈਲ ਫੋਨ ਵੱਖ-ਵੱਖ ਕੰਪਨੀਆਂ ਦੇ ਬਰਾਮਦ ਕੀਤੇ ਹਨ। ਮਾਮਲੇ ਦੀ ਜਾਂਚ ਕਰ ਰਹੇ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਅਗਾਮੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਨਹੀਂ ਹੋਣ ਦੇਵੇਗੀ ਘਰ ਦੀ ਕੁਰਕੀ



**ਦਿੜ੍ਹਬਾ (ਜਸਵੀਰ ਲਾਡੀ)**-ਬਾਬਾ ਪਰਮਾਨੰਦ ਕਲੋਨੀ ਸੁਨਾਮ ਵਿਖੇ ਸਟੇਟ ਬੈਂਕ ਆਫ ਇੰਡੀਆ ਵਲੋਂ 28-10-25 ਨੂੰ ਇਕ ਘਰ ਦੀ ਕੁਰਕੀ ਕਰਨ ਦਾ ਐਲਾਨ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਦੇ ਸੂਬਾ ਆਗੂ ਰਾਮਪਾਲ ਸ਼ਰਮਾ ਸੁਨਾਮ, ਧਰਮਿੰਦਰ ਸਿੰਘ ਭਾਈ ਕੀ ਪਿਸ਼ੌਰ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਘਰ ਦੀ ਕੁਰਕੀ ਨਹੀਂ ਹੋਣ ਦਿਆਂਗੇ।ਪੰਜਾਬ ਸਰਕਾਰ ਦੀ ਤਾਨਾਸ਼ਾਹੀ ਨਹੀਂ ਚੱਲਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸਰਕਾਰ ਦੇ ਨਿਕੰਮੇ ਸਿਸਟਮ ਕਰਕੇ ਕਿਸਾਨ ਮਜ਼ਦੂਰ ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਹੇ ਹਨ।ਦਿਨੋ-ਦਿਨ ਖ਼ੁਦਕੁਸ਼ੀਆਂ ਦੇ ਮਾਮਲੇ ਸਾਹਮਣੇ ਆ ਰਹੇ ਹਨ, ਪ੍ਰੰਤੂ ਸਰਕਾਰਾਂ ਇਨ੍ਹਾਂ ਮਾਮਲਿਆਂ ਨੂੰ ਨਜ਼ਰਅੰਦਾਜ਼ ਕਰਕੇ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਨੂੰ ਘਰਾਂ, ਜ਼ਮੀਨਾਂ, ਦੁਕਾਨਾਂ ਦੀਆਂ ਕੁਰਕੀਆਂ ਦੇ ਨੋਟਿਸ ਕੱਢ ਕੇ ਫਾਹੇ ਲੈਣ ਲਈ ਮਜਬੂਰ ਕਰ ਰਹੀਆਂ ਹਨ, ਪਰ ਕਿਸੇ ਵੀ ਹਾਲਤ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ 28 ਅਕਤੂਬਰ ਨੂੰ ਬੈਂਕ ਵਲੋਂ ਲਿਆਂਦੀ ਘਰ ਦੀ ਕੁਰਕੀ ਨਹੀਂ ਹੋਣ ਦੇਵੇਗੀ।ਪਰਵਾਰ ਨੂੰ ਸੜਕਾਂ 'ਤੇ ਰੁਲਦਾ ਨਹੀਂ ਵੇਖ ਸਕਦੀ।ਜੇਕਰ 28 ਤਰੀਕ ਨੂੰ ਘਰ ਤੇ ਪਰਵਾਰ ਦੇ ਜੀਆਂ ਦਾ ਜਾਨਮਾਲ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰ ਬੈਂਕ ਤੇ ਸਰਕਾਰ ਹੋਵੇਗੀ।

## ਢਾਡੀ ਦੀਵਾਨ ਸਜਾਏ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਦੀਦਾਰ ਸਿੰਘ ਵਾਲਾ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਢਾਡੀ ਦੀਵਾਨ ਸਜਾਏ ਗਏ। ਜਿਸ ਵਿੱਚ ਮੀਰੀ ਪੀਰੀ ਢਾਡੀ ਜੱਥਾ ਗਿਆਨੀ ਪਰਮਜੀਤ ਸਿੰਘ ਪ੍ਰੇਮੀ ਦੇ ਢਾਡੀ ਜੱਥੇ ਨੇ ਹਾਜ਼ਰੀ ਭਰੀ। ਢਾਡੀ ਹਰਭਜਨ ਸਿੰਘ ਭੱਟੀ ਬਿਲਾਸਪੁਰ ਮੋਗਾ, ਭੁਪਿੰਦਰ ਸਿੰਘ ਭੋਡੀਪੁਰਾ, ਸਰੰਗੀ ਮਾਸਟਰ ਰਛਪਾਲ ਸਿੰਘ ਰਣੀਆਂ ਮੋਗਾ ਤੇ ਪ੍ਰਬੰਧਕ ਕਮੇਟੀ ਵੱਲੋਂ ਢਾਡੀ ਜੱਥੇ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਅਮਰਜੀਤ ਸਿੰਘ, ਰੁਪਿੰਦਰ ਸਿੰਘ, ਹਰਚੰਦ ਸਿੰਘ, ਸਰਬਣ ਸਿੰਘ, ਮਹਿੰਦਰ ਸਿੰਘ, ਸਤਿਨਾਮ ਸਿੰਘ, ਦਵਿੰਦਰ ਸਿੰਘ ਤੇ ਗ੍ਰੰਥੀ ਸਿੰਘ ਭਾਈ ਅੰਮ੍ਰਿਤਪਾਲ ਸਿੰਘ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।

## ਸੰਧਵਾਂ ਵੱਲੋਂ ਨਵਾਂ ਬੱਸ ਸਟੈਂਡ ਬਣਾਉਣ ਵਾਸਤੇ ਜਗ੍ਹਾ ਦਾ ਕੀਤਾ ਨਿਰੀਖਣ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਬੀਤੀ ਸ਼ਾਮ ਕੋਟਕਪੂਰਾ ਵਿਖੇ ਬਾਬਾ ਦਿਆਲ ਸਿੰਘ ਚੌਕ ਪਹੁੰਚ ਕੇ ਨਵੇਂ ਬੱਸ ਸਟੈਂਡ ਦੀ ਸਥਾਪਨਾ ਲਈ ਨਿਰਧਾਰਤ ਜਗ੍ਹਾ ਦਾ ਨਰੀਖਣ ਕੀਤਾ।ਇਸ ਮੌਕੇ ਉਨ੍ਹਾ ਨਾਲ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਸਪੀਕਰ ਸੰਧਵਾਂ ਨੇ ਕਿਹਾ ਕਿ ਕੋਟਕਪੂਰਾ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਨਵਾਂ ਬੱਸ ਸਟੈਂਡ ਬਣਾਉਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਹਿਲਾਂ ਹੀ ਨਵੀਂ ਜਗ੍ਹਾ ਦੀ ਚੋਣ ਕਰਨ ਤੇ ਨਵੇਂ ਤਹਿਸੀਲ ਕੰਪਲੈਕਸ ਦੀ ਸਥਾਪਨਾ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਬੱਸ ਸਟੈਂਡ ਸ਼ਹਿਰ ਅੰਦਰ ਹੋਣ ਕਾਰਨ ਟ੍ਰੈਫਿਕ ਦਾ ਦਬਾਅ ਵਧਦਾ ਹੈ, ਜਿਸ ਕਾਰਨ ਨਵੀਂ ਥਾਂ 'ਤੇ ਇਸ ਦੀ ਸਥਾਪਨਾ ਹੋਣ ਨਾਲ ਇਹ ਸਮੱਸਿਆ ਕਾਫੀ ਹੱਦ ਤੱਕ ਹੱਲ ਹੋ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਜਾ ਚੁੱਕੀ ਹੈ ਤੇ ਉਹ ਖੁਦ ਇਸ ਦੀ ਪ੍ਰਗਤੀ ਦਾ ਨਰੀਖਣ ਕਰਨ ਲਈ ਪਹੁੰਚੇ ਹਨ।ਇਸ ਮੌਕੇ ਐੱਸ.ਡੀ.ਐੱਮ. ਕੋਟਕਪੂਰਾ ਸ੍ਰੀ ਸੂਰਜ ਤੇ ਤਹਿਸੀਲਦਾਰ ਕੋਟਕਪੂਰਾ ਰੁਪਿੰਦਰ ਸਿੰਘ ਬੱਲ, ਸਿਮਰਨਜੀਤ ਸਿੰਘ ਐੱਮ ਸੀ ਵੀ ਮੌਜੂਦ ਸਨ।

## 69ਵਾਂ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਗਾਇਆ



**ਜਗਰਾਉਂ (ਅਮਿਤ ਖੰਨਾ)**-ਸਵਰਗਵਾਸੀ ਅਮਿਤ ਅਰੋੜਾ ਤੇ ਸਵਰਗਵਾਸੀ ਜਗਜੀਤ ਸਿੰਘ ਭੰਡਾਰੀ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ ਜਗਰਾਉਂ ਤੇ ਲਾਇਨਜ਼ ਕਲੱਬ ਇੰਟਰਨੈਸ਼ਨਲ 321 ਐੱਫ ਰੀਜਨ ਚਾਰ ਵੱਲੋਂ 69ਵਾਂ ਅੱਖਾਂ ਚਿੱਟੇ ਮੋਤੀਏ ਦਾ ਮੁਫ਼ਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਲੰਮਿਆਂ ਵਾਲਾ ਬਾਗ ਡੀ ਏ ਵੀ ਕਾਲਜ ਜਗਰਾਉਂ ਵਿਖੇ ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਦੀਪਇੰਦਰ ਸਿੰਘ ਭੰਡਾਰੀ ਦੇ ਪਰਵਾਰ ਦੇ ਭਰਪੂਰ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਸਾਬਕਾ ਵਿਧਾਇਕ ਐੱਸ ਆਰ ਕਲੇਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ।

ਇਸ ਮੌਕੇ ਸਾਬਕਾ ਵਿਧਾਇਕ ਐੱਸ ਆਰ ਕਲੇਰ ਸਮੇਤ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲ੍ਹਾ, ਸਾਬਕਾ ਕੌਂਸਲਰ ਅਪਾਰ ਸਿੰਘ ਸਮੇਤ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਭੰਡਾਰੀ ਪਰਵਾਰ ਵੱਲੋਂ ਹਰੇਕ ਸਾਲ ਆਪਣੇ ਪਿਤਾ ਜਗਜੀਤ ਸਿੰਘ ਭੰਡਾਰੀ ਦੀ ਯਾਦ ਵਿੱਚ ਲੋੜਵੰਦਾਂ ਦੀ ਸਹਾਇਤਾ ਲਈ ਲਗਾਏ ਜਾਂਦੇ ਕੈਂਪ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸਵਰਗਵਾਸੀ ਅਮਿਤ ਅਰੋੜਾ ਤੇ ਸਵਰਗਵਾਸੀ ਜਗਜੀਤ ਸਿੰਘ ਭੰਡਾਰੀ ਦੇ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਪਤਵੰਤੇ ਸੱਜਣਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ।ਇਸ ਮੌਕੇ ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਹਰੇਕ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਜਿੱਥੇ ਲੰਮਿਆਂ ਵਾਲਾ ਬਾਗ ਜਗਰਾਓਂ ਵਿਖੇ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਜਾਂਦਾ ਹੈ, ਉੱਥੇ ਹੀ ਸਾਲ ਵਿੱਚ ਇੱਕ ਕੈਂਪ ਸਿੱਧਵਾਂ ਬੇਟ ਤੇ ਇੱਕ ਕੈਂਪ ਮਾਣੂਕੇ ਵਿਖੇ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਵੱਲੋਂ 127 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਦਿਆਂ 54 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਆਉਂਦੇ ਇੱਕ ਦੋ ਦਿਨਾਂ ਵਿੱਚ ਹਸਪਤਾਲ ਵਿੱਚ ਬਿਲਕੁਲ ਮੁਫ਼ਤ ਕੀਤੇ ਜਾਣਗੇ।

## ਪਰਾਲੀ ਪ੍ਰਬੰਧਨ ਦਾ ਜਾਇਜ਼ਾ ਲੈਣ ਪਿੰਡਾਂ 'ਚ ਪੁੱਜੇ ਐੱਸ ਡੀ ਐੱਮ



**ਸੰਗਰੂਰ (ਪ੍ਰਵੀਨ ਸਿੰਘ)**-ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਜਾਗਰੂਕਤਾ ਮੁਹਿੰਮ ਜਾਰੀ ਹੈ।ਇਸ ਲੜੀ ਤਹਿਤ ਉਪ ਮੰਡਲ ਮੈਜਿਸਟ੍ਰੇਟ ਭਵਾਨੀਗੜ੍ਹ ਮਨਜੀਤ ਕੌਰ ਵੱਲੋਂ ਬਲਾਕ ਭਵਾਨੀਗੜ੍ਹ ਦੇ ਪਿੰਡਾਂ ਝਨੇੜੀ, ਬਟੜਿਆਣਾ, ਬਖੋਪੀਰ, ਨਦਾਮਪੁਰ, ਬਾਲਦ ਕਲਾਂ ਅਤੇ ਬਾਲਦ ਖ਼ੁਰਦ ਦਾ ਦੌਰਾ ਕੀਤਾ ਗਿਆ।ਉਨ੍ਹਾਂ ਨਾਲ ਡੀ.ਐਸ.ਪੀ ਭਵਾਨੀਗੜ੍ਹ ਰਾਹੁਲ ਕੌਸ਼ਲ ਤੇ ਏ.ਡੀ.ਓ ਭਵਾਨੀਗੜ੍ਹ ਅਨਮੋਲਦੀਪ ਸਿੰਘ ਵੀ ਮੌਜੂਦ ਸਨ।ਐਸ.ਡੀ.ਐਮ ਮਨਜੀਤ ਕੌਰ ਨੇ ਪਿੰਡਾਂ ਵਿੱਚ ਚੱਲ ਰਹੇ ਪਰਾਲੀ ਪ੍ਰਬੰਧਨ ਦੇ ਕੰਮਾਂ ਦਾ ਜਾਇਜ਼ਾ ਲੈਂਦਿਆਂ ਕਿਸਾਨਾਂ ਨੂੰ ਮਿਲ ਕੇ ਪਰਾਲੀ ਨੂੰ ਅੱਗ ਲੱਗਣ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਕਰਾਇਆ ਅਤੇ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ।ਉਨ੍ਹਾਂ ਪਿੰਡ ਬਖੋਪੀਰ ਦੇ ਕਿਸਾਨ ਮਨਜੀਤ ਸਿੰਘ, ਨਦਾਮਪੁਰ ਦੇ ਕਿਸਾਨ ਰਾਮ ਪ੍ਰਕਾਸ਼ ਅਤੇ ਬਾਲਦ ਕਲਾਂ ਦੇ ਕਿਸਾਨ ਇਕਬਾਲ ਸਿੰਘ ਦੇ ਖੇਤਾਂ ਵਿੱਚ ਪਰਾਲੀ ਦੇ ਪ੍ਰਬੰਧਨ ਲਈ ਚੱਲ ਰਹੀਆਂ ਮਲਚਰ ਤੇ ਪਲਟਾਵੇਂ ਹਲ਼ ਦਾ ਮੌਕੇ ਉੱਤੇ ਜਾ ਕੇ ਜਾਇਜ਼ਾ ਲਿਆ।ਉਨ੍ਹਾਂ ਵੱਲੋਂ ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਇਨ੍ਹਾਂ ਕਿਸਾਨਾਂ ਦੀ ਸ਼ਲਾਘਾ ਕੀਤੀ ਤੇ ਹੋਰਨਾਂ ਕਿਸਾਨਾਂ ਨੂੰ ਵੀ ਇਨ੍ਹਾਂ ਕਿਸਾਨਾਂ ਤੋਂ ਸੇਧ ਲੈਣ ਲਈ ਅਪੀਲ ਕੀਤੀ।ਐਸ.ਡੀ.ਐਮ ਵੱਲੋਂ ਦੱਸਿਆ ਗਿਆ ਕਿ ਕਿਸਾਨਾਂ ਨੂੰ ਜੇਕਰ ਕਿਸੇ ਪ੍ਰਕਾਰ ਦੀ ਮਸ਼ੀਨਰੀ ਦੀ ਲੋੜ ਪੈਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ।ਡੀ.ਐਸ.ਪੀ ਭਵਾਨੀਗੜ੍ਹ ਰਾਹੁਲ ਕੌਂਸਲ ਵੱਲੋਂ ਵੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਵੱਖ ਵੱਖ ਮਸ਼ੀਨਾਂ ਦੀ ਵਰਤੋਂ ਕਰਕੇ ਪਰਾਲੀ ਨੂੰ ਅੱਗ ਲਾਏ ਬਿਨਾਂ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਜੁ ਕਿਸੇ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਤੋਂ ਬਚਿਆ ਸਕੇ।

## ...ਸਫ਼ਾ 1 ਦੇ ਬਾਕੀ

### ਕਲਮਾਂ ਵਾਲਿਆਂ ਦਾ...

'ਕਰਮਯੋਗੀ ਫ਼ੋਟੋ ਕਲਾਕਾਰ ਅਤੇ ਦਰਵੇਸ਼ ਸ਼ਾਇਰ: ਬਾਬਾ ਬਾਜਵਾ' ਪੜ੍ਹਿਆ।ਹਰੀ ਸਿੰਘ ਜਾਚਕ ਨੇ ਹਰਭਜਨ ਸਿੰਘ ਬਾਜਵਾ ਦਾ ਸ਼ੋਭਾ ਪੱਤਰ ਪੜ੍ਹਿਆ। ਹਰਭਜਨ ਸਿੰਘ ਬਾਜਵਾ ਨੂੰ ਮੱਲ ਸਿੰਘ ਰਾਮਪੁਰੀ ਪੁਰਸਕਾਰ ਭੇਟ ਕੀਤਾ ਗਿਆ।ਭਗਵੰਤ ਰਸੂਲਪੁਰੀ ਨੇ 'ਬੇ-ਲਿਹਾਜ਼, ਸਿਰੜ ਤੇ ਪ੍ਰਤੀਬੱਧਤਾ ਦਾ ਨਾਂਅ : ਜਤਿੰਦਰ ਪਨੂੰ' ਪੇਪਰ ਪੜ੍ਹਿਆ। ਡਾ. ਗੁਰਚਰਨ ਕੌਰ ਕੋਚਰ ਨੇ ਜਤਿੰਦਰ ਪਨੂੰ ਦਾ ਸ਼ੋਭਾ ਪੇਪਰ ਪੜ੍ਹਿਆ। ਜਤਿੰਦਰ ਪਨੂੰ ਨੂੰ ਜਗਜੀਤ ਸਿੰਘ ਆਨੰਦ ਪੁਰਸਕਾਰ ਭੇਟ ਕੀਤਾ ਗਿਆ।ਡਾ. ਹੀਰਾ ਸਿੰਘ ਨੇ 'ਡਾ. ਧਰਮ ਸਿੰਘ- ਇਕ ਸਿਰੜੀ ਖੋਜੀ' ਪੇਪਰ ਪੜ੍ਹਿਆ।ਸੁਰਿੰਦਰ ਕੈਲੇ ਨੇ ਡਾ. ਧਰਮ ਸਿੰਘ ਦਾ ਸ਼ੋਭਾ ਪੱਤਰ ਪੜ੍ਹਿਆ। ਡਾ. ਧਰਮ ਸਿੰਘ ਨੂੰ ਕਰਤਾਰ ਸਿੰਘ ਸ਼ਮਸ਼ੇਰ ਪੁਰਸਕਾਰ ਭੇਟ ਕੀਤਾ ਗਿਆ।ਡਾ. ਸੁਰਜੀਤ ਨੇ 'ਚਿੱਤਰਕਾਰ ਸਿਧਾਰਥ-ਜੀਵਨ ਯਾਤਰਾ ਅਤੇ ਕਲਾ ਸੰਚਾਰ' ਪੇਪਰ ਪੜ੍ਹਿਆ।ਕਰਮਜੀਤ ਗਰੇਵਾਲ ਨੇ ਸਿਧਾਰਥ ਦਾ ਸ਼ੋਭਾ ਪੱਤਰ ਪੜ੍ਹਿਆ। ਸਿਧਾਰਥ ਨੂੰ ਅੰਮ੍ਰਿਤਾ ਇਮਰੋਜ਼ ਪੁਰਸਕਾਰ ਭੇਟ ਕੀਤਾ ਗਿਆ।ਡਾ. ਸੋਮਪਾਲ ਹੀਰਾ ਨੇ 'ਆਪਣੀਆਂ ਪਰੰਪਰਾਵਾਂ ਸਿਰਜਣ ਵਾਲਾ ਨਾਟਕਕਾਰ' ਪੇਪਰ ਪੜ੍ਹਿਆ।ਡਾ. ਗੁਰਇਕਬਾਲ ਸਿੰਘ ਨੇ ਡਾ. ਆਤਮਜੀਤ ਦਾ ਸ਼ੋਭਾ ਪੱਤਰ ਪੜ੍ਹਿਆ। ਡਾ. ਆਤਮਜੀਤ ਨੂੰ ਗੁਰਸ਼ਰਨ ਸਿੰਘ ਪੁਰਸਕਾਰ ਭੇਟ ਕੀਤਾ ਗਿਆ।ਡਾ. ਪਰਮਜੀਤ ਸਿੰਘ ਨੇ 'ਡਾ. ਕੰਵਲਜੀਤ ਕੌਰ ਢਿੱਲੋਂ: ਇੱਕ ਬਹੁਪੱਖੀ ਪ੍ਰਤਿਭਾ' ਪੇਪਰ ਪੜ੍ਹਿਆ। ਮਨਦੀਪ ਕੌਰ ਭੰਮਰਾ ਨੇ ਡਾ. ਕੰਵਲਜੀਤ ਢਿੱਲੋਂ ਦਾ ਸ਼ੋਭਾ ਪੱਤਰ ਪੜ੍ਹਿਆ। ਡਾ. ਕੰਵਲਜੀਤ ਢਿੱਲੋਂ ਨੂੰ ਪ੍ਰੋ. ਨਿਰਪਜੀਤ ਕੌਰ ਗਿੱਲ ਪੁਰਸਕਾਰ ਭੇਟ ਕੀਤਾ ਗਿਆ।ਡਾ. ਗੁਰਮੁਖ ਸਿੰਘ ਨੇ ਜਸਬੀਰ ਮੰਡ ਬਾਰੇ ਪੇਪਰ ਪੜ੍ਹਿਆ।ਜਸਵੀਰ ਝੱਜ ਨੇ ਜਸਬੀਰ ਮੰਡ ਦਾ ਸ਼ੋਭਾ ਪੱਤਰ ਪੜ੍ਹਿਆ।ਜਸਬੀਰ ਮੰਡ ਨੂੰ ਅਮੋਲ ਪ੍ਰਤਾਪ ਪੁਰਸਕਾਰ ਭੇਟ ਕੀਤਾ ਗਿਆ।ਡਾ. ਅਰਵਿੰਦਰ ਕੌਰ ਕਾਕੜਾ ਦਾ ਲਿਖਿਆ ਪੇਪਰ ਹਰਵਿੰਦਰ ਸਿੰਘ ਸਿਰਸਾ ਨੇ 'ਨਾਰੀਵਾਦੀ ਚਿੰਤਨ ਤੇ ਸ਼ਾਇਰੀ ਦੀ ਬੇਬਾਕ ਆਵਾਜ਼ : ਨੀਤੂ ਅਰੋੜਾ' ਪੇਪਰ ਪੜ੍ਹਿਆ। ਤ੍ਰੈਲੋਚਨ ਲੋਚੀ ਨੇ ਨੀਤੂ ਅਰੋੜਾ ਦਾ ਸ਼ੋਭਾ ਪੱਤਰ ਪੜ੍ਹਿਆ।ਨੀਤੂ ਅਰੋੜਾ ਨੂੰ ਜਗਜੀਤ ਸਿੰਘ ਲਾਇਲਪੁਰੀ ਪੁਰਸਕਾਰ ਭੇਟ ਕੀਤਾ ਗਿਆ।ਪ੍ਰਭਜੋਤ ਸੋਹੀ ਨੇ 'ਸੱਜਰੀ ਹਵਾ ਦਾ ਝੋਂਕਾ-ਮੀਤ ਅਨਮੋਲ' ਪੇਪਰ ਪੜ੍ਹਿਆ।ਰਾਜਦੀਪ ਤੂਰ ਨੇ ਮੀਤ ਅਨਮੋਲ ਦਾ ਪੇਪਰ ਪੜ੍ਹਿਆ। ਮੀਤ ਅਨਮੋਲ ਨੂੰ ਡਾ. ਮੋਹਨਜੀਤ ਪੁਰਸਕਾਰ ਭੇਟ ਕੀਤਾ ਗਿਆ।ਡਾ. ਜਗਵਿੰਦਰ ਜੋਧਾ ਦਾ ਲਿਖਿਆ ਪੇਪਰ 'ਨਵੀਂ ਪੰਜਾਬੀ ਗ਼ਜ਼ਲ ਦਾ ਵਿਲੱਖਣ ਅਧਿਆਇ : ਤਾਂ ਸੁਪਨੇ ਕੀ ਹੋਣਗੇ' ਬਲਵਿੰਦਰ ਸਿੰਘ ਗਰੇਵਾਲ ਨੇ ਪੜ੍ਹਿਆ।ਵਰਗਿਸ ਸਲਾਮਤ ਨੇ ਰਮਨ ਸੰਧੂ ਦਾ ਸ਼ੋਭਾ ਪੱਤਰ ਪੜ੍ਹਿਆ।ਰਮਨ ਸੰਧੂ ਨੂੰ ਕੁਲਵੰਤ ਜਗਰਾਉਂ ਪੁਰਸਕਾਰ ਭੇਟ ਕੀਤਾ ਗਿਆ।ਡਾ. ਸ਼ਮਸ਼ੇਰ ਮੋਹੀ ਨੇ ਦੇਵ ਰਾਜ ਦਾਦਰ ਬਾਰੇ 'ਲਘੂ ਮਾਨਵ ਦੀ ਦੁਖਾਂਤਕ ਸਥਿਤੀ ਅਤੇ ਉਸ ਦੀ ਮੁਕਤੀ ਦੀ ਗ਼ਜ਼ਲਕਾਰੀ : ਪੌਣ ਪਰਿੰਦੇ ਤੇ ਪਰਵਾਜ਼' ਪੇਪਰ ਪੜ੍ਹਿਆ।ਹਰੀ ਸਿੰਘ ਜਾਚਕ ਨੇ ਦੇਵ ਰਾਜ ਦਾਦਰ ਦਾ ਸ਼ੋਭਾ ਪੱਤਰ ਪੜ੍ਹਿਆ।ਦੇਵ ਰਾਜ ਦਾਦਰ ਨੂੰ ਕੁਲਵੰਤ ਜਗਰਾਉਂ ਪੁਰਸਕਾਰ ਭੇਟ ਕੀਤਾ ਗਿਆ।

ਡਾ. ਸਾਧੂ ਸਿੰਘ ਨੇ ਧੰਨਵਾਦ ਕਰਦੇ ਕਿਹਾ ਕਿ ਜਿਸ ਪੰਜਾਬ ਵਿੱਚ ਬਹੁਤ ਵੱਡਾ ਦੁਖਾਂਤ ਵਾਪਰਿਆ, ਉਸ ਲਈ ਮਸ਼ਹੂਰ ਹੈ, 'ਪੰਜਾਬ ਜਿਉਂਦਾ ਗੁਰਾਂ ਦੇ ਨਾਂਅ ਉੱਤੇ', ਜਿੱਥੇ ਕਤਲੋਗਾਰਤ ਹੋਈ ਹੋਵੇ, ਇਹ ਪੰਜਾਬ ਮੇਰਾ ਕਿਵੇਂ ਹੋ ਸਕਦਾ ਹੈ।ਡਾ. ਧਰਮ ਸਿੰਘ ਨੇ ਕਿਹਾ ਕਿ ਪੰਜਾਬੀ ਵਿਦਵਾਨਾਂ ਵਿੱਚ ਉਲਾਰ ਅਤੇ ਨਿਘਾਰ ਆ ਰਿਹਾ ਹੈ।ਡਾ. ਕੰਵਲਜੀਤ ਕੌਰ ਢਿੱਲੋਂ ਨੇ ਕਿਹਾ ਕਿ ਔਰਤਾਂ ਦੇ ਸਹੀ ਸਨਮਾਨ ਲਈ ਸਾਡਾ ਸਮਾਜ ਅਜੇ ਜਾਗਰੂਕ ਨਹੀਂ ਹੋਇਆ।ਜਤਿੰਦਰ ਪਨੂੰ ਨੇ ਕਿਹਾ ਕਿ ਪੰਜਾਬੀ ਬੋਲੀ, ਪੰਜਾਬੀ ਮਿੱਟੀ ਦਾ ਕਰਜ਼ਾ ਮੋੜਨਾ ਚਾਹੀਦਾ ਹੈ।ਸਨਮਾਨਤ ਸ਼ਖਸੀਅਤਾਂ ਨੇ ਪੰਜਾਬੀ ਸਾਹਿਤ ਅਕਾਦਮੀ ਦਾ ਧੰਨਵਾਦ ਕੀਤਾ।ਡਾ. ਸਰਦਾਰਾ ਸਿੰਘ ਜੌਹਲ ਨੇ ਅਕਾਦਮੀ ਨੂੰ ਇਸ ਸਮਾਗਮ ਦੀ ਵਧਾਈ ਦਿੰਦਿਆਂ ਕਿਹਾ ਕਿ ਰਚਨਾਤਮਿਕ ਪ੍ਰਵਿਰਤੀ ਲਈ ਡਿਗਰੀਆਂ ਦੀ ਲੋੜ ਨਹੀਂ ਹੁੰਦੀ।ਆਉਣ ਵਾਲਾ ਸਮਾਂ ਜਿਸ ਤਰ੍ਹਾਂ ਕੁੜੀਆਂ ਤਰੱਕੀ ਕਰ ਰਹੀਆਂ ਹਨ, ਔਰਤਾਂ ਦਾ ਹੋਵੇਗਾ।ਉਨ੍ਹਾ ਅਕਾਦਮੀ ਨੂੰ ਸਨਮਾਨਾਂ ਸੰਬੰਧੀ ਕੁਝ ਸੁਝਾਅ ਵੀ ਦਿੱਤੇ। ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਸਮੂਹ ਸਨਮਾਨਤ ਹਾਜ਼ਰੀਨ ਅਤੇ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ।ਸੁਰਿੰਦਰ ਚਾਹਿਲ, ਪ੍ਰੋ. ਅਮਰਜੀਤ ਪਰਾਗ, ਪ੍ਰੋ. ਜਗਦੇਵ ਸਿੰਘ, ਸਤਬੀਰ ਰਾਮਪੁਰੀ, ਗੁਰਮੇਜ ਭੱਟੀ, ਬਲਬੀਰ ਸਿੰਘ ਮਾਨ, ਅਮਰਿੰਦਰ ਸੋਹਲ, ਪ੍ਰਭਜੋਤ ਰਾਮਪੁਰ, ਸਵਰਨ ਪੱਲਾ, ਡਾ. ਸੋਮਾ ਸਬਲੋਕ, ਸੰਦੀਪ ਸਮਰਾਲਾ, ਕੇ. ਸਾਧੂ ਸਿੰਘ, ਤਰਲੋਚਨ ਝਾਂਡੇ, ਅਮਰਜੀਤ ਸ਼ੇਰਪੁਰੀ, ਜਤਿੰਦਰ ਹਾਂਸ, ਭਗਵਾਨ ਢਿੱਲੋਂ, ਇੰਦਰਜੀਤ ਪਾਲ ਕੌਰ, ਸੁਰਿੰਦਰ ਗਿੱਲ, ਬਲਵਿੰਦਰ ਸਿੰਘ ਜ਼ੀਰਖ, ਡੀ ਪੀ ਮੌੜ, ਇੰਦਰਜੀਤ ਕੌਰ ਲੋਟੇ, ਅਮਰੀਕ ਤਲਵੰਡੀ ਤੇ ਜਗਪਾਲ ਜੱਗਾ ਆਦਿ ਹਾਜ਼ਰ ਸਨ।

### 'ਆਪ ਦੀ ਸਰਕਾਰ, ਆਪ...

ਬਾਰੇ ਸੋਚਦੇ ਹਨ, ਪੰਜਾਬ ਬਾਰੇ ਨਹੀਂ। ਉਨ੍ਹਾ ਕਿਹਾ-ਹੁਣ ਇਹ ਲੋਕ ਤੁਹਾਡੇ ਨਾਲ ਹੱਥ ਮਿਲਾਉਣ ਆਉਣਗੇ, ਇਸ ਲਈ ਹੱਥ ਮਿਲਾਉਣ ਤੋਂ ਬਾਅਦ ਆਪਣੀਆਂ ਉਂਗਲਾਂ ਗਿਣ ਲਿਓ, ਨਹੀਂ ਤਾਂ ਉਹ ਵੀ ਚੋਰੀ ਹੋ ਜਾਣਗੀਆਂ। ਮਨੀਸ਼ ਸਿਸੋਦੀਆ ਨੇ ਲੋਕਾਂ ਨੂੰ 'ਆਪ' ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ 'ਆਪ ਦਾ ਵਿਧਾਇਕ' ਚੁਣਨ ਨਾਲ ਵਿਕਾਸ ਦੁੱਗਣੀ ਗਤੀ ਨਾਲ ਹੋਵੇਗਾ।ਸੰਧੂ ਨੇ ਵੋਟਰਾਂ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ 11 ਨਵੰਬਰ ਨੂੰ ਉਨ੍ਹਾਂ ਦੇ ਸਮਰਥਨ ਨਾਲ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੀ ਅਗਵਾਈ ਹੇਠ ਤਰਨ ਤਾਰਨ ਦੇ ਵਿਕਾਸ ਦੀ ਗਤੀ ਕਈ ਗੁਣਾ ਵਧੇਗੀ।

### .ਗਦਰੀ ਬਾਬਿਆਂ ਦੇ ਮੇਲੇ...

ਵਿਚਾਰ-ਚਰਚਾ। ਇਸ ਦੇ ਮੁੱਖ ਵਕਤਾ ਹੋਣਗੇ ਪ੍ਰਭਾਤ ਪਟਨਾਇਕ ਅਤੇ ਡਾ. ਸਵਰਾਜਬੀਰ। ਸ਼ਾਮ 4 ਵਜੇ ਕਵੀ ਦਰਬਾਰ ਹੋਏਗਾ, ਜਿਸ ਦੀ ਪ੍ਰਧਾਨਗੀ ਡਾਕਟਰ ਪਾਲ ਕੌਰ ਕਰਨਗੇ ਤੇ ਕਵੀ ਦਰਬਾਰ ਉਪਰੰਤ ਫਿਲਮ ਸ਼ੋਅ ਹੋਏਗਾ ਠੀਕ 6 ਵਜੇ। ਇਸ ਵਿਚ 'ਦਾ ਪ੍ਰੈਜ਼ੈਂਟ' ਅਤੇ 'ਲੋਹਾ ਗਰਮ ਹੈ' ਦੋ ਫਿਲਮਾਂ ਕ੍ਰਮਵਾਰ ਫਲਸਤੀਨ ਅਤੇ ਆਦਿਵਾਸੀ ਖੇਤਰ ਬਾਰੇ ਵਿਖਾਈਆਂ ਜਾਣਗੀਆਂ।ਪਹਿਲੀ ਨਵੰਬਰ ਪੰਜਾਬ ਭਰ ਦੇ ਸਮੂਹ ਦੇਸ਼ ਭਗਤਾਂ ਦੇ ਪਿੰਡਾਂ ਦੀਆਂ ਕਮੇਟੀਆਂ ਦੇ ਪ੍ਰਤੀਨਿਧ ਦੇਸ਼ ਭਗਤ ਯਾਦਗਾਰ ਕਮੇਟੀ ਦੇ ਨਾਲ ਖੜ੍ਹੇ ਹੋ ਕੇ ਇਸ ਮੇਲੇ ਦਾ ਸੋਵੀਨਰ ਲੋਕ ਅਰਪਣ ਕਰਨਗੇ।ਪਹਿਲੀ ਨਵੰਬਰ ਸਾਰਾ ਦਿਨ ਗੀਤ-ਸੰਗੀਤ ਤੇ ਹੋਰ ਕਲਾ ਵੰਨਗੀਆਂ ਤੋਂ ਇਲਾਵਾ ਦੁਪਹਿਰ ਵੇਲੇ 'ਧਰਤ ਵੰਗਾਰੇ ਤਖ਼ਤ ਨੂੰ' ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਦਾ ਨਾਟਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਹੋਏਗਾ।ਪਹਿਲੀ ਨਵੰਬਰ ਦੁਪਹਿਰ ਵੇਲੇ ਯੂਸਫ਼ ਮੁਹੰਮਦ ਤਾਰੀਗਾਮੀ ਅਤੇ ਡਾ. ਨਵਸ਼ਰਨ ਮੁੱਖ ਵਕਤਾ ਹੋਣਗੇ।ਸ਼ਾਮ ਠੀਕ 6:30 ਵਜੇ ਕਮੇਟੀ ਦੇ ਪ੍ਰਧਾਨ ਵੱਲੋਂ ਸੰਬੋਧਨੀ ਸ਼ਬਦ ਉਪਰੰਤ ਠੀਕ 7 ਵਜੇ ਪਹਿਲਾ ਨਾਟਕ ਹੋਏਗਾ 'ਤੂੰ ਚਰਖਾ ਘੂਕਦਾ ਰੱਖ ਜਿੰਦੇ' ਇਹ ਨਾਟਕ ਲੋਕ ਕਲਾ ਮੰਚ ਮਾਨਸਾ ਪ੍ਰੋ. ਅਜਮੇਰ ਸਿੰਘ ਔਲਖ ਦੀ ਸਰਪਰਸਤੀ ਵਾਲੀ ਨਾਟਕ ਮੰਡਲੀ ਵੱਲੋਂ ਉਹਨਾ ਦੀ ਧੀ ਅਜਮੀਤ ਦੀ ਨਿਰਦੇਸ਼ਨਾ 'ਚ ਖੇਡਿਆ ਜਾਏਗਾ। ਇਸ ਉਪਰੰਤ ਸਾਰੀ ਰਾਤ ਹੋਏਗੀ ਨਾਟਕਾਂ ਅਤੇ ਗੀਤਾਂ ਭਰੀ।ਡਾ. ਹਰਜੀਤ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਤ 'ਸਾਂਦਲ ਬਾਰ' ਨਾਟਕ ਹੋਏਗਾ।ਇਸ ਉਪਰੰਤ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਫਾਸ਼ੀਵਾਦ ਬਾਰੇ ਨਾਟਕ ਖੇਡਣਗੇ।ਡਾ. ਸਾਹਿਬ ਸਿੰਘ ਨਾਟਕ ਖੇਡਣਗੇ 'ਤੂੰ ਅਗਲਾ ਵਰਕਾ ਫੋਲ'।ਇਕੱਤਰ ਦੀ ਨਿਰਦੇਸ਼ਨਾ 'ਚ ਗੁਰਸ਼ਰਨ ਭਾਅ ਜੀ ਦਾ ਲਿਖਿਆ 'ਰਾਹਤ' ਨਾਟਕ ਹੋਏਗਾ।ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਫ਼ਲਸਤੀਨ ਬਾਰੇ ਨਾਟਕ ਕਰਨਗੇ।ਜ਼ਿਕਰਯੋਗ ਹੈ ਕਿ ਇਸ ਵਾਰ ਮੇਲੇ ਵਿੱਚ ਲੰਗਰ ਦਾ ਸਾਰਾ ਪ੍ਰਬੰਧ ਆਈ ਡਬਲਿਊ ਏ ਅਤੇ ਸ਼ਹੀਦ ਊਧਮ ਸਿੰਘ ਵੈੱਲਫ਼ੇਅਰ ਟਰੱਸਟ ਬਰਮਿੰਘਮ ਦੇ ਸਾਥੀ ਕਰਨਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਮੀਤ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਇਹ ਉਪਰੋਕਤ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਸਹਿਯੋਗ ਅਤੇ ਮੇਲੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

### ਪੀ ਯੂ ਪ੍ਰਸ਼ਾਸਨ ਨੇ ਦਿੱਲੀ...

ਅਕਾਦਮਿਕ ਆਜ਼ਾਦੀ 'ਤੇ ਹਮਲਾ ਹੈ।ਕੰਗ ਨੇ ਦੱਸਿਆ ਕਿ ਉਨ੍ਹਾ ਇਸ ਸੰਬੰਧੀ ਵਾਈਸ ਚਾਂਸਲਰ ਪ੍ਰੋ. ਰੇਣੂ ਵਿੱਗ ਨੂੰ ਇੱਕ ਚਿੱਠੀ ਲਿਖ ਕੇ ਮੰਗ ਕੀਤੀ ਕਿ ਉਹ ਬਿਨਾਂ ਕਿਸੇ ਸਿਆਸੀ ਦਬਾਅ ਦੇ ਤੁਰੰਤ ਵਿਦਿਆਰਥੀਆਂ ਨੂੰ 'ਹਿੰਦ ਦੀ ਚਾਦਰ' ਦੀ ਲਾਸਾਨੀ ਕੁਰਬਾਨੀ ਨੂੰ ਸਮਰਪਤ ਇਹ ਸੈਮੀਨਾਰ ਕਰਵਾਉਣ ਦੀ ਇਜਾਜ਼ਤ ਦੇਣ। ਉਨ੍ਹਾ ਕਿਹਾ ਕਿ ਸਾਰੀ ਦੁਨੀਆ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਮੰਨਦੀ ਹੈ, ਯੂਨੀਵਰਸਿਟੀ ਨੂੰ ਇਹ ਛੋਟੀ ਸੋਚ ਛੱਡ ਕੇ ਤੁਰੰਤ ਇਜਾਜ਼ਤ ਬਹਾਲ ਕਰਨੀ ਚਾਹੀਦੀ ਹੈ।

## ਆਸਰਾ ਫਾਊਂਡੇਸ਼ਨ ਵੱਲੋਂ 136ਵਾਂ ਅੱਖਾਂ ਦਾ ਮੁਫ਼ਤ ਕੈਂਪ

**ਬਰੇਟਾ (ਰੀਤਵਾਲ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਜਿਉਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 136ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਨੇੜੇ ਬੱਸ ਸਟੈਂਡ ਬਰੇਟਾ (ਮਾਨਸਾ) ਵਿਖੇ ਸੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ ਲਗਾਇਆ ਗਿਆ, ਜਿਸ ਵਿੱਚ 496 ਮਰੀਜ਼ਾਂ ਨੂੰ ਚੈੱਕ ਕਰਕੇ 92 ਮਰੀਜ਼ ਮੁਫ਼ਤ ਲੈਂਜ਼ ਪਾਉਣ ਲਈ ਸਿਲੈਕਟ ਕੀਤੇ ਗਏ। ਟੀਮ ਆਸਰਾ ਦੇ ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ, ਡਾਕਟਰ ਲਾਲ ਸਿੰਘ, ਡਾਕਟਰ ਰਕੇਸ਼ ਕੁਮਾਰ, ਡਾਕਟਰ ਅਵਤਾਰ ਸਿੰਘ, ਡਾਕਟਰ ਕੁਲਜੀਤ ਸਿੰਘ ਵੱਲੋਂ ਆਏ ਹੋਏ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੌਦੀਆ ਸੰਸਥਾਪਕ ਸਾਵਨ ਐਜੂਕੇਸ਼ਨਲ ਟਰੱਸਟ ਚੰਡੀਗੜ੍ਹ ਵੱਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਬਲਵਿੰਦਰ ਸਿੰਘ ਪਟਵਾਰੀ ਬੁਢਲਾਡਾ ਸੀਨੀਅਰ ਅਕਾਲੀ ਆਗੂ, ਸਤਿਗੁਰ ਸਿੰਘ ਸਰਪੰਚ ਜਲਵੇੜਾ, ਇਕਬਾਲ ਸਿੰਘ ਬਖਸ਼ੀ ਵਾਲਾ ਚੜ੍ਹਦੀ ਕਲਾ ਪ੍ਰੋਪਰਟੀ ਐਡਵਾਈਜ਼ਰ, ਰਾਮ ਸਿੰਘ ਸੇਖੋਂ ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ, ਡਾਕਟਰ ਬਲਦੇਵ ਯਸ ਹਸਪਤਾਲ ਬਰੇਟਾ, ਭੀਮ ਸਿੰਘ ਸਰਪੰਚ ਬੱਬਨਪੁਰ ਵੱਲੋਂ ਸਾਰੀ ਹੀ ਟੀਮ ਆਸਰਾ ਤੇ ਸੇਵਾਦਾਰਾਂ ਦਾ ਅੱਖਾਂ ਦੇ ਹਰ ਮਹੀਨੇ ਕੈਂਪ ਲਗਾਉਣ ਲਈ ਧੰਨਵਾਦ ਕੀਤਾ। ਅਗਲਾ ਕੈਂਪ 30 ਨਵੰਬਰ 2025 ਐਤਵਾਰ ਨੂੰ ਇਸੇ ਥਾਂ ਉੱਤੇ ਲਗੇਗਾ।

## 1 ਕਿੱਲੋ 22 ਗ੍ਰਾਮ ਹੈਰੋਇਨ ਸਣੇ ਔਰਤ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 1 ਕਿੱਲੋ 22 ਗ੍ਰਾਮ ਹੈਰੋਇਨ ਸਣੇ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਥਾਣਾ ਸਦਰ ਇਲਾਕੇ ਵਿੱਚ ਮੌਜੂਦ ਸੀ ਤੇ ਇਸ ਦੌਰਾਨ ਸੁਖੇਰਾ ਬੋਦਲਾ ਤੋਂ ਫੁੱਤੂਵਾਲਾ ਨੇੜੇ ਖੱਡੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕ੍ਰਿਸ਼ਨਾ ਰਾਣੀ ਪਤਨੀ ਹਰਮੀਤ ਸਿੰਘ ਵਾਸੀ ਹਜ਼ਾਰਾ ਰਾਮ ਸਿੰਘ ਵਾਲਾ ਹੈਰੋਇਨ ਵੇਚਣ ਦਾ ਧੰਦਾ ਕਰ ਰਹੀ ਹੈ, ਜੇਕਰ ਹੁਣੇ ਰੇਤ ਦੇ ਖੱਡਿਆਂ ਕੋਲ ਛਾਪੇਮਾਰੀ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਕ੍ਰਿਸ਼ਨਾ ਰਾਣੀ ਨੂੰ 1 ਕਿੱਲੋ 22 ਗ੍ਰਾਮ ਹੈਰੋਇਨ ਸਣੇ ਗ੍ਰਿਫ਼ਤਾਰ ਕਰ ਲਿਆ। ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਸ੍ਰੀ ਰਾਮ ਸ਼ਰਣਮ ਆਸ਼ਰਮ ਵੱਲੋਂ ਮੁਫ਼ਤ ਹੋਮਿਓਪੈਥਿਕ ਚੈੱਕਅਪ ਕੈਂਪ

**ਜਲਾਲਾਬਾਦ (ਜੀਤ ਕੁਮਾਰ)**-ਸਥਾਨਕ ਸ੍ਰੀ ਰਾਮ ਸ਼ਰਣਮ ਆਸ਼ਰਮ ਵੱਲੋਂ ਮੁਫ਼ਤ ਹੋਮਿਓਪੈਥਿਕ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਸੈਂਕੜੇ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਕੈਂਪ ਦੀ ਅਗਵਾਈ ਡਾ. ਆਕਾਸ਼ ਵਰਮਾ (ਹੋਮਿਓਪੈਥਿਕ ਮਾਹਰ) ਨੇ ਕੀਤੀ। ਉਨ੍ਹਾਂ ਮਰੀਜ਼ਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ, ਢੁਕਵੀਂ ਡਾਕਟਰੀ ਸਲਾਹ ਦਿੱਤੀ ਅਤੇ ਮੁਫ਼ਤ ਦਵਾਈਆਂ ਵੰਡੀਆਂ। ਡਾ. ਵਰਮਾ ਨੇ ਦੱਸਿਆ ਕਿ ਆਸ਼ਰਮ ਇਸ ਹਫ਼ਤਾਵਾਰੀ ਸੇਵਾ ਕੈਂਪ ਦਾ ਆਯੋਜਨ ਇਹ ਯਕੀਨੀ ਬਣਾਉਣ ਲਈ ਕਰਦਾ ਹੈ ਕਿ ਜਨਤਾ ਆਪਣੇ ਦਰਵਾਜ਼ੇ 'ਤੇ ਸਿਹਤ ਸੰਭਾਲ ਤੱਕ ਪਹੁੰਚ ਕਰ ਸਕੇ ਤੇ ਸਿਹਤ ਜਾਗਰੂਕਤਾ ਵਧਾ ਸਕੇ। ਇਸ ਮੌਕੇ ਆਸ਼ਰਮ ਦੇ ਸਥਾਨਕ ਮੁਖੀ ਅਸ਼ੋਕ ਅਨੇਜਾ, ਅਸ਼ੋਕ ਗਗਨੇਜਾ, ਮਦਨ ਲਾਲ ਅਰੋੜਾ ਤੇ ਸੁਰੇਸ਼ ਗਾਬਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਫਿਰੋਜ਼ਪੁਰ ਦਿਹਾਤੀ ਦੀ 'ਆਪ' ਟੀਮ ਵੱਲੋਂ ਹਲਕਾ ਤਰਨ ਤਾਰਨ 'ਚ ਚੋਣ ਪ੍ਰਚਾਰ



**ਮਮਦੋਟ (ਹਰਪਾਲ ਸਿੰਘ ਸੋਢੀ)**-ਵਿਧਾਨ ਸਭਾ ਹਲਕਾ ਤਰਨਤਾਰਨ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੀ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਟੀਮ ਵੱਲੋਂ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ।ਆਪ ਹਾਈ ਕਮਾਂਡ ਵੱਲੋਂ ਲਗਾਈ ਗਈ ਜ਼ਿੰਮੇਵਾਰੀ ਤਹਿਤ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਪਿੰਡ ਸਰਾਏ ਅਮਾਨਤ ਖਾਂ ਤੇ ਲਹੀਆਂ ਵਿੱਚ ਆਪ ਫਿਰੋਜ਼ਪੁਰ ਦਿਹਾਤੀ ਦੀ ਟੀਮ ਪੂਰੀ ਤਰ੍ਹਾਂ ਨਾਲ ਡਟੀ ਹੋਈ ਹੈ। ਇਸ ਮੌਕੇ ਬੋਲਦਿਆਂ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਤੇ ਬੇਅੰਤ ਸਿੰਘ ਹਕੂਮਤ ਸਿੰਘ ਵਾਲਾ ਚੇਅਰਮੈਨ ਮਾਰਕੀਟ ਕਮੇਟੀ ਫਿਰੋਜ਼ਪੁਰ ਛਾਉਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਉਮੀਦਵਾਰ ਰਿਕਾਰਡ ਤੋੜ ਵੋਟਾਂ ਨਾਲ ਜਿੱਤ ਹਾਸਲ ਕਰੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਜਸਵੰਤ ਸਿੰਘ ਰਿੰਕੂ ਸੋਢੀ ਗੁਰੂ ਹਰਸਹਾਏ, ਕੁਲਦੀਪ ਸਿੰਘ ਸਮਰਾ ਤਾਰੇਵਾਲਾ, ਹਰਪਾਲ ਸਿੰਘ ਸਰਪੰਚ ਲਹੀਆਂ, ਗੁਰਜੀਤ ਸਿੰਘ ਢਿੱਲੋਂ ਸਰਾਏ ਅਮਾਨਤ ਖਾਂ, ਬਚਿੱਤਰ ਸਿੰਘ ਸਾਬਕਾ ਸਰਪੰਚ ਸਰਾਏ ਅਮਾਨਤ ਖਾਂ, ਗੁਰਵੇਲ ਸਿੰਘ ਢਿੱਲੋਂ ਲਹੀਆਂ ਅਤੇ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਹਾਜ਼ਰ ਸਨ।

## ਜਮੂਹਰੀ ਅਧਿਕਾਰ ਸਭਾ ਵੱਲੋਂ ਪੱਤਰਕਾਰ ਮਨਦੀਪ ਨੂੰ ਧਮਕੀ ਦੀ ਕਰੜੇ ਸ਼ਬਦਾਂ 'ਚ ਨਿੰਦਾ

### *ਭਲਕੇ ਜਗਰਾਉਂ 'ਚ ਹੋਵੇਗੀ ਵਿਸ਼ਾਲ ਰੈਲੀ*



**ਮੋਗਾ (ਇਕਬਾਲ ਸਿੰਘ ਖਹਿਰਾ)**-ਜਮੂਹਰੀ ਅਧਿਕਾਰ ਸਭਾ ਇਕਾਈ ਮੋਗਾ ਦੇ ਪ੍ਰਧਾਨ ਸਰਬਜੀਤ ਦੌਧਰ ਤੇ ਸਕੱਤਰ ਦਰਸ਼ਨ ਸਿੰਘ ਤੂਰ ਨੇ ਪਿਛਲੇ ਦਿਨੀ, ਚਿੱਟੇ ਦੇ ਖ਼ਿਲਾਫ਼ ਬੇਖੌਫ ਹੋ ਕੇ ਬੋਲਣ ਵਾਲੇ ਟੀ ਵੀ ਚੈਨਲ ਦੇ ਪੱਤਰਕਾਰ ਮਨਦੀਪ ਨੂੰ ਨਸ਼ੇ ਦੇ ਸੌਦਾਗਰਾਂ ਵੱਲੋਂ ਦਿੱਤੀ ਜਾਨੋਂ ਮਾਰਨ ਦੀ ਧਮਕੀ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਉਨ੍ਹਾਂ ਦੱਸਿਆ ਕਿ ਜਦੋਂ ਪੰਜਾਬ ਦੀ ਜਵਾਨੀ ਚਿੱਟੇ ਨਾਲ ਆਪਣੀਆਂ ਕੀਮਤੀ ਜਾਨਾਂ ਗਵਾ ਰਹੀ ਹੋਵੇ, ਬੁੱਢੇ ਮਾਪਿਆਂ ਦੇ ਪਾਲੇ ਪਲੋਸੇ ਨੌਜਵਾਨਾਂ ਦਾ ਘਾਣ ਹੋ ਰਿਹਾ ਹੋਵੇ ਤਾਂ ਇਨਸਾਫ਼ ਪਸੰਦ ਤਬਕਿਆਂ ਜਥੇਬੰਦੀਆਂ ਤੇ ਪੱਤਰਕਾਰਾਂ ਦਾ ਆਵਾਜ਼ ਬੁਲੰਦ ਕਰਨਾ, ਹਾਕਮ ਜਮਾਤਾਂ ਨਸ਼ੇ ਦੇ ਸੌਦਾਗਰਾਂ ਤੇ ਕੁਰੱਪਟ ਪ੍ਰਸ਼ਾਸਨ ਨੂੰ ਚੁੱਭਦਾ ਹੈ ਤਾਂ ਅਜਿਹੇ ਅਨਸਰ ਹੋਸ਼ੇ ਹਥਿਆਰਾਂ ਤੇ ਉੱਤਰ ਕੇ ਧਮਕੀਆਂ ਦਿੰਦੇ ਤੇ ਹਮਲੇ ਕਰ ਕੇ ਹੱਕ ਸੱਚ ਦੀਆਂ ਆਵਾਜ਼ਾਂ ਨੂੰ ਦਬਾਉਣਾ ਲੋਚਦੇ ਹਨ, ਪਰ ਉਨ੍ਹਾਂ ਦੀਆਂ ਧਮਕੀਆਂ ਲੋਕ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਨਾ ਡਰਾ ਸਕਦੀਆਂ ਹਨ ਤੇ ਨਾ ਹੀ ਜ਼ੁਬਾਨ ਬੰਦ ਕਰਵਾ ਸਕਦੀਆਂ ਹਨ।ਉਨ੍ਹਾਂ ਕਿਹਾ ਕਿ 28 ਅਕਤੂਬਰ ਨੂੰ ਜਗਰਾਉਂ ਵਿਖੇ ਇਨਸਾਫ਼ ਪਸੰਦ ਲੋਕਾਂ, ਜਮੂਹਰੀ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਨਸ਼ੇ ਦੇ ਸੌਦਾਗਰਾਂ ਖ਼ਿਲਾਫ਼ ਵਿਸ਼ਾਲ ਰੈਲੀ ਤੇ ਮਾਰਚ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਦੀ ਪੂਰੀ ਹਮਾਇਤ ਕਰਦਿਆਂ ਧਮਕੀ ਦੇਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਜਾਵੇਗੀ।ਇਸ ਮੌਕੇ ਸੁਖਦੇਵ ਸਿੰਘ, ਪ੍ਰੇਮ ਕੁਮਾਰ, ਚਮਕੌਰ ਸਿੰਘ, ਬਿੱਕਰ ਸਿੰਘ ਚੂਹੜ ਚੱਕ ਸੋਹਣ ਸਿੰਘ, ਮੋਹਣ ਸਿੰਘ ਤੇ ਬਲਕਾਰ ਸਿੰਘ ਤੇ ਹੋਰ ਜਮੂਹਰੀ ਅਧਿਕਾਰ ਸਭਾ ਦੇ ਆਗੂ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫ਼ਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫ਼ਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਕ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪਰਾਲੀ ਦੇ ਮਸਲੇ ਦਾ ਠੋਸ ਹੱਲ ਕੱਢਣ 'ਚ ਕੇਂਦਰ ਤੇ ਸੂਬਾ ਸਰਕਾਰ ਦੋਵੇਂ ਫੇਲ੍ਹ : ਧਾਰੀਵਾਲ

**ਪੱਟੀ (ਬਲਦੇਵ ਸਿੰਘ ਸੰਧੂ)**- ਪਰਾਲੀ ਦੇ ਮਸਲੇ 'ਤੇ ਠੋਸ ਹੱਲ ਨਾ ਕੱਢਣ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਫੇਲ੍ਹ ਸਾਬਤ ਹੋ ਰਹੀ ਹੈ ਇਹ ਗੱਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਗੁਰਭੇਜ ਸਿੰਘ



ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਸਰਵਣ ਸਿੰਘ ਹਰੀਕੇ, ਗੁਰਜੰਟ ਸਿੰਘ ਭੱਗੂਪੁਰ, ਹਰਵਿੰਦਰ ਸਿੰਘ ਆਸਲ, ਰੂਪ ਸਿੰਘ ਸੈਦੋ ਨੇ ਪ੍ਰੈੱਸ ਨੂੰ ਲਿਖ਼ਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਹੀ। ਕਿਸਾਨ ਆਗੂਆਂ ਨੇ ਕਿਹਾ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਤੇ ਪਰਚੇ ਦਰਜ ਕੀਤੇ ਜਾ ਰਹੇ ਹਨ ਪਰ ਸਰਕਾਰ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਤੇ ਕੋਈ ਖਾਸ ਪ੍ਰਬੰਧ ਨਹੀਂ ਕੀਤੇ ਗਏ, ਛੋਟੇ ਕਿਸਾਨਾਂ ਨੂੰ ਪਰਾਲੀ ਦੀਆਂ ਗੱਠਾਂ ਬੰਨ੍ਹਣ ਵਾਲੇ ਬੇਲਰ ਨਹੀਂ ਮਿਲ ਰਹੇ। ਜਿਹੜੇ ਕਿਸਾਨ ਗੱਠਾਂ ਬੰਨ੍ਹ ਚੁੱਕੇ ਹਨ ਉਨ੍ਹਾਂ ਦੀਆਂ ਗੱਠਾਂ ਜ਼ਮੀਨ ਵਿਚੋਂ ਚੁੱਕੀਆਂ ਨਹੀਂ ਜਾ ਰਹੀਆਂ ਜਿਸ ਵਿੱਚ ਕਿਸਾਨਾਂ ਦੀ ਵੱਡੀ ਲੁੱਟ ਹੋ ਰਹੀ ਹੈ। ਝੋਨੇ ਦਾ ਝਾੜ ਘੱਟ ਹੋਣ ਕਰਕੇ ਕਿਸਾਨ ਪਹਿਲਾਂ ਹੀ ਪ੍ਰੇਸ਼ਾਨ ਹੈ, ਦੂਜੇ ਪਾਸੇ ਕਣਕ ਦੀ ਬਿਜਾਈ ਦਿਨੋਂ ਦਿਨ ਲੇਟ ਹੋ ਰਹੀ ਹੈ ਜਿਸ ਕਰਕੇ ਕਿਸਾਨ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਹੈ ਅਤੇ ਜੇਕਰ ਕਿਸਾਨ ਪਰਾਲੀ ਸਾੜਦਾ ਹੈ ਤਾਂ ਉਸ 'ਤੇ ਪਰਚੇ ਦਰਜ ਕੀਤੇ ਜਾ ਰਹੇ ਹਨ। ਪਰਾਲੀ ਸਾੜਨ ਵਾਲੇ ਕਈ ਕਿਸਾਨਾਂ 'ਤੇ ਕੀਤੇ ਪਰਚੇ ਸਾਹਮਣੇ ਆ ਚੁੱਕੇ ਹਨ ਜਿਸ ਕਰਕੇ ਕਿਸਾਨ ਸੁਖਬੀਰ ਸਿੰਘ ਪੱਟੀ, ਨਿਸ਼ਾਨ ਸਿੰਘ ਪੱਟੀ, ਜੁਗਰਾਜ ਸਿੰਘ ਸਭਰਾ, ਹਰਜਿੰਦਰ ਸਿੰਘ ਪੱਟੀ, ਚਾਨਣ ਸਿੰਘ ਬੰਗਾਲਾ ਰਾਏ, ਜਗਨੈਲ ਸਿੰਘ ਠੱਕਰਪੁਰਾ, ਸਤਨਾਮ ਸਿੰਘ ਹਰੀਕੇ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕਿਸਾਨਾਂ ਉੱਤੇ ਕੀਤੇ ਪਰਚੇ ਰੱਦ ਨਾ ਕੀਤੇ ਅਤੇ ਕਿਸਾਨਾਂ ਉੱਤੇ ਪਰਚੇ ਕਰਨ ਦੀ ਨੀਤੀ ਨਾ ਬਦਲੀ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮੀਟਿੰਗ ਸੱਦ ਕੇ ਐੱਸਡੀਐੱਮ ਪੱਟੀ ਦੇ ਦਫ਼ਤਰ ਅੱਗੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਮਜ਼ਦੂਰਾਂ ਵੱਲੋਂ ਇਕੱਠ ਕਰਕੇ ਟਰਾਲਿਆਂ ਵਿੱਚ ਲਿਆ ਕੇ ਪਰਾਲੀ ਦੇ ਢੇਰ ਲਗਾਏ ਜਾਣਗੇ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ। ਕਿਸਾਨ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਕੋਲ ਪਰਾਲੀ ਦੀ ਸਾਂਭ ਸੰਭਾਲ ਲਈ ਠੋਸ ਹੱਲ ਨਹੀਂ ਤਾਂ ਕਿਸਾਨ ਨੂੰ 200 ਰੁਪਏ ਕੁਇੰਟਲ ਬੋਨਸ ਦਿੱਤਾ ਜਾਵੇ ਤਾਂ ਕਿ ਕਿਸਾਨ ਪਰਾਲੀ ਦੀ ਸਾਂਭ-ਸੰਭਾਲ ਕਰ ਸਕਣ।

# ਸਾਫ ਸੁਥਰੇ ਵਾਤਾਵਰਣ ਅਤੇ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਵਿਸ਼ੇ ਸੰਬੰਧੀ ਕਰਵਾਈ ਪ੍ਰਤੀਯੋਗਿਤਾ

**ਪੱਟੀ (ਬਲਦੇਵ ਸਿੰਘ ਸੰਧੂ)**- ਡਿਪਟੀ ਕਮਿਸ਼ਨਰ ਰਾਹੁਲ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਦੀ ਦੇਖ ਰੇਖ ਹੇਠ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਅਤੇ ਡਾ. ਪ੍ਰਮਿੰਦਰ ਕੌਰ ਏ.ਈ.ਓ ਨੇ ਸੂਚਨਾ, ਸਿੱਖਿਆ ਅਤੇ ਸੰਚਾਰ ਪ੍ਰੋਗਰਾਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵਿਖੇ ਵਰਤਮਾਨ ਸਮੇਂ ਦੇ ਭਖਦੇ ਮਸਲੇ ਪਰਾਲੀ ਪ੍ਰਦੂਸ਼ਣ ਦੀ ਸਮੱਸਿਆ ਅਤੇ ਸੁਚੱਜੇ ਸਾਂਭ ਸੰਭਾਲ ਸਬੰਧੀ ਵਿਦਿਆਰਥੀਆਂ ਦੀ ਪ੍ਰਤੀਯੋਗਤਾ ਕਰਾਈ। ਮੁੱਖ ਮਹਿਮਾਨ ਪ੍ਰੀਤਇੰਦਰ ਸਿੰਘ ਸ਼ਾਹ, ਐੱਸਡੀਐੱਮ ਪੱਟੀ ਨੇ ਵਿਦਿਆਰਥੀਆਂ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਾਤਾਵਰਨ ਦੀ ਮਹੱਤਤਾ ਅਤੇ ਇਸਦੀ ਸਾਂਭ ਸੰਭਾਲ ਸਬੰਧੀ ਜਾਗਰੂਕ ਕਰਨਾ ਹੈ।ਉਨ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਕਿ ਅਜਕਲ੍ਹ ਪਰਾਲੀ ਨੂੰ ਸਾੜਨ ਤੇ ਸੈਟੇਲਾਈਟ ਨਾਲ ਨਜ਼ਰਸਾਨੀ ਕੀਤੀ ਜਾਂਦੀ ਹੈ।ਪਰਾਲੀ ਸਾੜਨ ਸਬੰਧੀ ਉਲੰਘਣਾ ਪਾਏ ਜਾਣ ਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਮੁਤਾਬਿਕ ਵਾਤਾਵਰਨ ਜੁਰਮਾਨਾ, ਮਾਲ ਰਿਕਾਰਡ ਵਿੱਚ ਰੈਡ ਐਂਟਰੀ ਦੀ ਵਿਵਸਥਾ ਹੈ।ਇਸ ਸਬੰਧੀ ਸਮੁੱਚੀ ਪ੍ਰਕਿਰਿਆ ਨੂੰ ਨੇਪਰੇ ਚੜ੍ਹਨ ਲਈ ਹਰ ਪਿੰਡ ਵਿੱਚ ਨੋਡਲ ਅਫਸਰ ਅਤੇ ਕਲਸਟਰ ਅਫਸਰ ਬਿਨਾਂ ਨਾਗਾ ਕੰਮ ਕਰ ਰਹੇ ਹਨ।ਉਨ੍ਹਾਂ ਇਲਾਕੇ ਦੇ ਕਿਸਾਨਾਂ ਵੱਲੋਂ ਵੱਡੇ ਪੱਧਰ ਤੇ ਕੀਤੇ ਉਦਮ ਨਾਲ ਸੰਭਾਲੀ ਜਾ ਰਹੀ ਪਰਾਲੀ ਦੀ ਸ਼ਲਾਘਾ ਕਰਦਿਆਂ ਬੱਚਿਆਂ ਨੂੰ ਵੀ ਕਿਹਾ ਕਿ ਉਹ ਵੀ ਆਪਣੇ ਸਾਕ ਸੰਬੰਧੀਆਂ ਨੂੰ ਪਰਾਲੀ ਸਾੜਨ ਦੇ ਹੁੰਦੇ ਨੁਕਸਾਨ ਬਾਰੇ ਜਾਣੂ ਕਰਾਉਣ।ਇਸ ਮੌਕੇ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਦੱਸਿਆ ਕਿ ਖੇਤੀ ਕੁਦਰਤ ਤੇ ਨਿਰਭਰ ਹੈ ਅਤੇ ਜੈਵਿਕ ਵੰਨ-ਸੁਵੰਨਤਾ ਕੁਦਰਤ ਦੇ ਅਜਿਹੇ ਹਿੱਸੇ ਹਨ।ਇਨ੍ਹਾਂ ਦੀ ਹੋਂਦ ਤੋਂ ਬਿਨਾਂ ਖੇਤੀ ਅਸੰਭਵ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਮਨੁੱਖ ਦੀ ਨੀਂਹ ਦਾ ਕੰਮ ਕਰਦਾ ਹੈ।ਉਨ੍ਹਾਂ ਕਿਹਾ ਕਿ ਇਹ ਨੀਂਹ ਮਜ਼ਬੂਤ ਹੋ ਸਕਦੀ ਹੈ ਜੇਕਰ ਵਿਦਿਆਰਥੀ ਆਪਣੀ ਸਕੂਲੀ ਪੜ੍ਹਾਈ ਦੇ ਨਾਲ ਨਾਲ ਆਪਣੇ ਆਲੇ ਦੁਆਲੇ ਦੀਆਂ ਚੰਗੀਆਂ ਮਾੜੀਆਂ ਗੱਲਾਂ ਦੀ ਪਹਿਚਾਣ ਕਰਕੇ ਪ੍ਰਾਪਤ ਗਿਆਨ ਨਾਲ ਸੁਧਾਰ ਕਰਨ ਲਈ ਨਿਰੰਤਰ ਕੋਸ਼ਿਸ਼ ਕਰਨ।ਇਸ ਮੌਕੇ ਪ੍ਰਮਿੰਦਰ ਕੌਰ ਏਈਓ ਨੇ ਕਿਹਾ ਕਿ ਹੈਪੀਸੀਡਰ, ਸੁਪਰ ਸੀਡਰ ਅਤੇ ਸਰਫੇਸ ਸੀਡਰ ਤਕਨੀਕ ਨਾਲ ਪਰਾਲੀ ਵਿੱਚ ਕਣਕ ਦੀ ਸਿੱਧੀ ਬਿਜਾਈ ਕਰਕੇ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾਂ ਪਰਾਲੀ ਪ੍ਰਬੰਧਨ ਲਈ ਉਨਤ ਕਿਸਾਨ ਐਪ ਦੀ ਵਰਤੋਂ ਕਰਨ ਬਾਰੇ ਜਾਗਰੂਕ ਕੀਤਾ।ਇਸ ਮੌਕੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਭਾਸ਼ਣ, ਕਵਿਤਾ, ਨੁੱਕੜ ਨਾਟਕ, ਵਰਕਿੰਗ ਮਾਡਲ ਆਦਿ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ।ਵਧੀਆ ਪੇਸ਼ਕਾਰੀ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਦੌਰਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ, ਹਰਬੰਸ ਸਿੰਘ ਗਿੱਲ ਅਤੇ ਪ੍ਰਿੰਸੀਪਲ ਰਾਜਬੀਰ ਕੌਰ ਨੇ ਮੁੱਖ ਮਹਿਮਾਨ ਅਤੇ ਆਈ ਸਮੁੱਚੀ ਟੀਮ ਦਾ ਧੰਨਵਾਦ ਕੀਤਾ।ਇਸ ਮੌਕੇ ਦਲਬੀਰ ਕੌਰ, ਯਾਦਵਿੰਦਰ ਸਿੰਘ, ਅਭਿਸ਼ੇਕ, ਰਾਜਬੀਰ ਸਿੰਘ, ਰਾਧਿਕਾ, ਸੰਦੀਪ ਕੌਰ, ਪਰਮਿੰਦਰ ਕੌਰ, ਨਿਸ਼ਾਨ ਸਿੰਘ ਖੇਤੀ ਉਪ ਨਿਰੀਖਕ ,ਗੁਰਲਾਲ ਸਿੰਘ ਫੀਲਡ ਵਰਕਰ, ਗੁਰਦੇਵ ਸਿੰਘ ਮਾਣਕਪੁਰਾ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।



# ਸੋਨ ਤਮਗਾ ਜਿੱਤਣ ਵਾਲਾ ਖਿਡਾਰੀ ਬਲਰਾਜ ਸਨਮਾਨਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਵਿਧਾਨ ਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ 26 ਅਕਤੂਬਰ ਨੂੰ ਘਰੌਂਡਾ ਹਲਕਾ ਦੇ ਪਿੰਡ ਕੈਮਲਾ ਵਿੱਚ ਏਸ਼ੀਅਨ ਰੋਇੰਗ ਚੈਂਪੀਅਨਸ਼ਿਪ 2025 ਵਿੱਚ ਸੋਨ ਤਗਮਾ ਜਿੱਤਣ ਵਾਲੇ ਬਲਰਾਜ ਪੰਵਾਰ ਨੂੰ ਸ਼ਾਲ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਨੇ ਕਿਹਾ ਕਿ ਬਲਰਾਜ ਨੇ ਖੇਡ ਜਗਤ ਵਿੱਚ ਦੇਸ਼ ਅਤੇ ਸੂਬੇ ਦਾ ਨਾਂਅ ਰੋਸ਼ਨ ਕੀਤਾ। ਇਸ ਦੇ ਲਈ ਉਨ੍ਹਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ। ਨਾਲ ਹੀ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਮੀਦ ਜਤਾਈ ਕਿ ਭਵਿੱਖ ਵਿੱਚ ਵੀ ਉਹ ਇਸੇ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਨਵੀਆਂ ਬੁਲੰਦੀਆਂ ਨੂੰ ਛੂਹੇ।ਵਰਣਯੋਗ ਹੈ ਕਿ ਬਲਰਾਜ ਪੰਵਾਰ ਜ਼ਿਲ੍ਹਾ ਕਰਨਾਲ ਦੇ ਪਿੰਡ ਕੈਮਲਾ ਦੇ ਰਹਿਣ ਵਾਲੇ ਹਨ। ਉਹ ਪੈਰਿਸ 2024 ਸਮਰ ਓਲੰਪਿਕ ਵਿੱਚ ਹਿੱਸਾ ਲੈਣ ਵਾਲੇ ਭਾਰਤ ਦੇ ਇੱਕ ਮਾਤਰ ਨੌਕਾਯਨ ਖਿਡਾਰੀ ਸਨ ਅਤੇ ਉਨ੍ਹਾਂ ਨੇ ਪੁਰਸ਼ ਸਕਲ ਕੰਪੀਟਿਸ਼ਨ ਵਿੱਚ ਹਿੱਸਾ ਲਿਆ। ਓਲੰਪਿਕ ਵਿੱਚ ਉਨ੍ਹਾਂ ਨੇ ਕੁਲ ਮਿਲਾ ਕੇ 23ਵਾਂ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਨੌਕਾਯਨ 2020 ਵਿੱਚ ਸ਼ੁਰੂ ਕੀਤੀ ਸੀ। ਉਹ ਭਾਰਤੀ ਫੌਜ ਵਿੱਚ ਸੇਵਾ ਕਰਦਾ ਹੈ।

# ਬੁਢਾਪਾ ਪੈਨਸ਼ਨ ਸਕੀਮ ਅਧੀਨ ਹੁਣ ਤੱਕ 2400 ਕਰੋੜ ਦੀ ਰਾਸ਼ੀ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੱਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ ਬੁਢਾਪਾ ਪੈਨਸ਼ਨ ਸਕੀਮ ਤਹਿਤ ਹੁਣ ਤੱਕ 2400.70 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਨੇ ਕਿਹਾ ਕਿ ਇਸ ਸਕੀਮ ਅਧੀਨ 23 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਬਾਕਾਇਦਾ ਲਾਭ ਪਹੁੰਚਾਇਆ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਨੇ ਬੁਢਾਪਾ ਪੈਨਸ਼ਨ ਸਕੀਮ ਲਈ ਚਾਲੂ ਵਿੱਤੀ ਸਾਲ ਦੌਰਾਨ ?4100 ਕਰੋੜ ਦਾ ਬਜਟ ਉਪਬੰਧ ਕੀਤਾ ਹੈ, ਤਾਂ ਜੋ ਹਰ ਬਜ਼ੁਰਗ ਨੂੰ ਸਮੇਂ ਸਿਰ ਉਸਦੀ ਬਣਦੀ ਪੈਨਸ਼ਨ ਮਿਲ ਸਕੇ।ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਨੂੰ ਸੂਬੇ ਦਾ ਮਾਣ ਮੰਨਦੀ ਹੈ। ਇਸ ਲਈ ਉਨ੍ਹਾਂ ਦੇ ਮਾਣ-ਸਨਮਾਨ ਦੀ ਰੱਖਿਆ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ।ਉਨ੍ਹਾਂ ਨੇ ਕਿਹਾ ਕਿ ਮਾਨ ਸਰਕਾਰ ਹਰ ਬਜ਼ੁਰਗ ਦੀ ਇੱਜ਼ਤ ਤੇ ਸਹੂਲਤ ਲਈ ਵਚਨਬੱਧ ਹੈ। ਇਹ ਪੈਨਸ਼ਨ ਸਕੀਮ ਸਿਰਫ਼ ਆਰਥਿਕ ਸਹਾਇਤਾ ਨਹੀਂ, ਸਗੋਂ ਬਜ਼ੁਰਗਾਂ ਪ੍ਰਤੀ ਸਰਕਾਰ ਦੇ ਸਨਮਾਨ ਅਤੇ ਜ਼ਿੰਮੇਵਾਰੀ ਦਾ ਪ੍ਰਤੀਕ ਹੈ।ਉਨ੍ਹਾਂ ਨੇ ਵਿਭਾਗੀ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸਾਡੇ ਬਜ਼ੁਰਗ ਸਾਡਾ ਮਾਣ ਹਨ , ਇਸ ਲਈ ਉਨ੍ਹਾਂ ਦੀ ਪੈਨਸ਼ਨ ਸਮੇਂ ਸਿਰ ਜਾਰੀ ਹੋਵੇ ਅਤੇ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਹਰ ਯੋਗ ਲਾਭਪਾਤਰੀ ਤੱਕ ਸਕੀਮ ਦਾ ਲਾਭ ਯਕੀਨੀ ਤੌਰ 'ਤੇ ਪਹੁੰਚਾਇਆ ਜਾਵੇ।

# ਬਾਜਵਾ ਨੇ ਕਾਂਗਰਸੀ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

**ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ,ਹਰਜਿੰਦਰ ਸਿੰਘ ਸੋਨੀ)**- ਹਲਕੇ ਦੇ ਪਿੰਡ ਠੱਠੀ ਸੋਹਲ ਵਿਖੇ ਆੜ੍ਹਤੀ ਸਤਬੀਰ ਸਿੰਘ ਪੱਟੀ ਦੇ ਗ੍ਰਹਿ ਵਿਖੇ ਕਾਂਗਰਸੀ ਉਮੀਦਵਾਰ ਕਰਨਬੀਰ ਸਿੰਘ ਬੁਰੇ ਦੇ ਹੱਕ ਵਿੱਚ ਕਾਂਗਰਸੀ ਵਰਕਰਾਂ ਦਾ ਭਾਰੀ ਇਕੱਠ ਹੋਇਆ ਜਿਸ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਉਚੇਚੇ ਤੌਰ 'ਤੇ ਪਹੁੰਚੇ।ਇਸ ਸਮੇਂ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਹਾਲਤ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਹੁਤ ਮਾੜੇ ਕਰਕੇ ਪੰਜਾਬ ਜੋ ਕਦੀ ਸਵਰਗ ਹੁੰਦਾ ਸੀ ਅੱਜ ਨਰਕ ਨਾਲੋਂ ਮਾੜਾ ਬਣਾ ਕੇ ਰੱਖ ਦਿੱਤਾ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 2027 ਦੀਆਂ ਹੋ ਰਹੀਆਂ ਚੋਣਾਂ ਵਿੱਚ ਕਾਂਗਰਸ ਦੀ ਸਰਕਾਰ ਬੜੀ ਭਾਰੀ ਬਹੁਮਤ ਨਾਲ ਬਣਨ ਜਾ ਰਹੀ ਹੈ ।ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਣਾ ਕੇ ਇਥੇ ਅਮਨ ਕਾਨੂੰਨ ਦੀ ਸਥਿਤੀ ਸਥਾਪਿਤ ਕੀਤੀ ਜਾਵੇਗੀ। ਇਸ ਲਈ 2027 ਦੀ ਇਲੈਕਸ਼ਨ ਦਾ ਹੁਣ ਤੋਂ ਹੀ ਮੁੱਢ ਬੰਨ੍ਹਦੇ ਹੋਏ ਤਰਨ ਤਾਰਨ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜੋ ।ਇਸ ਸਮੇਂ ਆੜ੍ਹਤੀ ਤਸਬੀਰ ਸਿੰਘ ਠੱਠੀ ਨੇ ਪ੍ਰਤਾਪ ਸਿੰਘ ਬਾਜਵਾ,



ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਕਰਨਬੀਰ ਸਿੰਘ ਬੁਰਜ ਨੂੰ ਸਨਮਾਨਤ ਕਰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਸਮੇਂ ਹਾਜ਼ਰ ਸ਼ਖ਼ਸੀਅਤਾਂ ਵਿੱਚ ਮੁੱਖ ਤੌਰ ਤੇ ਸਾਬਕਾ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਚੇਅਰਮੈਨ ਬਲਵਿੰਦਰ ਸਿੰਘ ਗੱਗੋਬੂਹਾ, ਪੀਪੀਸੀ ਕਮੇਟੀ ਮੈਂਬਰ ਹਰਸ਼ਰਨ ਸਿੰਘ ਮੱਲਾ, ਰਤਨ ਸਿੰਘ ਸੋਹਲ, ਗੁਰਪਾਲ ਸਿੰਘ ਜਗਤਪੁਰਾ, ਨੌਨਿਹਾਲ ਸਿੰਘ ਕਸੇਲ, ਸਾਬਕਾ ਚੇਅਰਮੈਨ ਨਰਿੰਦਰ ਸਿੰਘ ਛਾਪਾ, ਸਾਬਕਾ ਮੇਅਰ, ਰਮਨ ਬਖਸ਼ੀ, ਨਿਸ਼ਾਨ ਸਿੰਘ ਛਿਛਰੇਵਾਲ, ਹਰਜੋਤ ਸਿੰਘ ਛਾਪਾ, ਰਿੰਟੂ ਸੋਹਲ ਜਿਉਣ ਸਿੰਘ, ਨਿਰਵੈਰ ਸਿੰਘ, ਦਲਬੀਰ ਸਿੰਘ, ਗੁਰਦੀਪ ਸਿੰਘ, ਜੋਗਾ ਸਿੰਘ, ਕੁਲਜੀਤ ਸਿੰਘ, ਸੁਖਦੇਵ ਸਿੰਘ, ਸ਼ੈਂਟੀ ਠੱਠੀ ਆਦਿ ਹਾਜ਼ਰ ਸਨ।

# ਤਖਤ ਸ੍ਰੀ ਪਟਨਾ ਸਾਹਿਬ ਤੋਂ ਸ਼ੁਰੂ ਵਿਸ਼ਾਲ ਨਗਰ ਕੀਰਤਨ ਦਾ ਅੰਮ੍ਰਿਤਸਰ ਵਿਖੇ ਹੋਇਆ ਰਾਤ ਦਾ ਠਹਿਰਾਅ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਇਤਿਹਾਸਕ ਵਿਸ਼ਾਲ ਨਗਰ ਕੀਰਤਨ 'ਜਾਗ੍ਰਿਤੀ ਯਾਤਰਾ' ਸ਼ੁੱਕਰਵਾਰ ਨੂੰ ਆਪਣੇ 39ਵੇਂ ਦਿਨ ਅੰਮ੍ਰਿਤਸਰ ਦੇ ਬਾਬਾ ਨੌਧ ਸਿੰਘ ਸਮਾਧ ਵਿਖੇ ਰਾਤ ਦੇ ਠਹਿਰਾਅ ਲਈ ਰੁਕੀ।ਤਖ਼ਤ ਸ਼੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਪ੍ਰਬੰਧਕ ਕਮੇਟੀ (ਟੀਐੱਸਐੱਚਜੇਪੀਪੀਸੀ) ਦੁਆਰਾ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਜਾ ਰਹੀ ਇਸ ਵਿਸ਼ਾਲ ਯਾਤਰਾ ਦਾ ਉਦੇਸ਼ ਦੇਸ਼ ਭਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਵਿਸ਼ਵਾਸ, ਏਕਤਾ ਅਤੇ ਭਾਈਚਾਰੇ ਦੇ ਅਮਰ ਸੰਦੇਸ਼ ਨੂੰ ਫੈਲਾਉਣਾ ਹੈ।ਇਹ ਪਹਿਲ ਗੁਰੂ ਜੀ ਦੇ ਪਵਿੱਤਰ ਜਨਮ ਸਥਾਨ ਪਟਨਾ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਉਜਾਗਰ ਕਰਦੀ ਹੈ। ਪੰਜਾਬ ਵਿੱਚ ਨਗਰ ਕੀਰਤਨ ਦੇ ਕੋਆਰਡੀਨੇਟਰ ਸਰਦਾਰ ਮਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਸ਼ੁੱਕਰਵਾਰ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ ਵਿਖੇ ਰਾਤ ਦੇ ਠਹਿਰਾਅ ਤੋਂ ਬਾਅਦ, ਨਗਰ ਕੀਰਤਨ ਫਿਰੋਜ਼ਪੁਰ ਅਤੇ ਤਰਨਤਾਰਨ ਦੇ ਮੁੱਖ ਗੁਰਦੁਆਰਿਆਂ ਵਿੱਚੋਂ ਦੀ ਲੰਘਿਆ ਅਤੇ ਮੱਥਾ ਟੇਕਿਆ। ਇਹ ਇਤਿਹਾਸਕ ਯਾਤਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਅਵਸ਼ੇਸ਼ਾਂ ਨੂੰ ਬਹੁਤ ਸ਼ਰਧਾ ਨਾਲ ਲੈ ਕੇ ਜਾਂਦੀ ਹੈ।ਹੁਣ ਤੱਕ ਇਹ ਯਾਤਰਾ ਨੌਂ ਰਾਜਾਂ : ਝਾਰਖੰਡ, ਪੱਛਮੀ



ਬੰਗਾਲ, ਓਡੀਸ਼ਾ, ਛੱਤੀਸਗੜ੍ਹ, ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਹੁਣ ਪੰਜਾਬ ਵਿੱਚੋਂ ਲੰਘ ਚੁੱਕੀ ਹੈ।ਇਸ ਸਮੇਂ ਦੌਰਾਨ ਇਹ ਗੁਰੂ ਜੀ ਦੀ ਦਿਆਲਤਾ, ਹਿੰਮਤ ਅਤੇ ਧਾਰਮਿਕ ਸਹਿਣਸ਼ੀਲਤਾ ਦਾ ਸੰਦੇਸ਼ ਲੋਕਾਂ ਨੂੰ ਦੇ ਰਹੀ ਹੈ। ਯਾਤਰਾ 17 ਸਤੰਬਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਤੋਂ ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਦੁਆਰਾ ਪ੍ਰਮੁੱਖ ਸਿੱਖ ਆਗੂਆਂ ਅਤੇ ਬਿਹਾਰ ਸਰਕਾਰ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਝੰਡੀ ਦਿਖਾ ਕੇ ਰਵਾਨਾ ਕੀਤੀ ਗਈ ਸੀ।ਇਹ

# ਜੀਐੱਨਡੀਯੂ ਕਾਲਜ ਪੱਟੀ 'ਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ



**ਪੱਟੀ (ਬਲਦੇਵ ਸਿੰਘ ਸੰਧੂ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਪ੍ਰਿੰਸੀਪਲ ਕਿੰਦਰਜੀਤ ਕੌਰ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਅਤੇ ਇਮਤਿਹਾਨਾਂ ਵਿੱਚ ਚੰਗੇ ਨੰਬਰਾਂ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਭੋਗ ਪਾਏ ਗਏ।ਇਸ ਮੌਕੇ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹਾ ਵਿਸ਼ੇਸ਼ ਤੌਰ ਤੇ ਪਹੁੰਚੇ।ਕਾਲਜ ਮੈਨੇਜਮੈਂਟ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਪਾਠ ਦੇ ਭੋਗ ਉਪਰੰਤ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਅਤੇ ਕਾਲਜ ਦੀ ਚੜ੍ਹਦੀ ਕਲਾ, ਵਿਦਿਆਰਥੀਆਂ ਦੀ ਚੰਗੀ ਪੜ੍ਹਾਈ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਡਾ. ਮਰਵਾਹਾ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਉਪਰ ਚੱਲਣ ਅਤੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ।ਕਾਲਜ ਪ੍ਰਿੰਸੀਪਲ ਮੈਡਮ ਕਿੰਦਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਮਿਹਨਤ ਕਰਨ ਅਤੇ ਚੰਗੇ ਨੰਬਰ ਲੈ ਕੇ ਆਪਣੇ ਮਾਂ ਬਾਪ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਕਾਲਜ ਦੇ ਸਮੂਹ ਵਿਦਿਆਰਥੀਆਂ ਅਤੇ ਸਮੂਹ ਸਟਾਫ ਵੱਲੋਂ ਲੰਗਰ ਵਰਤਾਉਣ ਦੀ ਸੇਵਾ ਨਿਭਾਈ ਗਈ।

# ਪੋਲਟਰੀ ਫਾਰਮ ਦੇ ਮਾਲਕਾਂ ਵੱਲੋਂ ਮਾਰਕੀਟ ਕਮੇਟੀ ਤੇ ਰੂਰਲ ਡਿਵੈਲਪਮੈਂਟ ਫੰਡ ਦੀ ਚੋਰੀ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਚਮਕੌਰ ਸਾਹਿਬ ਦੇ ਇਲਾਕੇ ਵਿੱਚ ਸਥਿਤ ਪੋਲਟਰੀ ਫਾਰਮ ਦੇ ਮਾਲਕਾਂ ਵੱਲੋਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਦੂਜੇ ਸੂਬਿਆਂ ਤੋਂ ਮੱਕੀ, ਜੌਂ ਅਤੇ ਬਾਜਰਾ ਆਦਿ ਮੰਗਵਾਉਣ ਸਮੇਂ ਵੱਡੇ ਪੱਧਰ ਤੇ ਮਾਰਕੀਟ ਕਮੇਟੀ ਅਤੇ ਰੂਰਲ ਡਿਵੈਲਪਮੈਂਟ ਫੰਡ ਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਜ਼ਿਲ੍ਹਾ ਮੰਡੀ ਅਫ਼ਸਰ ਵੱਲੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਤੇ ਸਕੱਤਰ ਦੀ ਹਾਜਰੀ ਵਿੱਚ ਮਾਮਲੇ ਦੀ ਪੜਤਾਲ ਕਰਨ ਉਪਰੰਤ ਪੋਲਟਰੀ ਫਾਰਮ ਦੇ ਮਾਲਕ ਨੂੰ ਸਵਾ ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਕੀਤਾ, ਜਦੋ ਕਿ ਇਨ੍ਹਾਂ ਅਧਿਕਾਰੀਆਂ ਵੱਲੋਂ ਰਾਜਸਥਾਨ ਤੋਂ ਜਿਣਸ ਲੈ ਕੇ ਆਈ ਗੱਡੀ ਨੂੰ ਜ਼ਬਤ ਨਹੀ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਨਜ਼ਦੀਕੀ ਪਿੰਡ ਬਹਿਰਾਮਪੁਰ ਬੇਟ ਵਿਖੇ ਸਥਿਤ ਮਨਜੀਤ ਪੋਲਟਰੀ ਫਾਰਮ ਦੇ ਮਾਲਕਾਂ ਵੱਲੋ ਰਾਜਸਥਾਨ ਤੋਂ ਬਾਜਰਾ ਮੰਗਵਾਇਆ ਗਿਆ ਸੀ, ਜਿਸ ਉਪਰੰਤ ਤਾਲਿਬ ਨਾਮਕ ਡਰਾਈਵਰ ਗੱਡੀ ਨੰਬਰ ਆਰ ਜੇ-11-ਜੀ ਸੀ 4727 ਰਾਂਹੀ ਬਾਜਰਾ ਲੈ ਕੇ ਪੋਲਟਰੀ ਫਾਰਮ ਤੇ ਪੁੱਜਿਆ ਸੀ, ਜਿਸ ਸਬੰਧੀ ਗੁਪਤ ਸੂਚਨਾ ਮਿਲਣ ਤੇ ਜ਼ਿਲ੍ਹਾ ਮੰਡੀ ਅਫਸਰ ਸੁਰਿੰਦਰਪਾਲ ਸਿੰਘ ਵੱਲੋਂ ਰਾਜਸਥਾਨ ਨੰਬਰ ਟਰੱਕ ਦਾ ਪਿੱਛਾ ਕੀਤਾ ਗਿਆ ਅਤੇ ਟਰੱਕ ਰੁਕਣ ਉਪਰੰਤ ਟਰੱਕ ਡਰਾਈਵਰ ਤਾਲਿਬ ਨੇ ਪੁੱਛਣ ਤੇ ਦੱਸਿਆ ਕਿ ਇਸ ਟਰੱਕ ਵਿੱਚ ਰਾਜਸਥਾਨ ਦੀ ਮਾਲਕ ਖੇੜਾ ਮੰਡੀ ਤੋਂ 29 ਟਨ ਬਾਜਰਾ ਆਇਆ ਸੀ, ਜੋ ਉਸ ਵੱਲੋਂ ਮਨਜੀਤ ਪੋਲਟਰੀ ਫਾਰਮ ਬਹਿਰਾਮਪੁਰ ਬੇਟ ਵਿਖੇ ਅਨਲੋਡ ਕੀਤਾ ਗਿਆ ਹੈ । ਇਸ ਸਬੰਧੀ ਟਰੱਕ ਡਰਾਈਵਰ ਤਾਲਿਬ ਨੇ ਮੰਡੀ ਅਧਿਕਾਰੀਆ ਨੂੰ ਮੌਕੇ ਤੇ ਬਾਜਰੇ ਦਾ ਬਕਾਇਦਾ ਬਿੱਲ ਵੀ ਦਿਖਾਇਆ, ਪ੍ਰੰਤੂ ਉਹ ਮਾਰਕੀਟ ਕਮੇਟੀ ਫੀਸ ਤੇ ਰੂਰਲ ਡਿਵੈਲਪਮੈਂਟ ਫੰਡ ਦੀ ਅਦਾਇਗੀ ਸਬੰਧੀ ਕੋਈ ਰਸੀਦ ਆਦਿ ਮੌਕੇ 'ਤੇ ਨਹੀ ਦਿਖਾ ਸਕਿਆ। ਜਿਸ ਉਪਰੰਤ ਜ਼ਿਲ੍ਹਾ ਮੰਡੀ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਆਪਣੇ ਦਫਤਰ ਦੇ ਕਲਰਕ ਨਾਲ ਪੋਲਟਰੀ ਫਾਰਮ ਬਹਿਰਾਮਪੁਰ ਬੇਟ ਦੇ ਪਿੰਡ ਮਹਿਤੋਤ ਸੜਕ ਦੀ ਪੜਤਾਲ ਕੀਤੀ ਗਈ ਤਾਂ ਉੱਥੇ ਦੂਜਿਆਂ ਸੂਬਿਆਂ ਤੋਂ ਪੰਜਾਬ ਵਿੱਚ ਭਾਰੀ ਮਾਤਰਾ ਮੰਗਵਾਇਆ ਗਿਆ ਜੌਂ,ਬਾਜਰਾ ਅਤੇ ਮੱਕੀ ਦਾ ਸਟਾਕ ਪਾਇਆ ਗਿਆ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਮੰਡੀ ਅਫ਼ਸਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਦੂਜਿਆਂ ਸੂਬਿਆਂ ਤੋਂ ਮੰਗਵਾਈ ਗਈ ਜਿਣਸ ਮੱਕੀ, ਜੌਂ , ਬਾਜਰਾ ਤੇ ਮਾਰਕੀਟ ਫੀਸ ਅਤੇ ਰੂਰਲ ਡਿਵੈਲਪਮੈਂਟ ਫੰਡ ਲੈਣਾ ਬਣਦਾ ਹੈ। ਉਨ੍ਹਾਂ




ਦੱਸਿਆ ਕਿ ਮਾਰਕੀਟ ਕਮੇਟੀ ਦੇ ਨੋਟੀਫਾਈਡ ਏਰੀਏ ਵਿੱਚ ਸਥਿਤ ਪੋਲਟਰੀ ਫਾਰਮ ਵਾਲੇ ਬਿਨਾਂ ਕਿਸੇ ਲਾਈਸੈਂਸ ਤੋਂ ਖਰੀਦੋ ਫਰੋਖਤ ਦਾ ਕਾਰੋਬਾਰ ਨਹੀਂ ਕਰ ਸਕਦੇ ।ਇਸ ਤੇ ਕਾਰਵਾਈ ਕਰਦਿਆਂ ਜ਼ਿਲ੍ਹਾ ਮੰਡੀ ਅਫ਼ਸਰ ਸੁਰਿੰਦਰਪਾਲ ਸਿੰਘ ਅਤੇ ਕਲਰਕ ਮਨਜੀਤ ਸਿੰਘ ਵੱਲੋਂ ਮਨਜੀਤ ਪੋਲਟਰੀ ਫਾਰਮ ਨੂੰ ਮਾਰਕੀਟ ਫੀਸ ਦੀ ਵਸੂਲੀ ਲਈ ਨੋਟਿਸ ਜਾਰੀ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵੱਲੋਂ ਫੜਿਆ ਲਗਭਗ 600 ਕੁਇੰਟਲ ਬਾਜਰਾ, ਜਿਸ ਦੀ ਕੀਮਤ 12 ਲੱਖ ਤੋਂ ਉੱਤੇ ਬਣਦੀ ਹੈ, ਜਿਸ ਤੇ ਤਿੰਨ ਪ੍ਰਤੀਸ਼ਤ ਦੇ ਹਿਸਾਬ ਨਾਲ 36 ਹਜ਼ਾਰ ਮਾਰਕੀਟ ਫੀਸ ਅਤੇ 36 ਹਜ਼ਾਰ ਆਰ ਡੀ ਐਫ ਸਮੇਤ 36 ਹਜ਼ਾਰ ਰੁਪਏ ਬਰਾਬਰ ਦਾ ਜੁਰਮਾਨਾ । ਇਸੇ ਤਰ੍ਹਾਂ ਲਗਭਗ 100 ਕੁਇੰਟਲ ਮੱਕੀ ਜਿਸ ਦੀ ਕੀਮਤ ਲਗਭਗ ਦੋ ਲੱਖ ਰੁਪਏ ਬਣਦੀ ਹੈ, ਜਿਸ ਤੋਂ ਮਾਰਕੀਟ ਫੀਸ 6 ਹਜ਼ਾਰ ਆਰਡੀਐਫ 6 ਹਜ਼ਾਰ, ਜੁਰਮਾਨਾ 6 ਹਜ਼ਾਰ ਕੁੱਲ 18 ਹਜ਼ਾਰ ਰੁਪਏ ਬਣਦੀ ਬਣਦੀ ਹੈ। ਜ਼ਿਲ੍ਹਾ ਮੰਡੀ ਅਫ਼ਸਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਕਤ ਪੋਲਟਰੀ ਫਾਰਮ ਤੋਂ ਕੁੱਲ 126000 ਰੁਪਏ ਦੀ ਵਸੂਲੀ ਲਈ ਮਾਰਕੀਟ ਕਮੇਟੀ ਚਮਕੌਰ ਸਾਹਿਬ ਦੇ ਸਕੱਤਰ ਅਰਵਿੰਦ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ । ਮਾਰਕੀਟ ਕਮੇਟੀ ਦੇ ਸਕੱਤਰ ਅਰਵਿੰਦ ਸਿੰਘ ਨੇ ਦੱਸਿਆ ਕਿ ਉਕਤ ਪੋਲਟਰੀ ਫਾਰਮ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਦੋ ਦਿਨਾਂ ਦੇ ਅੰਦਰ ਫੀਸ ਅਤੇ ਜੁਰਮਾਨਾ ਜਮਾ ਕਰਾਉਣ ਲਈ ਕਿਹਾ ਗਿਆ ਹੈ।

# ਬੀ ਕੇ ਯੂ ਏਕਤਾ (ਉਗਰਾਹਾਂ) ਨੇ ਸੈਂਕੜੇ ਟਰੈਕਟਰ ਰਾਵੀ ਪਾਰਲੇ ਪਿੰਡਾਂ 'ਚ ਖੇਤ ਪੱਧਰੇ ਕਰਨ ਲਈ ਭੇਜੇ

**ਪੱਟੀ (ਬਲਦੇਵ ਸਿੰਘ ਸੰਧੂ)**- ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਅਜਨਾਲਾ ਤਹਿਸੀਲ ਦੇ ਦਰਿਆ ਰਾਵੀ ਤੋਂ ਪਾਰ ਦੇ ਪਿੰਡਾਂ ਵਿੱਚ ਜ਼ਮੀਨਾਂ ਪੱਧਰ ਕਰਨ ਦੀ ਮੁਹਿੰਮ ਲਗਾਤਾਰ ਚਲਾਈ ਗਈ।ਇਸੇ ਤਹਿਤ ਸੈਂਕੜੇ ਟਰੈਕਟਰ ਜ਼ਿਲ੍ਹਾ ਸੰਗਰੂਰ ਤੋਂ ਇੱਥੇ ਜ਼ਮੀਨ ਪੱਧਰ ਕਰਨ ਵਾਸਤੇ ਪੁੱਜੇ ਹਨ।ਇਸ ਦੌਰਾਨ ਪਿੰਡ ਦਰੀਆ ਮੂਸਾ ਵਿੱਚ ਕਿਸਾਨ ਜਥੇਬੰਦੀ ਦੇ ਸਥਾਨਕ ਪ੍ਰਧਾਨ ਕਸ਼ਮੀਰ ਸਿੰਘ ਧੰਗਈ, ਬਘੇਲ ਸਿੰਘ, ਜਸਪਾਲ ਸਿੰਘ, ਡਾ. ਪਰਮਿੰਦਰ ਸਿੰਘ ਪੰਡੋਰੀ ਅਤੇ ਜਥੇਦਾਰ ਸੰਤੋਖ ਸਿੰਘ ਪੱਟੀ ਨੇ ਕਿਹਾ ਕਿ ਬੀਕੇਯੂ ਏਕਤਾ ਉਗਰਾਹਾਂ ਵੱਲੋਂ ਪੜਾਅਵਾਰ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ।ਪਹਿਲਾਂ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਨੂੰ ਕਣਕ ਵੰਡੀ ਗਈ ਤੇ ਉਪਰੰਤ ਬਿਸਤਰੇ, ਗਰਮ ਸੂਟ ਅਤੇ ਪਸ਼ੂਆਂ ਦਾ ਚਾਰਾ ਤੂੜੀ ਅਤੇ ਆਚਾਰ ਵੰਡਿਆ ਗਿਆ।ਹੁਣ ਸੈਂਕੜੇ ਟਰੈਕਟਰ ਜ਼ਿਲ੍ਹਾ ਸੰਗਰੂਰ ਤੋਂ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਵਿੱਚ ਇੱਥੇ ਪਹੁੰਚੇ ਹਨ।ਸੂਬਾ ਆਗੂ ਜਗਤਾਰ ਸਿੰਘ ਕਾਲਾਝਾੜ ਨੇ ਕਿਹਾ ਕਿ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਜ਼ਮੀਨ ਗਾਰ ਅਤੇ ਰੇਤ ਭਰ ਗਈ ਹੈ। ਇਸ ਜ਼ਮੀਨ ਨੂੰ ਪੱਧਰ ਕਰਨ ਦਾ ਕੰਮ ਜੰਗੀ ਪੱਧਰ ਤੇ ਜਾਰੀ ਹੈ।ਉਨ੍ਹਾਂ ਕਿਹਾ ਕਿ ਜਦੋਂ ਤਕ ਹੜ੍ਹ ਪੀੜਤ ਲੋਕ ਆਪਣੇ ਪੈਰਾਂ ਸਿਰ ਖੜ੍ਹੇ ਨਹੀਂ ਹੁੰਦੇ, ਮਦਦ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੀ ਬਾਂਹ ਫੜਨ ਵਿੱਚ ਅਸਫਲ ਸਾਬਤ ਹੋਈ ਹੈ।ਉਨ੍ਹਾਂ ਕਿਹਾ ਕਿ 100 ਫ਼ੀਸਦੀ ਖ਼ਰਾਬ ਹੋਈ ਫ਼ਸਲ ਦਾ ਸਿਰਫ਼ ਵੀਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾ ਰਿਹਾ ਜੋ ਬਹੁਤ ਘੱਟ ਹੈ।ਉਨ੍ਹਾਂ ਕਿਹਾ ਕਿ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਅਤੇ ਨੁਕਸਾਨੇ ਘਰਾਂ ਦੀ ਮੁਰੰਮਤ ਕਰਵਾਈ ਜਾਵੇ।ਹੜ੍ਹਾਂ ਨਾਲ ਨੁਕਸਾਨੀਆਂ ਸੜਕਾਂ, ਸਕੂਲ, ਆਂਗਨਵਾੜੀ ਸੈਂਟਰ ਦੀ ਮੁਰੰਮਤ ਕਰਵਾਈ ਜਾਵੇ।ਇਸ ਮੌਕੇ ਮਨਜੀਤ ਸਿੰਘ ਘਰਾਚੋਂ, ਹਰਜੀਤ ਸਿੰਘ, ਮੁਗਲਕੋਟ, ਕੁਲਬੀਰ ਜੇਠੂਵਾਲ, ਪ੍ਰਿਥੀਪਾਲ ਸਿੰਘ ਥੋਬਾ, ਰੁਪਿੰਦਰ ਸਿੰਘ ਮੱਧੂਛਾਂਗਾ, ਪਰਗਟ ਚਾਹੜਪੁਰ, ਬਾਬਾ ਜਗਜੀਵਨ ਸਿੰਘ ਤਲਵੰਡੀ, ਬਾਬਾ ਰਾਜਨ ਸਿੰਘ ਆਦਿ ਹਾਜ਼ਰ ਸਨ।

# ਆਨੰਦ ਕਾਲਜ ਆਫ ਨਰਸਿੰਗ ਜੇਠੂਵਾਲ ਦਾ ਬੀਐੱਸਸੀ ਨਰਸਿੰਗ ਦਾ ਨਤੀਜਾ ਸ਼ਾਨਦਾਰ



**ਮਜੀਠਾ (ਸੋਇਮ ਆਨੰਦ)**- ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਐਂਡ ਸਾਇੰਸ ਵੱਲੋਂ ਐਲਾਨੇ ਬੀਐੱਸਸੀ. ਦੇ ਨਤੀਜਿਆਂ ਵਿੱਚ ਆਨੰਦ ਕਾਲਜ ਆਫ਼ ਨਰਸਿੰਗ, ਜੇਠੂਵਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਬੀਐੱਸਸੀ ਪੰਜਵੇਂ ਸੈਮੇਸਟਰ ਦੀ ਵਿਦਿਆਰਥਣ ਗੁਰਲੀਨ ਕੌਰ ਤੇ ਮਨਦੀਪ ਕੌਰ ਨੇ ਪਹਿਲਾ (8.73), ਪ੍ਰਿਯੰਕਾ ਨੇ ਦੂਜਾ (8.55) ਅਤੇ ਗੁਰਪ੍ਰੀਤ ਕੌਰ ਨੇ ਤੀਜਾ ਸਥਾਨ (8.27) ਹਾਸਲ ਕਰਕੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਵਾਇਸ ਚੇਅਰਮੈਨ ਡਾ. ਜੇ. ਐੱਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਯਾ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਰਚਨਾ ਕੁਮਾਰੀ, ਵਾਇਸ ਪ੍ਰਿੰਸੀਪਲ ਰਮਨਦੀਪ ਕੌਰ ਸੋਹਲ ਅਤੇ ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਨੇ ਸਾਂਝੇ ਤੌਰ ਤੇ ਉਕਤ ਪ੍ਰੀਖਿਆ ਵਿੱਚ ਸ਼ਾਨਦਾਰ ਸਥਾਨ ਹਾਸਲ ਕਰਨ 'ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ।ਇਸ ਮੌਕੇ ਡਾ. ਆਨੰਦ ਨੇ ਵਿਦਿਆਰਥੀਣਾਂ ਦੀ ਹੌਂਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਵਿੱਚ ਸ਼ਾਨਦਾਰ ਉਪਲੱਬਧੀਆਂ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਆਨੰਦ ਕਾਲਜ, ਜਿੱਥੇ ਵਿਦਿਆਰਥੀਣਾਂ ਨੂੰ ਨਰਸਿੰਗ ਅਤੇ ਬੀ.ਐੱਡ. ਲਈ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ ਉਥੇ ਚੰਗੀ ਕਾਰਗੁਜ਼ਾਰੀ ਕਰਨ ਵਾਲੀਆਂ ਵਿਦਿਆਰਥੀਣਾਂ ਨੂੰ ਕਾਲਜ ਵੱਲੋਂ ਵੱਖ-ਵੱਖ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਡਾ. ਆਨੰਦ ਨੇ ਕਿਹਾ ਕਿ ਉਕਤ ਨਤੀਜੇ ਦਾ ਸਹਿਰਾ ਕਾਲਜ ਦੇ ਯੋਗ ਅਤੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ, ਜਿਨ੍ਹਾਂ ਦੁਆਰਾ ਵਿਦਿਆਰਥਣਾਂ ਨੂੰ ਉਚੇਰੀ ਸਿੱਖਿਆ ਲਈ ਸਖਤ ਅਭਿਆਸ ਕਰਵਾਇਆ ਜਾਂਦਾ ਹੈ।ਇਸ ਮੌਕੇ ਮੈਡਮ ਪ੍ਰੋਫੈਸਰ ਮਨਵਿੰਦਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ ਕੌਰ, ਮਨਦੀਪ ਕੌਰ, ਪ੍ਰਿਯੰਕਾ, ਰੁਪਨਦੀਪ, ਹਰਮ, ਅਰਪਨਜੋਤ ਕੌਰ, ਕੋਮਲ ਢਿੱਲੋਂ, ਪੁਨਰ, ਰਮਨਦੀਪ ਕੌਰ, ਰਮਨ ਸੰਧੂ, ਹਰਮਨਜੋਤ ਕੌਰ, ਸਰਨਦੀਪ ਕੌਰ, ਸਿਮਰਨ ਢਿੱਲੋਂ, ਸੁਖਸਰਨ, ਨਿਧੀ, ਰਿੱਪਨਦੀਪ ਕੌਰ, ਸ਼ਵੇਤਾ, ਸੀਮਾ, ਅੰਜਲੀ ਸਮੇਤ ਹੋਰ ਸਟਾਫ਼ ਅਤੇ ਵਿਦਿਆਰਥਣਾਂ ਵੀ ਸ਼ਾਮਲ ਸਨ।

# ਖਾਲਸਾ ਅਕੈਡਮੀ 'ਚ 27ਵੇਂ ਸਾਲਾਨਾ ਖੇਡ ਸਮਾਰੋਹ ਦਾ ਆਯੋਜਨ

## ● ਮੁੱਖ ਮੰਤਰੀ ਮਾਨ ਦੇ ਓ ਐੱਸ ਡੀ ਰਾਜਬੀਰ ਘੁੰਮਣ ਨੇ ਕੀਤੀ ਇਨਾਮਾਂ ਦੀ ਵੰਡ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਖਾਲਸਾ ਅਕੈਡਮੀ ਮਹਿਤਾ ਚੌਂਕ ਵਿਖੇ 27ਵੇਂ ਸਾਲਾਨਾ ਖੇਡ ਸਮਾਰੋਹ ਦਾ ਉਦਘਾਟਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐੱਸਡੀ ਸਰਦਾਰ ਰਾਜਵੀਰ ਸਿੰਘ ਘੁੰਮਣ ਵੱਲੋਂ ਝੰਡਾ ਲਹਿਰਾ ਕੇ ਅਤੇ ਗੁਬਾਰੇ ਛੱਡ ਕੇ ਕੀਤਾ ਗਿਆ। ਖਾਲਸਾ ਅਕੈਡਮੀ ਦੇ ਬੱਚਿਆਂ ਵੱਲੋਂ ਸ਼ਬਦ ਗਾਇਨ ਕਰਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਸਬ ਜੂਨੀਅਰ ਅਤੇ ਜੂਨੀਅਰ ਦੇ ਲੜਕੇ ਅਤੇ ਲੜਕੀਆਂ ਦੇ ਖੇਡ ਮੁਕਾਬਲੇ ਕਰਵਾਏ ਗਏ। ਸਬ ਜੂਨੀਅਰ ਦੇ ਲੜਕੇ ਲੜਕੀਆਂ ਦੇ ਮੁਕਾਬਲੇ ਵਿੱਚ 100 ਮੀਟਰ ਰੇਸ ਫਰੋਗ ਰੇਸ ਆਦਿ ਮੁਕਾਬਲੇ ਕਰਵਾਏ ਗਏ। ਜੂਨੀਅਰ ਲੜਕੇ ਲੜਕੀਆਂ ਦੇ ਮੁਕਾਬਲੇ ਵਿੱਚ 200 ਮੀਟਰ, ਇਸ ਲੌਂਗ ਜੰਪ, ਹਾਈ ਜੰਪ, ਬੈਕ ਰੇਸ ਆਦਿ ਮੁਕਾਬਲਿਆਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੇ ਗੋਲਡ ਮੈਡਲ, ਦੂਸਰਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੇ ਸਿਲਵਰ ਮੈਡਲ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੇ ਬਰੌਂਜ਼ ਮੈਡਲ ਜਿੱਤ ਕੇ ਖੇਡਾਂ ਦੀ ਸ਼ਾਨ ਵਧਾਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ/ਡਾਇਰੈਕਟਰ ਡਾਕਟਰ ਜਤਿੰਦਰ ਸ਼ਰਮਾ ਨੇ ਖੇਡਾਂ ਦੇ ਨਾਲ ਨਾਲ ਅਨੁਸ਼ਾਸਨ ਵਿੱਚ ਰਹਿਣ ਲਈ ਵੀ ਪ੍ਰੇਰਿਤ ਕੀਤਾ।ਇਸ ਮੌਕੇ ਰਾਜਵੀਰ ਸਿੰਘ ਘੁੰਮਣ ਓਐੱਸਡੀ ਮੁੱਖ ਮੰਤਰੀ ਪੰਜਾਬ, ਜਤਿੰਦਰ ਸਿੰਘ ਭੰਗੂ ਚੀਫ ਇੰਜੀਨੀਅਰ ਪੰਜਾਬ ਮੰਡੀ ਬੋਰਡ, ਤਜਿੰਦਰ ਸਿੰਘ ਵੜੈਚ, ਡਾ. ਨਰਪਿੰਦਰ ਸਿੰਘ ਵਾਈਸ ਚਾਂਸਲਰ ਗਰਾਫਿਕ ਇਰਾ ਯੂਨੀਵਰਸਿਟੀ ਦੇਹਰਾਦੂਨ, ਗਿਆਨੀ ਸਾਹਿਬ ਸਿੰਘ ਦਮਦਮੀ ਟਕਸਾਲ, ਪ੍ਰਿੰਸੀਪਲ/ਡਾਇਰੈਕਟਰ ਡਾਕਟਰ ਜਤਿੰਦਰ ਸ਼ਰਮਾ, ਹਰਸ਼ਦੀਪ ਸਿੰਘ ਮੈਂਬਰ ਚੀਫ ਖਾਲਸਾ ਦੀਵਾਨ, ਵਤਾਰ ਸਿੰਘ ਬੁਟਰ ਮੈਂਬਰ ਚੀਫ ਖਾਲਸਾ ਦੀਵਾਨ, ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ, ਹਸਪਤਾਲ ਇੰਚਾਰਜ ਮੈਡਮ ਪਰਵੀਨ ਕੌਰ, ਖਾਲਸਾ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮੈਡਮ ਹਰਜੀਤ ਕੌਰ, ਅਥਲੈਟਿਕ ਕੋਚ ਸਚਿਨ ਕੁਮਾਰ, ਦਮਨਪ੍ਰੀਤ ਸਿੰਘ, ਹਾਕੀ ਕੋਚ ਬਲਜਿੰਦਰ ਸਿੰਘ ਰੰਧਾਵਾ, ਮਨਮੀਤ ਸਿੰਘ, ਮੈਡਮ ਹਰਜੀਤ ਕੌਰ, ਮੈਡਮ ਬਲਜਿੰਦਰ ਕੌਰ ਅਤੇ ਸਮੂਹ ਅਧਿਆਪਕਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਜੇਤੂਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ।



# ਰਮਦਾਸ ਤੋਂ ਚੱਲੇ ਨਗਰ ਕੀਰਤਨ ਦਾ ਹਰੀਆਂ ਵਿਖੇ ਪੁੱਜਣ 'ਤੇ ਸ਼ਾਨਦਾਰ ਸਵਾਗਤ



**ਮਜੀਠਾ (ਸੋਇਮ ਆਨੰਦ)**- ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਪਵਿੱਤਰ ਜਨਮ ਦਿਹਾੜੇ ਸਬੰਧੀ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਗੁਰਦੁਆਰਾ ਤਪ ਅਸਥਾਨ ਰਮਦਾਸ ਤੋਂ ਸਜਾਇਆ ਆਲੌਕਿਕ ਨਗਰ ਕੀਰਤਨ ਜਿਹੜਾ ਕਿ ਫਤੇਹਗੜ੍ਹ ਚੂੜੀਆਂ, ਭਾਲੋਵਾਲੀ, ਵਡਾਲਾ, ਭੋਮਾ, ਹਮਜਾ, ਮਜੀਠਾ, ਡੱਡੀਆਂ, ਹਰੀਆਂ, ਕਲੇਰ, ਹਰੀਆਂ, ਅਜਾਇਬਵਾਲੀ ਤੋਂ ਹੁੰਦਾ ਹੋਇਆ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਵਿਖੇ ਪਹੁੰਚਿਆ ਜਿਸ ਦਾ ਦੇਰ ਸ਼ਾਮ ਡੱਡੀਆਂ, ਹਰੀਆਂ ਤੇ ਕਲੇਰ ਵਿਖੇ ਪੁੱਜਣ 'ਤੇ ਤਿੰਨਾਂ ਪਿੰਡਾਂ ਦੀਆਂ ਸੰਗਤਾਂ ਵੱਲੋਂ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਜਿੱਥੇ ਹਰੀਆਂ ਦੀਆਂ ਸੰਗਤਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ ।ਨਗਰ ਕੀਰਤਨ ਦਾ ਸਵਾਗਤ ਕਰਨ ਵਾਲਿਆਂ ਵਿਚ ਹਰੀਆਂ, ਡੱਡੀਆਂ ਅਤੇ ਕਲੇਰਾਂ ਦੀਆਂ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਸਨ।

# ਬੇਰਿੰਗ ਕਾਲਜ ਦੇ ਟੀਚਿੰਗ ਸਟਾਫ਼ ਨੇ ਡਾ. ਅਸ਼ਵਨੀ ਕਾਂਸਰਾ ਨੂੰ ਦਿੱਤੀ ਨਿੱਘੀ ਵਿਦਾਇਗੀ ਪਾਰਟੀ

**ਬਟਾਲਾ (ਤਰਲੋਕ ਬੱਗਾ)**- ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਵਿਖੇ ਕਾਰਜਕਾਰੀ ਪ੍ਰਿੰ. ਪ੍ਰੋਫੈਸਰ ਨਰਿੰਦਰ ਸਿੰਘ ਅਤੇ ਟੀਚੰਗ ਸਟਾਫ਼ ਦੇ ਸੈਕਟਰੀ ਪ੍ਰੋ. ਨੀਰਜ ਕੁਮਾਰ ਸ਼ਰਮਾ ਦੀ ਸਾਂਝੀ ਪਹਿਲਕਦਮੀ ਅਤੇ ਕਾਲਜ ਦੇ ਟੀਚਿੰਗ-ਸਟਾਫ਼ ਦੇ ਸਹਯੋਗ ਨਾਲ ਤੇ ਕਾਲਜ ਮੈਨੇਜਮੈਂਟ ਦੀ ਮੌਜੂਦਗੀ ਵਿੱਚ ਕਾਲਜ ਦੇ ਨਿਊ ਬੁਆਇਜ਼ ਕਾਮਨ ਹਾਲ ਵਿੱਚ ਡਾ. ਅਸ਼ਵਨੀ ਕਾਂਸਰਾ (ਸਾਬਕਾ, ਐਸੋਸੀਏਟ ਪ੍ਰੋਫੈਸਰ, ਮੁਖੀ ਪੀ. ਜੀ. ਵਿਭਾਗ ਆਫ਼ ਕਾਮਰਸ ਅਤੇ ਕਾਰਜਕਾਰੀ ਪ੍ਰਿੰਸੀਪਲ, ਬੀਯੂਸੀਸੀ) ਨੂੰ ਨਿੱਘੀ ਵਿਦਾਇਗੀ ਪਾਰਟੀ ਦੇਣ ਲਈ ਇੱਕ ਸ਼ਾਨਦਾਰ ਵਿਦਾਇਗੀ ਸਮਾਗਮ ਦਾ ਆਯੋਜਨ ਕੀਤਾ ਗਿਆ। ਡਾ. ਅਸ਼ਵਨੀ ਕਾਂਸਰਾ ਅਤੇ ਉਨ੍ਹਾਂ ਦੀ ਪਤਨੀ ਨੀਰੂ ਕਾਂਸਰਾ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਦਾ ਕਾਲਜ ਪਹੁੰਚਣ ਤੇ ਨਿੱਘਾ ਸਵਾਗਤ ਡਾ. ਡੇਰਿਕ ਏਂਗਲਜ਼ (ਸਕੱਤਰ ਬੁੱਕਾ), ਡੈਨੀਅਲ ਬੀ ਦਾਸ (ਪ੍ਰਾਪਰਟੀ ਮੈਨੇਜਰ, ਡਾਇਓਸੀਜ਼ ਆਫ਼ ਅੰਮ੍ਰਿਤਸਰ ਅਤੇ ਮੈਂਬਰ, ਬੁੱਕਾ), ਰੈਵ. ਅਯੂਬ ਡੈਨੀਅਲ (ਵਾਈਸ ਚੇਅਰਮੈਨ) ਅਤੇ ਸਮੂਹ ਟੀਚਿੰਗ ਸਟਾਫ਼ ਵੱਲੋਂ ਕੀਤਾ ਗਿਆ।ਇਸ ਮੌਕੇ ਡਾ. ਸਵਿਤਾ, ਪ੍ਰੋ ਪਰਮਿੰਦਰਜੀਤ, ਡਾ. ਜਗਵਿੰਦਰ ਕੌਰ ਚੀਮਾ, ਡਾ. ਰਾਜਨ ਚੌਧਰੀ, ਡਾ. ਬੀ. ਕੇ. ਸ਼ਰਮਾ, ਨੀਰੂ ਕਾਂਸਰਾ ਨੇ ਡਾ. ਅਸ਼ਵਨੀ ਕਾਂਸਰਾ ਦੇ ਬਾਰੇ ਆਪਣੇ ਵਿਚਾਰ ਵਿਅਕਤ ਕੀਤੇ।ਆਪਣੇ ਵਿਦਾਇਗੀ ਭਾਸ਼ਣ ਵਿੱਚ ਡਾ. ਅਸ਼ਵਨੀ ਕਾਂਸਰਾ ਨੇ



ਕਾਲਜ ਮੈਨੇਜਮੈਂਟ, ਸਟਾਫ਼ ਮੈਂਬਰਾਂ, ਸਹਿਯੋਗੀਆਂ ਅਤੇ ਕਾਲਜ ਵਿਦਿਆਰਥੀਆਂ ਦਾ ਦਿਲੋਂ ਧੰਨਵਾਦ ਕੀਤਾ।ਮੌਜੂਦਾ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਨਰਿੰਦਰ ਸਿੰਘ ਨੇ ਡਾ. ਕਾਂਸਰਾ ਬਾਰੇ ਦੱਸਿਆ ਕਿ ਉਹ ਬੇਰਿੰਗ ਭਾਈਚਾਰੇ ਦੇ ਇੱਕ ਚੰਗੇ ਸਲਾਹਕਾਰ, ਮਾਰਗਦਰਸ਼ਕ ਅਤੇ ਇੱਕ ਸੱਚੇ ਦੋਸਤ ਰਹੇ ਹਨ। ਸਟਾਫ਼ ਸੈਕ੍ਰੇਟਰੀ ਵਜੋਂ ਪ੍ਰੋ. ਨੀਰਜ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰੋ. ਸੋਨੀ, ਪ੍ਰੋ. ਚੱਡਾ, ਪ੍ਰੋ. ਪਵਨ ਕੁਮਾਰ ਸ਼ਰਮਾ, ਪ੍ਰੋ. ਐੱਲ ਪੀ ਸਿੰਘ, ਡਾ ਸੁਸ਼ਮਾ ਸ਼ਰਮਾ, ਪ੍ਰੋ. ਰਾਜੀਵ ਮੈਕਮੂਲਨ, ਡਾ. ਰਜਨੀ ਬਾਲਾ, ਪ੍ਰੋ. ਮਨਦੀਪ ਬੇਦੀ, ਡਾ. ਜੇ. ਪੀ. ਸਿੰਘ , ਡਾ. ਅੰਜੂ ਪੁਰੀ, ਡਾ. ਲਲਿਤ ਕੁਮਾਰ , ਪ੍ਰੋ. ਮਨਦੀਪ ਸੰਧੂ, ਪ੍ਰੋ. ਹਰਪ੍ਰਭਦੀਪ ਸਿੰਘ, ਪ੍ਰੋ. ਜਗਦੀਪ ਸਿੰਘ, ਪ੍ਰੋ. ਅਨੂ, ਡਾ. ਜਤਿੰਦਰ ਕੌਰ, ਡਾ. ਰਿਤੂ ਪਾਂਧੀ, ਪ੍ਰੋ. ਅਸ਼ਵਨੀ ਕੁਮਾਰ ,ਪ੍ਰੋ. ਕਿਰਨਦੀਪ ਕੌਰ, ਡਾ. ਮਰੀਦੁਲਾ ਡੋਗਰਾ , ਪ੍ਰੋ. ਰਮਨਦੀਪ ਕੌਰ ,ਪ੍ਰੋ. ਅਲਕਾ, ਪ੍ਰੋ. ਸਤਪਾਲ ਸਿੰਘ, ਸ਼੍ਰੀ ਸੈਮਸਨ, ਸ਼੍ਰੀ ਗੌਬਿਨ ਕੁਮਾਰ, ਮਿ. ਵਿੱਕੀ, ਪ੍ਰੋ. ਸ਼ਵੇਤਾ ਸ਼ਰਮਾ, ਪ੍ਰੋ. ਜਗਦੀਸ਼ ਕੌਰ, ਪ੍ਰੋ. ਕੋਮਲਦੀਪ ਕੌਰ, ਪ੍ਰੋ. ਸੁਖਮਨਪ੍ਰੀਤ ਕੌਰ ਅਤੇ ਸੁਖਮੀਤ ਕੌਰ, ਪ੍ਰੋ. ਆਸਥਾ, ਪ੍ਰੋ. ਸਲੋਨੀ ਮਹਾਜਨ, ਪ੍ਰੋ. ਜਗਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਸਿੰਘ, ਡਾ. ਪਵਨਦੀਪ ਕੌਰ, ਡਾ. ਸਰਵਣ ਸਿੰਘ, ਪ੍ਰੋ. ਕਮਲ ਗਿੱਲ ਅਤੇ ਫਾਗੁਣੀ ਉਚੇਚੇ ਤੌਰ ਤੇ ਹਾਜ਼ਰ ਹੋਏ।ਮੰਚ ਸੰਚਾਲਨ ਦਾ ਕਾਰਜ ਪ੍ਰੋ. ਨੀਰਜ ਸ਼ਰਮਾ ਦੇ ਨਾਲ, ਡਾ. ਅਮਿਤਾ ਦੁਆਰਾ ਬਖੂਬੀ ਨਿਭਾਇਆ ਗਿਆ।ਸਮਾਰੋਹ ਦੀ ਸਮਾਪਤੀ ਰੈਵ. ਅਯੂਬ ਡੈਨੀਅਲ ਦੁਆਰਾ ਕੀਤੀ ਗਈ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ।

# ਤਰਨਤਾਰਨ ਦੇ ਲੋਕ ਭਗਵੰਤ ਮਾਨ ਸਰਕਾਰ ਦੇ ਪੰਥਕ ਕਾਰਜਾਂ 'ਤੇ ਲਾਉਣਗੇ ਮੋਹਰ : ਹਰਮੀਤ ਸਿੰਘ ਸੰਧੂ

## ਹਿੰਦ ਦੀ ਚਾਦਰ ਨੂੰ ਸਮਰਪਿਤ ਸਮਾਗਮਾਂ ਲਈ 'ਆਪ' ਸਰਕਾਰ ਵਧਾਈ ਦੀ ਪਾਤਰ

**ਤਰਨਤਾਰਨ, (ਪ੍ਰਿਤਪਾਲ ਸਿੰਘ)**- ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸਮਾਗਮਾਂ ਦੀ ਲੜੀ ਸ਼ੁਰੂ ਕਰਨ ਦੇ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਹੈ।ਸੰਧੂ ਨੇ ਕਿਹਾ ਕਿ ਆਪ ਸਰਕਾਰ ਨੇ ਗੁਰੂ ਸਾਹਿਬ ਦਾ ਅਸ਼ੀਰਵਾਦ ਲੈ ਕੇ ਇਨ੍ਹਾਂ ਪਵਿੱਤਰ ਸਮਾਗਮਾਂ ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਸੀਨੀਅਰ ਕੈਬਨਿਟ ਮੰਤਰੀਆਂ ਨੇ ਦਿੱਲੀ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਕੀਤੀ।ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਮਨ ਅਰੋੜਾ, ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈਟੀਓ., ਬਲਬੀਰ ਸਿੰਘ ਸਮੇਤ ਹੋਰ ਮੰਤਰੀ, ਸੰਸਦ ਮੈਂਬਰ ਅਤੇ ਵਿਧਾਇਕ ਲਾਲ ਕਿਲ੍ਹੇ ਤੋਂ ਨੰਗੇ ਪੈਰੀਂ ਚੱਲ ਕੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ।ਉਨ੍ਹਾਂ ਕਿਹਾ ਕਿ ਮੰਤਰੀਆਂ ਵੱਲੋਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਪਵਿੱਤਰ ਸ਼ਹੀਦੀ ਅਸਥਾਨਾਂ 'ਤੇ ਸ਼ਰਧਾਂਜਲੀ ਭੇਟ ਕਰਨਾ ਇਹ ਦਰਸਾਉਂਦਾ ਹੈ ਕਿ ਆਪ ਸਰਕਾਰ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਕਿੰਨਾ ਸਤਿਕਾਰ ਦਿੰਦੀ ਹੈ।ਉਨ੍ਹਾਂ ਸਰਕਾਰ ਵੱਲੋਂ ਉਲੀਕੇ ਪ੍ਰੋਗਰਾਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਤੋਂ ਸ਼ੁਰੂ ਹੋਏ ਇਹ ਸਮਾਗਮ 25 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਣਗੇ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ 1 ਤੋਂ 18 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ।ਇਸ ਤੋਂ ਇਲਾਵਾ ਗੁਰੂ ਸਾਹਿਬ ਜੀ ਦੇ ਵਰੋਸਾਏ ਕਸਬਿਆਂ ਅਤੇ ਸ਼ਹਿਰਾਂ ਵਿੱਚ ਵਿਸ਼ੇਸ਼ ਕੀਰਤਨ ਦਰਬਾਰ ਵੀ ਹੋਣਗੇ।19 ਨਵੰਬਰ ਨੂੰ ਸ੍ਰੀਨਗਰ (ਜੰਮੂ ਅਤੇ ਕਸ਼ਮੀਰ) ਤੋਂ ਵਿਸ਼ਾਲ ਨਗਰ ਕੀਰਤਨ ਆਰੰਭ ਹੋਵੇਗਾ, ਜਿਸ ਵਿੱਚ ਕਸ਼ਮੀਰੀ ਪੰਡਿਤਾਂ ਦਾ ਵੀ ਸ਼ਾਮਲ ਹੋਣਾ ਗੁਰੂ ਸਾਹਿਬ ਵੱਲੋਂ ਹਿੰਦੂ ਧਰਮ ਦੀ ਰੱਖਿਆ ਲਈ ਦਿੱਤੀ ਕੁਰਬਾਨੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਇਸ ਦੇ ਨਾਲ ਹੀ 20 ਨਵੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ, ਫ਼ਰੀਦਕੋਟ ਅਤੇ ਗੁਰਦਾਸਪੁਰ ਤੋਂ ਤਿੰਨ ਹੋਰ ਨਗਰ ਕੀਰਤਨ ਆਰੰਭ ਹੋਣਗੇ, ਜੋ ਸਾਰੇ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਪਹੁੰਚਣਗੇ।ਉਨ੍ਹਾਂ ਕਿਹਾ ਕਿ 23 ਤੋਂ 25 ਨਵੰਬਰ ਤੱਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਮੁੱਖ ਸਮਾਗਮਾਂ ਲਈ 'ਚੱਕ ਨਾਨਕੀ' ਨਾਮ ਦੀ ਵਿਸ਼ੇਸ਼ ਟੈਂਟ ਸਿਟੀ ਦੀ ਸਥਾਪਨਾ, ਸਰਬ ਧਰਮ ਸੰਮੇਲਨ ਦਾ ਆਯੋਜਨ ਅਤੇ ਗੁਰੂ ਜੀ ਦੇ ਜੀਵਨ 'ਤੇ ਅਧਾਰਿਤ ਵਿਸ਼ੇਸ਼ ਪ੍ਰਦਰਸ਼ਨੀ ਅਤੇ ਡਰੋਨ ਸ਼ੋਅ ਕਰਵਾਉਣਾ ਸਰਕਾਰ ਦਾ ਇਤਿਹਾਸਕ ਉਪਰਾਲਾ ਹੈ।ਉਨ੍ਹਾਂ ਖਾਸ ਤੌਰ 'ਤੇ 24 ਨਵੰਬਰ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੱਦਣ ਦੇ ਫੈਸਲੇ ਨੂੰ ਕ੍ਰਾਂਤੀਕਾਰੀ ਦੱਸਿਆ, ਜਿੱਥੇ ਗੁਰੂ ਸਾਹਿਬ ਦੇ ਫਲਸਫੇ 'ਤੇ ਵਿਚਾਰਾਂ ਹੋਣਗੀਆਂ।ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਇਹ ਸਮਾਗਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਆਪਣੀ ਵਿਰਾਸਤ ਅਤੇ ਪੰਥ ਪ੍ਰਤੀ ਵਚਨਬੱਧਤਾ ਦਾ ਸਬੂਤ ਹਨ। ਉਨ੍ਹਾਂ ਤਰਨਤਾਰਨ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਤਾਂ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰ ਰਹੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਥ ਮਜ਼ਬੂਤ ਕੀਤੇ ਜਾ ਸਕਣ ਅਤੇ ਤਰਨਤਾਰਨ ਦੀ ਪਵਿੱਤਰ ਧਰਤੀ 'ਤੇ ਵਿਕਾਸ ਦੀ ਲਹਿਰ ਨੂੰ ਹੋਰ ਤੇਜ਼ ਕੀਤਾ ਜਾ ਸਕੇ।

ਨਵਾਂ ਜ਼ਮਾਨਾ
ਸੋਮਵਾਰ, 27 ਅਕਤੂਬਰ 2025

# ਕੇਰਲਾ ਮਾਡਲ


*ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਅਰਥ ਵਿਵਸਥਾ ਹੋਣ ਦੇ ਬਾਵਜੂਦ ਭਾਰਤ ਵਿੱਚ 80 ਕਰੋੜ ਲੋਕ ਸਰਕਾਰੀ ਰਾਸ਼ਨ 'ਤੇ ਨਿਰਭਰ ਹਨ। ਵਿਸ਼ਵ ਬੈਂਕ ਦੀ 2025 ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਸਾਢੇ 7 ਕਰੋੜ ਲੋਕ ਅਤਿਅੰਤ ਗਰੀਬੀ 'ਚ ਜੀ ਰਹੇ ਹਨ। ਮਤਲਬ ਉਹ ਰੋਜ਼ਾਨਾ ਤਿੰਨ ਡਾਲਰ ਤੋਂ ਵੀ ਘੱਟ ਕਮਾਉਂਦੇ ਹਨ। ਇਸ ਦਰਮਿਆਨ ਭਾਰਤ ਦਾ ਇੱਕ ਰਾਜ ਕੇਰਲਾ ਪਹਿਲੀ ਨਵੰਬਰ ਨੂੰ ਅਤਿਅੰਤ ਗਰੀਬੀ ਨੂੰ ਖਤਮ ਕਰਨ ਦਾ ਐਲਾਨ ਕਰਨ ਜਾ ਰਿਹਾ ਹੈ। ਨੀਤੀ ਆਯੋਗ ਨੇ ਵੀ ਪੁਸ਼ਟੀ ਕੀਤੀ ਹੈ ਕਿ ਕੇਰਲਾ ਨੇ ਅਤਿਅੰਤ ਗਰੀਬੀ (2.15 ਡਾਲਰ ਤੋਂ ਘੱਟ, ਲਗਭਗ 180 ਰੁਪਏ ਰੋਜ਼ਾਨਾ) ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਇਹ ਉਪਲੱਬਧੀ ਵਿਸ਼ਵ ਪੱਧਰ 'ਤੇ ਚੀਨ ਤੋਂ ਬਾਅਦ ਦੂਜੀ ਹੈ। ਨੀਤੀ ਆਯੋਗ ਦੇ 2021 ਦੇ ਅੰਕੜਿਆਂ ਮੁਤਾਬਕ ਕੇਰਲਾ ਦੀ ਗਰੀਬੀ ਦਰ ਪਹਿਲਾਂ ਹੀ ਦੇਸ਼ ਵਿੱਚ ਸਭ ਤੋਂ ਘੱਟ 0.7 ਫੀਸਦੀ ਸੀ। ਉਸ ਤੋਂ ਬਾਅਦ ਖੱਬੇ-ਜਮਹੂਰੀ ਮੁਹਾਜ਼ ਦੀ ਪਿਨਾਰਾਈ ਵਿਜਯਨ ਦੀ ਅਗਵਾਈ ਵਾਲੀ ਸਰਕਾਰ ਨੇ 'ਅਤਿਅੰਤ ਗਰੀਬੀ ਖਾਤਮਾ' ਪ੍ਰੋਜੈਕਟ ਚਲਾਇਆ, ਜਿਸ ਤਹਿਤ 64006 ਪਰਵਾਰਾਂ ਦੀ ਨਿਸ਼ਾਨਦੇਹੀ ਕੀਤੀ ਗਈ। ਹਰ ਪਰਵਾਰ ਲਈ ਨਿੱਜੀ ਯੋਜਨਾਵਾਂ ਬਣਾਈਆਂ ਗਈਆਂ। ਭੋਜਨ, ਸਿਹਤ, ਰੁਜ਼ਗਾਰ ਤੇ ਘਰ 'ਤੇ ਧਿਆਨ ਦਿੱਤਾ ਗਿਆ। 3913 ਪਰਵਾਰਾਂ ਨੂੰ ਘਰ, 1338 ਨੂੰ ਜ਼ਮੀਨ ਦਿੱਤੀ ਗਈ ਅਤੇ 5651 ਘਰਾਂ ਦੀ ਮੁਰੰਮਤ ਲਈ ਦੋ ਲੱਖ ਰੁਪਏ ਤੱਕ ਦੀ ਸਹਾਇਤਾ ਦਿੱਤੀ ਗਈ।*

*ਦਰਅਸਲ ਇਹ ਉਪਲੱਬਧੀ ਇੱਕ ਦਿਨ ਦੀ ਉਪਲੱਬਧੀ ਨਹੀਂ ਹੈ। ਖੱਬੇ-ਜਮਹੂਰੀ ਮੁਹਾਜ਼ ਅਤੇ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਜਮਹੂਰੀ ਮੁਹਾਜ਼ ਦੀਆਂ ਸਮੇਂ-ਸਮੇਂ ਬਣੀਆਂ ਸਰਕਾਰਾਂ ਨੇ ਸਿੱਖਿਆ, ਸਿਹਤ ਤੇ ਮਕਾਨ ਨੂੰ ਤਰਜੀਹ ਦਿੱਤੀ। ਪੰਚਾਇਤਾਂ, ਨਗਰ ਪਾਲਿਕਾਵਾਂ ਤੇ ਕੁਟੁੰਬਸ੍ਰੀ ਵਰਗੇ ਮਹਿਲਾ ਸਸ਼ਕਤੀਕਰਨ ਮਿਸ਼ਨਾਂ ਨੇ ਇਸ ਨੂੰ ਸੰਭਵ ਬਣਾਇਆ। ਨੀਤੀ ਆਯੋਗ ਦੀ 2023-24 ਦੀ ਰਿਪੋਰਟ ਮੁਤਾਬਕ ਕੇਰਲਾ 79 ਅੰਕਾਂ ਨਾਲ ਸਿਖਰ 'ਤੇ ਸੀ, ਜਦਕਿ ਬਿਹਾਰ 57 ਅੰਕਾਂ ਨਾਲ ਫਾਡੀ।*

*ਕੇਰਲਾ ਦੀ ਪ੍ਰਗਤੀ ਵਿੱਚ ਕਮਿਊਨਿਸਟ ਅੰਦੋਲਨ ਦਾ ਵੱਡਾ ਯੋਗਦਾਨ ਹੈ। 1930 ਦੇ ਦਹਾਕੇ 'ਚ ਸ਼ੁਰੂ ਹੋਇਆ ਇਹ ਅੰਦੋਲਨ ਜਾਤੀਗਤ ਦਮਨ ਤੇ ਜ਼ਿਮੀਂਦਾਰੀ ਦੇ ਖਿਲਾਫ ਸੀ। 1956 ਵਿੱਚ ਰਾਜ ਪੁਨਰਗਠਨ ਕਾਨੂੰਨ ਤਹਿਤ ਕੇਰਲਾ ਹੋਂਦ ਵਿੱਚ ਆਇਆ ਅਤੇ 1957 ਵਿੱਚ ਈ ਐੱਮ ਐੱਸ ਨੰਬੂਦਰੀਪਾਦ ਦੀ ਅਗਵਾਈ ਵਿੱਚ ਦੁਨੀਆ ਦੀ ਪਹਿਲੀ ਚੁਣੀ ਹੋਈ ਕਮਿਊਨਿਸਟ ਸਰਕਾਰ ਬਣੀ। ਜ਼ਮੀਨੀ ਸੁਧਾਰ, ਸਿੱਖਿਆ ਤੇ ਸਿਹਤ 'ਤੇ ਜ਼ੋਰ ਨੇ ਕੇਰਲਾ ਨੂੰ ਬਦਲਿਆ। ਦੋਹਾਂ ਮੁਹਾਜ਼ਾਂ ਦੀਆਂ ਸਰਕਾਰਾਂ ਨੇ ਵਿਕਾਸ ਨੂੰ ਕੇਂਦਰ ਵਿੱਚ ਰੱਖਿਆ, ਨਾ ਕਿ ਮੰਦਰ-ਮਸਜਿਦ ਵਰਗੇ ਬਿਰਤਾਂਤ ਨੂੰ। 2021 'ਚ ਕੇਰਲਾ ਦੇ ਇਕਲੌਤੇ ਭਾਜਪਾ ਵਿਧਾਇਕ ਓ. ਰਾਜਗੋਪਾਲ ਨੇ ਕਿਹਾ ਸੀ ਕਿ ਕੇਰਲਾ ਦੇ ਲੋਕ ਸੋਚਦੇ ਤੇ ਬਹਿਸ ਕਰਦੇ ਹਨ। ਇਹੀ ਭਾਜਪਾ ਦੀ ਨਾਕਾਮੀ ਦਾ ਕਾਰਨ ਹੈ। ਇਹ ਬਿਆਨ ਦਰਸਾਉਂਦਾ ਹੈ ਕਿ ਕੇਰਲਾ ਦੇ ਪੜ੍ਹੇ-ਲਿਖੇ ਲੋਕ ਫਿਰਕਾਪ੍ਰਸਤੀ ਤੋਂ ਉੱਪਰ ਉਠ ਕੇ ਵਿਕਾਸ ਨੂੰ ਤਰਜੀਹ ਦਿੰਦੇ ਹਨ। ਕੇਰਲਾ ਨੇ ਸਾਬਤ ਕੀਤਾ ਹੈ ਕਿ ਵਿਕਾਸ ਦਾ ਰਾਹ ਇਨਸਾਨ-ਕੇਂਦਰਤ ਨੀਤੀਆਂ ਤੋਂ ਹੋ ਕੇ ਲੰਘਦਾ ਹੈ, ਨਾ ਕਿ ਫਿਰਕੂ ਨਫਰਤ ਪੈਦਾ ਕਰਕੇ।*

**—ਚੰਦ ਫਤਿਹਪੁਰੀ**

# ਮਨੋਰੋਗੀ ਸਮਾਜਿਕ ਵਿਨਾਸ਼ ਦਾ ਕਾਰਨ ਬਣਦੇ ਹਨ



ਪਵਨ ਕੁਮਾਰ ਕੌਸ਼ਲ

ਪੂੰਜੀਵਾਦ ਮੁਨਾਫੇ 'ਤੇ ਅਧਾਰਤ ਮਨੁੱਖ ਦੁਆਰਾ ਮਨੁੱਖ ਦੀ ਲੁੱਟ 'ਤੇ ਨਿਰਭਰ ਕਰਦਾ ਹੈ, ਜਿਸ ਵਿੱਚ ਪੈਦਾਵਾਰੀ ਸਾਧਨਾਂ ਦੀ ਮਲਕੀਅਤ ਨਿੱਜੀ ਹੱਥਾਂ ਵਿੱਚ ਹੁੰਦੀ ਹੈ। ਪੂੰਜੀਪਤੀ ਦਾ ਇੱਕੋ ਇੱਕ ਮਨੋਰਥ ਮੁਨਾਫਾ ਕਮਾਉਣਾ ਅਤੇ ਇਜ਼ਾਰੇਦਾਰੀ ਕਾਇਮ ਕਰਨਾ ਹੈ। ਇਨ੍ਹਾਂ ਦਾ ਮਨੁੱਖਤਾ ਦੀ ਭਲਾਈ ਨਾਲ ਸਰੋਕਾਰ ਨਹੀਂ ਹੁੰਦਾ। ਇਹ ਲੋਕ ਰਾਜਨੀਤੀ ਵਿੱਚ ਪ੍ਰਫੁੱਲਤ ਹੁੰਦੇ ਹਨ। ਇਨ੍ਹਾਂ ਨੂੰ ਕੋਈ ਭੈਅ, ਪਛਤਾਵਾ, ਹਮਦਰਦੀ ਜਾਂ ਡਰ ਨਹੀਂ ਹੁੰਦਾ। ਇਹ ਲੋਕ ਬਿਨਾਂ ਕਿਸੇ ਪਛਤਾਵੇ ਦੇ ਆਬਾਦੀ ਨੂੰ ਖਤਮ ਕਰਨ ਦਾ ਕੰਮ ਕਰ ਸਕਦੇ ਹਨ। ਉਨ੍ਹਾਂ ਦੇ ਦਿਮਾਗ ਵੱਖਰੇ ਢੰਗ ਨਾਲ ਜੁੜੇ ਹੋਏ ਹਨ। ਉਨ੍ਹਾਂ ਅੰਦਰ ਨੈਤਿਕਤਾ ਦੀ ਘਾਟ ਦਿਖਾਈ ਦਿੰਦੀ ਹੈ।

ਇਹ ਸਮਾਜ ਨੂੰ ਚਿੰਬੜੇ ਮਨੋਰੋਗੀ ਹੁੰਦੇ ਹਨ। ਮਨੋਰੋਗੀ ਅੰਸ਼ਕ ਤੌਰ 'ਤੇ ਖ਼ਤਰਨਾਕ ਹੁੰਦੇ ਹਨ, ਕਿਉਂਕਿ ਉਹ ਹਾਈਬ੍ਰਿਡ ਕਿਸਮ ਦੇ ਜੀਵਾਂ ਵਾਂਗ ਵਿਵਹਾਰ ਕਰਦੇ ਹਨ । "ਮਨੋਰੋਗੀ" ਹਿੰਸਕ ਅਤੇ ਵਿਆਪਕ ਅਪਰਾਧਿਕ ਗਤੀਵਿਧੀਆਂ ਨੂੰ ਨਹੀਂ ਭੁੱਲਦਾ, ਮਨੋਰੋਗ ਪ੍ਰਵਿਰਤੀਆਂ ਵਾਲੇ ਵਿਅਕਤੀ ਅਸਧਾਰਨ ਨਹੀਂ ਹਨ ਅਤੇ ਅਕਸਰ ਘਟੀਆ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ, ਜਿਸ ਦੀਆਂ ਉਦਾਹਰਣਾਂ ਭਾਰਤ ਅਤੇ ਇਸ ਦੇ ਕਈ ਪ੍ਰਾਂਤਾਂ ਅੰਦਰ ਦੇਖਣ ਨੂੰ ਮਿਲਦੀਆਂ ਹਨ।

ਬਿਨਾਂ ਕਿਸੇ ਅਪਵਾਦ ਦੇ ਮਨੋਰੋਗ ਵਾਲੇ ਲੋਕ ਪੈਸੇ ਨੂੰ ਪਿਆਰ ਕਰਦੇ ਹਨ ਅਤੇ ਉਹ ਇੱਕ-ਦੂਜੇ ਨਾਲੋਂ ਅੱਗੇ ਨਿਕਲਣ ਲਈ ਕੁੱਝ ਵੀ ਕਰ ਸਕਦੇ ਹਨ। ਬਾਕੀ ਆਬਾਦੀ ਦੇ ਉਲਟ, ਮਨੋਰੋਗੀ ਉੱਚ ਕਦਰਾਂ-ਕੀਮਤਾਂ ਵਿੱਚ ਦਿਲਚਸਪੀ ਨਹੀਂ ਰੱਖਦੇ, ਜਿਵੇਂ ਕਿ ਪਰਵਾਰ ਅਤੇ ਦੋਸਤਾਂ ਨਾਲ ਨਜ਼ਦੀਕੀ, ਭਾਵਨਾਤਮਕ ਸੰਬੰਧ ਅਤੇ ਪੈਸੇ ਅਤੇ ਭੌਤਿਕਵਾਦ 'ਤੇ ਜ਼ਿਆਦਾ ਕੇਂਦ੍ਰਿਤ ਹੁੰਦੇ ਹਨ। ਮਨੋਰੋਗ ਲੀਡਰਸ਼ਿਪ ਸੰਗਠਨਾਤਮਕ ਵਿਨਾਸ਼ ਨਾਲ ਜੁੜੀ ਹੋਈ ਹੁੰਦੀ ਹੈ। ਸਮਾਜਿਕ ਤੌਰ 'ਤੇ ਭਟਕਣਸ਼ੀਲ ਵਾਲੀ ਜੀਵਨ ਸ਼ੈਲੀ ਅਤੇ ਪਰਜੀਵੀ ਜੀਵਨ ਸ਼ੈਲੀ ਦੇ ਮਾਲਕ ਹੁੰਦੇ ਹਨ।

ਖੋਜਕਰਤਾਵਾਂ ਮੁਤਾਬਕ ਮਨੋਰੋਗੀ ਅਕਸਰ ਉਹ ਵਿੱਤੀ ਲਾਭ ਪ੍ਰਾਪਤ ਕਰਨ ਲਈ ਦੂਜਿਆਂ ਦਾ ਸ਼ੋਸ਼ਣ ਕਰਦੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਉਹ ਸਤਹੀ ਤੌਰ 'ਤੇ ਮਨਮੋਹਕ ਵੀ ਬਣਦੇ ਹਨ। ਉਹ ਅਕਸਰ ਅਪਰਾਧਿਕ ਵਿਹਾਰ ਦਾ ਸ਼ਿਕਾਰ ਹੁੰਦੇ ਹਨ, ਜਿਸ ਵਿੱਚ ਚੋਰੀ, ਧੋਖਾਧੜੀ ਅਤੇ ਹਿੰਸਾ ਸ਼ਾਮਲ ਹੈ। ਦੁਨੀਆ ਭਰ ਦੇ ਬਹੁਤੇ ਰਾਜਨੀਤਕ ਨੇਤਾ ਆਪਣੀ ਤਾਰੀਫ ਖੁਦ ਕਰਨ ਵਾਲੇ (ਮੀਆਂ ਮਿੱਠੂ) ਅਤੇ ਮਨੋਰੋਗੀ ਹੁੰਦੇ ਹਨ। ਨੌਕਰਸ਼ਾਹਾਂ ਵਿੱਚ ਮਨੋਰੋਗੀਆਂ ਤੋਂ ਭ੍ਰਿਸ਼ਟਾਚਾਰ ਨਾਲੋਂ ਵੱਡਾ ਖ਼ਤਰਾ ਹੈ। ਮਨੋਰੋਗੀਆਂ ਅਤੇ ਸਿਆਸਤਦਾਨਾਂ ਦੋਵਾਂ ਵਿੱਚ ਸੁਆਰਥੀ, ਬੇਰਹਿਮ, ਦੂਜਿਆਂ ਦੇ ਪਛਤਾਵੇ ਰਹਿਤ ਉਪਭੋਗਤਾ, ਗੈਰ-ਜ਼ਿੰਮੇਵਾਰ, ਝੂਠੇ, ਧੋਖੇਬਾਜ਼, ਪਛਤਾਵੇ ਦੀ ਘਾਟ ਅਤੇ ਖੋਖਲੇਪਣ ਦਾ ਰੁਝਾਨ ਹੁੰਦਾ ਹੈ।

ਮਨੋਰੋਗੀਆਂ ਨੂੰ ਵਿਅਕਤੀਆਂ ਦੀਆਂ ਜ਼ਰੂਰਤਾਂ ਜਾਂ ਅਧਿਕਾਰਾਂ ਲਈ ਕੋਈ ਹਮਦਰਦੀ ਨਹੀਂ ਹੁੰਦੀ, ਇਸ ਲਈ ਉਹਨਾਂ ਨੂੰ ਕੋਈ ਪਛਤਾਵਾ ਵੀ ਨਹੀਂ ਹੁੰਦਾ। ਮਨੋਰੋਗੀਆਂ ਦੇ ਲੱਛਣਾਂ ਦੀ ਪਛਾਣ ਕਰਨ ਨਾਲ ਉਨ੍ਹਾਂ ਦੇ ਖਤਰਨਾਕ ਅਤੇ ਵਿਨਾਸ਼ਕਾਰੀ ਇਰਾਦਿਆਂ ਤੋਂ ਬਚਾਉਣ ਵਿੱਚ ਮਦਦ ਮਿਲ ਸਕਦੀ ਹੈ। ਸਮਾਜ-ਵਿਰੋਧੀ ਸ਼ਖਸੀਅਤ ਵਿਕਾਰ ਦਾ ਇੱਕ ਮੁੱਖ ਲੱਛਣ ਵੀ ਹੈ, ਜੋ ਅਕਸਰ ਦੂਜਿਆਂ ਨੂੰ ਗੁੰਮਰਾਹ ਕਰਨ ਲਈ ਤਿਆਰ ਕੀਤੇ ਗਏ 'ਨਕਲੀ' ਪਛਤਾਵੇ ਜਾਂ ਚਿੰਤਾ ਵਜੋਂ ਪ੍ਰਗਟ ਹੁੰਦਾ ਹੈ। ਇਹ ਸਭ ਕੁੱਝ ਪੂੰਜੀਵਾਦੀ ਆਰਥਕ ਵਿਵਸਥਾ ਦੀ ਹੀ ਦੇਣ ਹੈ, ਜੋ ਮੌਜੂਦਾ ਪੂੰਜੀਵਾਦੀ ਆਰਥਕ-ਸਮਾਜਕ ਪ੍ਰਬੰਧ ਅੰਦਰ ਦੇਖ ਰਹੇ ਹਾਂ।

ਦੂਜਿਆਂ ਦੇ ਦਰਦ ਅਤੇ ਦੁੱਖ ਤੋਂ ਖੁਸ਼ੀ ਮਹਿਸੂਸ ਕਰਨਾ ਇੱਕ ਬਿਮਾਰ ਭਾਵਨਾ ਦਾ ਵਰਣਨ ਹੈ। ਕੁਝ ਮਨੋਰੋਗੀ ਲੋਕਾਂ ਲਈ ਦੂਜਿਆਂ ਦਾ ਦਰਦ ਜਿਨਸੀ ਤੌਰ 'ਤੇ ਉਤੇਜਿਤ ਕਰਨ ਵਾਲਾ ਹੁੰਦਾ ਹੈ। ਦੂਜੇ ਪਾਸੇ, ਖੁਸ਼ੀ ਗੈਰ-ਜਿਨਸੀ ਹੁੰਦੀ ਹੈ ਅਤੇ ਇਸ ਦਾ ਸੰਬੰਧ ਉਤੇਜਨਾ, ਸ਼ਕਤੀ ਜਾਂ ਅਨੁਭਵ ਦੀ 'ਕਾਹਲੀ' ਨਾਲ ਹੁੰਦਾ ਹੈ। ਮਨੋਰੋਗੀ ਤੇਜ਼ ਭਾਵਨਾਵਾਂ ਦੁਆਰਾ ਪ੍ਰੇਰਿਤ ਨਹੀਂ ਹੁੰਦੇ, ਪਰ ਉਹਨਾਂ ਦੀ ਕਮਜ਼ੋਰ ਭਾਵਨਾਤਮਕ ਪ੍ਰਤੀਕਿਰਿਆ ਉਹਨਾਂ ਨੂੰ ਰੋਮਾਂਚਕਤਾ ਦੀ ਭਾਲ ਕਰਨ ਦਾ ਕਾਰਨ ਬਣ ਸਕਦੀ ਹੈ। ਮਨੋਰੋਗੀਆਂ ਅੰਦਰ ਅਪਰਾਧ, ਹਿੰਸਾ, ਜਿਨਸੀ ਅਸ਼ਲੀਲਤਾ ਅਤੇ ਨਸ਼ੀਲੇ ਪਦਾਰਥਾਂ ਜਾਂ ਸ਼ਰਾਬ ਦੀ ਵਰਤੋਂ ਕਰਨ ਵਿੱਚ ਸ਼ਾਮਲ ਹੋਣ ਦੀ ਜ਼ਿਆਦਾ ਸੰਭਾਵਨਾ ਰੱਖਣ ਦਾ ਇਹੀ ਕਾਰਨ ਬਣਦਾ ਹੈ ।

ਮਨੋਰੋਗੀ ਸਮਾਜ ਦੇ ਜ਼ਿਆਦਾਤਰ ਲੋਕਾਂ ਵਾਂਗ ਨੈਤਿਕਤਾ ਦੇ ਉਸ ਕੋਡ ਦੀ ਪਾਲਣਾ ਨਹੀਂ ਕਰਦੇ, ਜਿਸ ਕਾਰਨ ਉਹ ਅਕਸਰ ਅਨੈਤਿਕ ਜਾਂ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਹਾਰ ਕਰਦੇ ਹਨ। ਇਹਨਾਂ ਵਿੱਚ ਅਣਉਚਿਤ ਟਿੱਪਣੀਆਂ ਅਤੇ ਅਪਮਾਨਜਨਕ ਵਰਗੇ ਛੋਟੇ ਅਪਰਾਧ, ਜਾਂ ਹਿੰਸਾ ਵਰਗੇ ਗੰਭੀਰ ਅਪਰਾਧ ਸ਼ਾਮਲ ਹੋ ਸਕਦੇ ਹਨ। ਸਾਰੇ ਮਨੋਰੋਗੀ ਹਿੰਸਕ ਅਪਰਾਧੀ ਨਹੀਂ ਹੁੰਦੇ, ਪਰ ਅਪਰਾਧ ਕਰਨ ਵਾਲਿਆਂ ਦੀ ਇੱਕ ਉੱਚ ਪ੍ਰਤੀਸ਼ਤ ਵਿੱਚ ਮਨੋਰੋਗੀ ਗੁਣ ਹੁੰਦੇ ਹਨ।

ਸਮਾਜ-ਵਿਰੋਧੀ ਸ਼ਖਸੀਅਤ ਦੇ ਵਿਕਾਰ ਦਾ ਪਤਾ 18 ਸਾਲ ਦੀ ਉਮਰ ਤੋਂ ਬਾਅਦ ਹੀ ਲਗਾਇਆ ਜਾ ਸਕਦਾ ਹੈ, ਪਰ ਇਸਦੇ ਲੱਛਣ ਆਮ ਤੌਰ 'ਤੇ ਬਚਪਨ ਜਾਂ ਕਿਸ਼ੋਰ ਅਵਸਥਾ ਵਿੱਚ ਸ਼ੁਰੂ ਹੁੰਦੇ ਹਨ। ਜ਼ਿਆਦਾਤਰ ਮਨੋਰੋਗੀ 15 ਸਾਲ ਦੀ ਉਮਰ ਤੋਂ ਪਹਿਲਾਂ ਆਚਰਣ ਵਿਕਾਰ ਦੇ ਸੰਕੇਤ ਦਿਖਾਉਂਦੇ ਹਨ, ਅਤੇ ਸਭ ਤੋਂ ਗੰਭੀਰ ਮਨਰੋਗੀ 10 ਸਾਲ ਦੀ ਉਮਰ ਤੋਂ ਪਹਿਲਾਂ ਆਪਣੇ ਵਿਵਹਾਰ ਸੰਬੰਧੀ ਮੁੱਦਿਆਂ ਦਾ ਪਤਾ ਲਗਾਉਣ ਦੇ ਯੋਗ ਹੋ ਸਕਦੇ ਹਨ। ਬਚਪਨ ਵਿੱਚ ਮਨੋਰੋਗੀ ਦੇ ਕੁਝ ਆਮ ਲੱਛਣਾਂ ਵਿੱਚ ਅਕਸਰ ਲੜਾਈਆਂ, ਝੂਠ ਬੋਲਣਾ, ਚੋਰੀ ਕਰਨਾ, ਜਾਨਵਰਾਂ ਜਾਂ ਹੋਰ ਬੱਚਿਆਂ ਪ੍ਰਤੀ ਬੇਰਹਿਮੀ ਅਤੇ ਨਿਯਮਾਂ ਜਾਂ ਅਧਿਕਾਰ ਦੀ ਅਣਦੇਖੀ ਸ਼ਾਮਲ ਹਨ।

ਮਨੋਰੋਗੀਆਂ ਅੰਦਰ ਹਮਦਰਦੀ ਦੀ ਘਾਟ ਹੁੰਦੀ ਹੈ ਅਤੇ ਹੇਰਾਫੇਰੀ ਕਰਨ ਵਾਲੇ ਅਤੇ ਸਵੈ-ਜਨੂੰਨੀ (ਨਾਰਸੀਸਿਸਟਿਕ) ਹੁੰਦੇ ਹਨ। ਸਮਾਜ-ਵਿਰੋਧੀ, ਵਿਹਾਰ, ਸਵੈ-ਜਨੂੰਨ ਸਤਹੀ ਸੁਹਜ, ਆਵੇਗਸ਼ੀਲਤਾ, ਬੇਰਹਿਮ, ਭਾਵਨਾਤਮਕ ਗੁਣ, ਦੋਸ਼ ਦੀ ਘਾਟ, ਹਮਦਰਦੀ ਦੀ ਘਾਟ, ਡਰ ਦੀ ਘਾਟ ਆਦਿ ਹੁੰਦੀ ਹੈ। ਭਾਰਤੀ ਰਾਜਨੀਤਕ ਜੀਵਨ ਵਿੱਚ ਮਨੋਰੋਗੀ ਗੁਣਾਂ ਵਾਲਾ ਵਿਅਕਤੀ 'ਸੂਟ ਵਿੱਚ ਲੁਕਿਆ ਸੱਪ' (ਆਸਤੀਨ ਦਾ ਸੱਪ) ਵਾਂਗ ਵਿਵਹਾਰ ਕਰਦਾ ਹੈ ਅਤੇ ਨਿੱਜੀ ਸ਼ਕਤੀ ਅਤੇ ਲਾਭ ਲਈ ਦੂਜਿਆਂ ਨਾਲ ਬੇਰਹਿਮੀ ਨਾਲ ਪੇਸ਼ ਆਉਂਦਾਂ ਅਤੇ ਧੋਖਾਧੜੀ ਕਰਦਾ ਹੈ। ਉਨ੍ਹਾਂ ਦੀ ਹਮਦਰਦੀ ਦੀ ਘਾਟ ਅਤੇ ਸਮਾਜਿਕ ਨਿਯਮਾਂ ਦੀ ਅਣਦੇਖੀ ਸ਼ਾਸਨ ਨੂੰ ਭ੍ਰਿਸ਼ਟ ਕਰਦੀ ਹੈ ਅਤੇ ਖਤਰਨਾਕ ਫੈਸਲੇ ਲੈਣ ਵੱਲ ਲੈ ਜਾ ਸਕਦੀ ਹੈ, ਜੋ ਜਨਤਕ ਭਲਾਈ ਲਈ ਨੁਕਸਾਨਦੇਹ ਹੈ।

ਮਨੋਵਿਗਿਆਨੀ ਅਤੇ ਇਤਿਹਾਸਕਾਰ ਆਮ ਤੌਰ 'ਤੇ ਇਸ ਗੱਲ ਨਾਲ ਸਹਿਮਤ ਹਨ ਕਿ ਅਡੌਲਫ ਹਿਟਲਰ ਨੇ ਅੱਤ ਦੇ ਸਵੈ-ਪ੍ਰਸੰਸਕ ਤੇ ਜਨੂੰਨੀ ਅਤੇ ਮਨੋਰੋਗੀ ਗੁਣਾਂ ਦਾ ਮਿਸ਼ਰਣ ਪ੍ਰਦਰਸ਼ਿਤ ਕੀਤਾ, ਜਿਸ ਨੇ ਇਕੱਠੇ ਇੱਕ 'ਘਾਤਕ ਸਵੈ ਪ੍ਰਸੰਸਕ ਜਨੂੰਨ' (ਆਪਣੇ ਆਪ ਲਈ ਇੱਕ ਅਸਾਧਾਰਨ ਅਤੇ ਬਹੁਤ ਜਿਆਦਾ ਪ੍ਰਸ਼ੰਸਾ।) ਬਣਾਇਆ। ਮੁਸੋਲਿਨੀ ਅਤੇ ਦੂਜੇ ਵਿਸ਼ਵ ਯੁੱਧ ਦੇ ਹੋਰ ਤਾਨਾਸ਼ਾਹ ਅਪਰਾਧ ਤੋਂ ਲੈ ਕੇ ਅਸਧਾਰਨ ਸਵੈ ਪ੍ਰਸੰਸਕ ਜਨੂੰਨੀ ਸ਼ਖਸੀਅਤੀ ਵਿਕਾਰ ਦੇ ਨਾਲ ਮਨੋਰੋਗੀਆਂ ਦੀ ਲੜੀ ਵਿੱਚ ਸ਼ਾਮਲ ਸਨ, ਉਹ ਇੱਕ ਬਿਮਾਰ ਸ਼ਖਸ਼ੀਅਤ ਸਨ।

ਖੋਜ ਮਨੋਵਿਗਿਆਨੀ ਕੇਵਿਨ ਡਟਨ ਦੇ ਅਧਿਐਨ ਵਿੱਚ ਚੋਟੀ ਦੇ ਪੰਜ ਇਤਿਹਾਸਕ ਵਿਅਕਤੀ ਸਾਬਕਾ ਇਰਾਕੀ ਤਾਨਾਸ਼ਾਹ ਸੱਦਾਮ ਹੁਸੈਨ, ਹੈਨਰੀ ਅੱਠਵੇਂ, ਯੂਗਾਂਡਾ ਦੇ ਸਾਬਕਾ ਤਾਨਾਸ਼ਾਹ ਈਦੀ ਅਮੀਨ, ਅਡੌਲਫ ਹਿਟਲਰ ਅਤੇ ਵਿਲੀਅਮ ਕਨਕਰਰ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿੱਚ ਨਾਜ਼ੀ ਤਾਨਾਸ਼ਾਹ ਅਡੌਲਫ ਹਿਟਲਰ ਨਾਲੋਂ ਜ਼ਿਆਦਾ ਮਨੋਰੋਗ ਗੁਣ ਹਨ। ਆਕਸਫੋਰਡ ਯੂਨੀਵਰਸਿਟੀ ਵਿੱਚ ਵਿਕਸਤ ਕੀਤੇ ਗਏ ਪਿਛਲੇ ਅਤੇ ਮੌਜੂਦਾ ਵਿਸ਼ਵ ਨੇਤਾਵਾਂ ਦੀ ਇੱਕ ਵਿਲੱਖਣ ਦਰਜਾਬੰਦੀ ਦੇ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਮਨੋਵਿਗਿਆਨਕ ਗੁਣਾਂ ਵਿੱਚ ਅਡੌਲਫ ਹਿਟਲਰ ਨਾਲੋਂ ਉੱਚਾ ਦਰਜਾ ਰੱਖਦੇ ਹਨ। (23 ਅਗਸਤ, 2016, ਹਿੰਦੁਸਤਾਨ ਟਾਈਮਜ਼)

ਡੋਨਾਲਡ ਟਰੰਪ ਦੇ ਕਹੇ ਜਾਂਦੇ ਗੂੜ੍ਹੇ ਮਿੱਤਰ ਭਾਰਤੀ ਪ੍ਰਧਾਨ ਮੰਤਰੀ ਨਿਰੇਂਦਰ ਮੋਦੀ ਨੇ 22 ਸਤੰਬਰ, 2019 ਨੂੰ ਹਿਊਸਟਨ ਦੇ ਐੱਨ ਆਰ ਜੀ ਸਟੇਡੀਅਮ ਵਿਖੇ 'ਹਾਊਡੀ ਮੋਦੀ' ਪ੍ਰੋਗਰਾਮ ਦੌਰਾਨ ਡੋਨਾਲਡ ਟਰੰਪ ਦੀ 2020 ਦੀ ਮੁੜ ਚੋਣ ਦਾਅਵੇਦਾਰੀ ਦੀ ਸ਼ਲਾਘਾ ਕਰਦੇ ਹੋਏ 'ਅਬਕੀ ਬਾਰ, ਟਰੰਪ ਸਰਕਾਰ' ਕਿਹਾ। ਇਸ ਤੋਂ ਮੋਦੀ ਅੰਦਰ ਮਨੋਰੋਗੀ ਹੋਣ ਦੇ ਲੱਛਣ ਦਿਖਾਈ ਦੇਣ ਲੱਗ ਪਏ ਹਨ।

ਮਨੋਰੋਗੀ ਸਿਆਸਤਦਾਨ ਧਨ-ਦੌਲਤ ਅਤੇ ਸੱਤਾ ਦੇ ਭੁਖੇ ਹੁੰਦੇ ਹਨ। ਉਹ ਇਹ ਸਭ ਕੁਝ ਪ੍ਰਾਪਤ ਕਰਨ ਲਈ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਹਨ।

'ਇੱਕ ਮਨੋਰੋਗੀ ਇੱਕ ਹੋਰ ਵਿਸ਼ਵ ਵਿੱਤੀ ਸੰਕਟ ਪੈਦਾ ਕਰਨ ਤੋਂ ਨਹੀਂ ਝਿਜਕਦਾ, ਜੇ ਇਸ ਵਿੱਚ ਉਨ੍ਹਾਂ ਲਈ ਕੁਝ ਫਾਇਦਾ ਹੁੰਦਾ ਹੋਵੇ।' ਮਨੋਰੋਗ ਨੂੰ ਉੱਚ ਸਾਲਾਨਾ ਆਮਦਨ ਨਾਲ ਵੀ ਜੋੜਿਆ ਗਿਆ ਹੈ, ਨਾਲ ਹੀ ਕਾਰਪੋਰੇਸ਼ਨ ਦੇ ਅੰਦਰ ਇੱਕ ਉੱਚ ਦਰਜੇ ਦੇ ਅਹੁਦੇ ਨਾਲ। ਇੱਕ ਕਰਮਚਾਰੀ ਜਿੰਨਾ ਜ਼ਿਆਦਾ ਮਨੋਰੋਗੀ ਹੋਵੇਗਾ, ਉਹ ਕਾਰਪੋਰੇਟ ਵਿੱਤੀ ਪੌੜੀ ਉੱਤੇ ਓਨਾ ਹੀ ਉੱਪਰ ਜਾਵੇਗਾ। ਇਹ ਉਹਨਾਂ ਖੋਜਾਂ ਨਾਲ ਮੇਲ ਖਾਂਦਾ ਹੈ, ਜੋ ਦਰਸਾਉਂਦੇ ਹਨ ਕਿ ਸੰਗਠਨਾਂ ਦੇ ਸਿਖਰ 'ਤੇ ਹੇਠਲੇ ਨਾਲੋਂ ਜ਼ਿਆਦਾ ਮਨੋਰੋਗੀ ਹਨ। (ਹੈਰੀਸਨ ਕੋਹੇਲੀ, ਰਾਜਨੀਤਕ ਪੋਨੇਰੋਲੋਜੀ)

ਮਸ਼ਹੂਰ ਸਵਿਸ ਮਨੋਵਿਗਿਆਨੀ ਅਡੌਲਫ਼ ਗੁਗੇਨਬੁਲ-ਕ੍ਰੇਗ, ਜੋ ਕਿ 'ਦਿ ਐਂਪਟੀਡ ਸੋਲ' ਦੇ ਜੁੰਗੀਅਨ ਲੇਖਕ ਹਨ, ਦਾ ਮੰਨਣਾ ਹੈ ਕਿ ਸਾਡੇ ਵਿਚਕਾਰ ਚੱਲਣ ਵਾਲੇ ਬਹੁਤ ਸਾਰੇ ਮਨੋਰੋਗੀ ਅਕਸਰ ਸਮਾਜ ਵਿੱਚ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਹਨ। ਅਡੌਲਫ਼ ਗੁਗੇਨਬੁਲ-ਕ੍ਰੇਗ ਉਨ੍ਹਾ ਨੂੰ 'ਮੁਆਵਜ਼ਾ ਪ੍ਰਾਪਤ' ਮਨੋਰੋਗੀ ਕਹਿੰਦੇ ਹਨ। ਬਦਕਿਸਮਤੀ ਨਾਲ ਜੇਲ੍ਹ ਜਾਂ ਮਾਨਸਿਕ ਹਸਪਤਾਲ ਤੋਂ ਇਲਾਵਾ ਹੋਰ ਥਾਵਾਂ 'ਤੇ ਦਿਖਾਈ ਦੇਣ ਵਾਲਾ ਮਨੋਰੋਗੀ ਇੱਕ ਬਹੁਤ ਹੀ ਖਤਰਨਾਕ ਅਤੇ ਇੱਕ ਆਮ ਸਮਾਜਿਕ ਸਮੱਸਿਆ ਹੈ। ਕੈਨੇਡੀਅਨ ਖੋਜ ਕਹਿੰਦੀ ਹੈ ਕਿ ਮਨੋਰੋਗੀ ਮਨਮੋਹਕ ਬਣ ਕੇ ਧੋਖਾ ਦੇ ਸਕਦੇ ਹਨ। ਪੂੰਜੀਵਾਦੀ ਵਿਵਸਥਾ ਅੰਦਰ, 'ਪੂੰਜੀਵਾਦ ਮਨੋਰੋਗੀਆ ਦੁਆਰਾ ਅਤੇ ਮਨੋਰੋਗੀਆਂ ਲਈ ਚਲਾਇਆ ਜਾਣ ਵਾਲਾ ਇੱਕ ਆਰਥਕ-ਸਮਾਜਕ ਪ੍ਰਬੰਧ ਹੈ।'

ਲੋਕਤੰਤਰ ਨੂੰ ਅਜਿਹੇ ਸਿਆਸਤਦਾਨਾਂ ਤੋਂ ਬਚਾਉਣਾ ਅਤਿ ਜ਼ਰੂਰੀ ਬਣ ਗਿਆ ਹੈ, ਇਹੀ ਕਾਰਨ ਹੈ ਕਿ ਇਹ ਪਾਖੰਡੀ ਲੋਕਤੰਤਰ ਨੂੰ ਨਫ਼ਰਤ ਕਰਦੇ ਹਨ। ਇੱਕ ਵਾਰ ਜਦੋਂ ਉਹ ਸੱਤਾ ਪ੍ਰਾਪਤ ਕਰ ਲੈਂਦੇ ਹਨ ਤਾਂ ਉਹ ਲੋਕਤੰਤਰੀ ਸੰਸਥਾਵਾਂ ਨੂੰ ਖਤਮ ਕਰਨ ਅਤੇ ਬਦਨਾਮ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ, ਜਿਸ ਵਿੱਚ ਪ੍ਰੈੱਸ ਦੀ ਆਜ਼ਾਦੀ ਅਤੇ ਜਾਇਜ਼ਤਾ ਸ਼ਾਮਲ ਹੈ।

ਲੋਕਤੰਤਰ ਦੇ ਏਕਾਅਧਿਕਾਰਵਾਦ ਵਿੱਚ ਤਬਦੀਲ ਹੋਣ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੁੰਦਾ ਹੈ। ਇੱਕ ਪੂੰਜੀਵਾਦੀ ਪ੍ਰਣਾਲੀ ਅਜਿਹੇ ਵਿਹਾਰ ਲਈ ਪ੍ਰੋਤਸਾਹਨ ਪ੍ਰਦਾਨ ਕਰਦੀ ਹੈ, ਜਿਸ ਨੂੰ ਮਨੋਰੋਗੀ ਮੰਨਿਆ ਜਾ ਸਕਦਾ ਹੈ। ਪੂੰਜੀਵਾਦ ਆਪਣੀ ਸਭ ਤੋਂ ਵੱਧ ਬੇਰਹਿਮੀ ਨਾਲ ਮਨੋਰੋਗ ਦਾ ਇੱਕ ਭੌਤਿਕ ਪ੍ਰਗਟਾਵਾ ਹੈ। ਪੂੰਜੀਵਾਦ ਅਤੇ ਮਨੋਰੋਗ ਇੱਕ-ਦੂਜੇ ਨਾਲ ਸੰਪੂਰਨ ਵਿਆਹ ਦੀ ਤਰ੍ਹਾਂ ਬੱਝੇ ਹੁੰਦੇ ਹਨ, ਜਿਨ੍ਹਾਂ ਵਿਚਕਾਰ ਤਲਾਕ ਦੀ ਕੋਈ ਸੰਭਾਵਨਾ ਨਹੀ ਹੁੰਦੀ।

ਇਸ ਤਰ੍ਹਾਂ ਪੂੰਜੀਵਾਦ ਦਾ ਮਨੋਰੋਗ 'ਬਾਹਰ ਕੱਢਣ ਵਾਲੇ', ਅਮੂਰਤ ਅਤੇ ਸਦੀਵੀ 'ਮੈਂ', ਦੂਜਿਆਂ ਦੀ ਉਦਾਸੀਨਤਾ, ਸੁਆਰਥ ਦੀ ਸਵੈ-ਪ੍ਰਵਿਰਤੀ ਦੇ ਦ੍ਰਿਸ਼ਟੀਕੋਣ ਵਿੱਚ ਨਿਹਿਤ ਹੈ। ਆਪਣੀ ਤਰਕਪੂਰਨ ਹੱਦ ਤੱਕ ਲਿਜਾਇਆ ਜਾਣ 'ਤੇ ਇਹ 'ਨਾਰਸੀਸਿਸਟਿਕ', ਸਮਾਜ-ਵਿਰੋਧੀ ਅਤੇ ਸਮਾਜਿਕ ਰੋਗ ਸੰਬੰਧੀ ਬਿਮਾਰੀਆਂ ਨੂੰ ਜਨਮ ਦਿੰਦਾ ਹੈ, ਜਿਨ੍ਹਾਂ ਨੂੰ ਪੂੰਜੀਵਾਦ ਖੁਦ ਬਿਮਾਰੀਆਂ ਵਜੋਂ ਪ੍ਰਭਾਸ਼ਤ ਕਰਦਾ ਹੈ। ਇਹਨਾਂ ਨੂੰ ਵਿਅਕਤੀਆਂ ਦੀਆਂ ਰੋਗ ਸੰਬੰਧੀ ਬਿਮਾਰੀਆਂ ਮੰਨਿਆ ਜਾਂਦਾ ਹੈ, ਜਿਨ੍ਹਾਂ ਦਾ ਪੂੰਜੀਵਾਦ ਤੋਂ ਖਹਿੜਾ ਛੁਡਾਉਣ ਨਾਲ ਹੀ ਇਸ ਦੇ ਇਲਾਜ ਵੱਲ ਅੱਗੇ ਵਧਿਆ ਜਾ ਸਕਦਾ ਹੈ।

**# ਸੰਪਰਕ : 98550-04500**

# ਖਾਣੀਆਂ ਤਾਂ ਬੰਦਿਆ ਤੂੰ ਦੋ ਰੋਟੀਆਂ

**ਮਾਸਟਰ ਲਖਵਿੰਦਰ ਸਿੰਘ**

ਦਫ਼ਤਰ ਦੀ ਕੁਰਸੀ 'ਤੇ ਬੈਠੇ ਨੂੰ ਕਾਫੀ ਸਮਾਂ ਹੋ ਗਿਆ ਸੀ । ਉਬਾਸੀ 'ਤੇ ਉਬਾਸੀ ਆਉਣੀ ਸ਼ੁਰੂ ਹੋ ਗਈ । ਉਧਰੋਂ ਇੱਕ ਕੁਲਹਿਣੀ ਜਿਹੀ ਮੱਖੀ ਸਾਡੀ ਕੋਈ ਪੇਸ਼ ਨਾ ਜਾਣ ਦੇਵੇ । ਸਾਡੀ ਖੜੀ ਮੁੱਛ ਦੇ ਰੋਹਬ-ਦਾਬ ਦੇ ਬਾਵਜੂਦ ਉਹ ਨਿਡਰ ਹੋ ਕੇ ਕਦੇ ਨੱਕ 'ਤੇ ਕਦੇ ਗੱਲ੍ਹ 'ਤੇ ਬਹਿ ਕੇ ਪਿਆਰ-ਮੁਹੱਬਤ ਦੀ ਭਿਣ ਭਿਣ ਦੀ ਹੇਕ ਵਿੱਚ ਗੀਤ ਸੁਣਾਈ ਜਾਵੇ ਤੇ ਸਾਨੂੰ ਬੜੀ ਖਿਝ ਚੜ੍ਹੀ ਜਾਵੇ ਕਿ ਇੱਕ ਪਾਸੇ ਇਸ ਬਦਤਮੀਜ਼ ਮੱਖੀ ਨੇ ਸਤਾਅ ਮਾਰਿਆ ਤੇ ਦੂਜੇ ਪਾਸੇ ਦੀਵਾਲੀ ਸਿਰ 'ਤੇ ਆਉਣ ਦੇ ਬਾਵਜੂਦ ਅਜੇ ਤੱਕ ਸੋਨੇ ਦੇ ਆਂਡੇ ਦੇਣ ਵਾਲੀ ਕੋਈ ਵੀ ਮੁਰਗੀ ਕਾਬੂ ਨਹੀਂ ਆ ਰਹੀ ਤੇ ਨਾ ਹੀ ਨੇੜੇ-ਤੇੜੇ ਵੀ ਕੋਈ ਕੁੜ-ਕੁੜ ਸੁਣਾਈ ਦੇ ਰਹੀ ਐ । ਪਤਾ ਨਹੀਂ ਐਤਕੀਂ ਕਿਹੜਾ ਸੱਪ ਸੁੰਘ ਗਿਆ ਏਹਨਾਂ ਇਹੀ ਸੋਚ-ਸੋਚ ਕੇ ਸਾਡੀ ਸੁਰਤੀ ਨੇ ਲੰਘੇ ਮੌਜ ਬਹਾਰਾਂ ਦੇ ਵੇਲਿਆਂ ਨੂੰ ਜਾ ਜੱਫਾ ਮਾਰਿਆ । ਸਾਡੀ ਕਾਟੋ ਦੀਆਂ ਨਿੱਤ ਫੁੱਲਾਂ 'ਤੇ ਖੇਡਣ ਦੀਆਂ ਮਿੱਠੀਆਂ-ਮਿੱਠੀਆਂ ਯਾਦਾਂ ਚੇਤਿਆਂ ਦੀ ਚੰਗੇਰ 'ਚੋਂ ਫੁੱਟਣ ਲੱਗ ਪਈਆਂ। ਦੀਵਾਲੀਆਂ ਵਰਗੇ ਦਿਨਾਂ-ਦਿਹਾੜੇ ਦੇ ਸੁਨਹਿਰੀ ਦਿਨਾਂ ਵਿਚ ਤਾਂ ਤਿਉਹਾਰਾਂ ਤੋਂ ਦਸ-ਪੰਦਰਾਂ ਦਿਨ ਪਹਿਲਾਂ ਈ ਸਾਡੀ ਕੁਰਸੀ ਦੀ ਤਾਕਤ ਦੀ ਆਰਤੀ ਉਤਾਰਨ ਲਈ ਝੁੰਡਾਂ ਦੇ ਝੁੰਡ ਆਣ ਸਾਡੇ ਆਲੇ-ਦੁਆਲੇ ਮੰਡਰਾਉਣ ਲੱਗ ਪੈਂਦੇ ਸਨ । ਕੋਈ ਹਰਜਾਨਾ, ਕੋਈ ਨਜ਼ਰਾਨਾ , ਕੋਈ ਸ਼ੁਕਰਾਨਾ ਦੇਣ ਤੇ ਕੋਈ ਵਧਾਈ ਵਜੋਂ ਮਿੱਠਾ ਮੂੰਹ ਕਰਵਾਉਣ ਲਈ ਹੀ ਆਣ ਹਾਜ਼ਰੀ ਭਰ ਜਾਂਦਾ ਤਾਂ ਕਿ ਉਨ੍ਹਾਂ ਉੱਪਰ ਸਾਡੇ ਤਾਕਤੀ ਝੁਰਲੂ ਦੀ 'ਕਿਰਪਾ' ਬਣੀ ਰਹੇ । ਉਹ ਬੇਖੌਫ ਹੋ ਕੇ ਪੁੱਠੇ-ਸਿੱਧੇ ਕੰਮਾਂ ਨੂੰ ਪੂਰਾ ਗੇੜਾ ਦਿੰਦੇ ਰਹਿਣ ਤੇ ਉਨ੍ਹਾਂ ਨੂੰ ਪੁੱਛਣ-ਗਿੱਛਣ ਦਾ ਕੋਈ ਹੀਆ ਵੀ ਨਾ ਕਰ ਸਕੇ ।

ਅਸੀਂ ਵੀ ਬਗੈਰ ਕਿਸੇ ਕੰਜੂਸੀ ਦੇ ਆਪਣੀ 'ਕਿਰਪਾ' ਦੇ ਗੱਫਿਆਂ ਦੇ ਭਰ-ਭਰ ਬੁੱਕ ਵੀ ਵੰਡਣ ਵਿੱਚ ਕੋਈ ਕਸਰ ਨਾ ਰਹਿਣ ਦਿੰਦੇ। ਕੁਰਸੀ ਸਮੇਤ ਪੂਰਾ ਦਫ਼ਤਰ ਹੀ 'ਕਿਰਪਾ' ਕਰਨ ਦੀ ਇਹ ਸੇਵਾ ਨਿਭਾਉਣ ਵਿੱਚ ਈ ਲਾ ਦਿੰਦੇ। ਇਸ ਛਤਰ-ਛਾਇਆ ਹੇਠ ਬੇਫ਼ਿਕਰ ਮੁਰਗੀਆਂ ਏਧਰ-ਉਧਰ ਜਿੱਥੇ ਵੀ ਜੀਅ ਕਰਦਾ, ਠੂੰਗੇ ਮਾਰ-ਮਾਰ ਕੇ ਸੁੱਜ ਭੜੋਲਾ (ਮੋਟੀਆਂ) ਹੋਈ ਜਾਂਦੀਆਂ ।ਸੋ ਇਨ੍ਹਾਂ 'ਤੇ ਜਿੰਨਾ ਮਾਸ ਚੜ੍ਹਦਾ, ਯਾਨੀ ਇਨ੍ਹਾਂ ਨੂੰ ਦੋ ਨੰਬਰ ਦੀ ਕਮਾਈ ਜਿੰਨੀ ਵੱਧ ਹੁੰਦੀ, ਓਨੀ ਹੀ ਸਾਡੀ ਚੁੰਝ ਵੱਧ ਹਰੀ ਹੁੰਦੀ ਰਹਿੰਦੀ। ਏਸੇ ਕਮਾਊ ਫਾਰਮੂਲੇ ਨੂੰ ਵਰਤੋਂ ਵਿੱਚ ਲਿਆਉਣ ਲਈ ਅਸੀਂ ਮੁਰਗੀਆਂ ਦੀ ਹਿਫ਼ਾਜ਼ਤ ਕਰਨ ਦੇ ਇਸ ਅਖੌਤੀ ਫਰਜ਼ ਨੂੰ ਪੂਰਾ ਕਰਨ ਲਈ ਕਿਸੇ ਵੀ ਕਾਨੂੰਨ ਦੀ ਕੋਈ ਪ੍ਰਵਾਹ ਹੀ ਨਹੀਂ ਮੰਨਦੇ ਸਾਂ, ਸਗੋਂ ਚੰਮ ਦੀਆਂ ਚਲਾ-ਚਲਾ ਕਈ ਹਮਾਤੜਾਂ ਦੇ ਨੱਕਾਂ ਵਿੱਚ ਹੀ ਦਮ ਕਰਕੇ ਉਨ੍ਹਾਂ ਹੱਕ-ਹਕੂਕਾਂ ਨੂੰ ਸੂਲੀ ਚਾੜ੍ਹੀ ਰੱਖਦੇ ਤੇ ਉਨ੍ਹਾਂ ਗਲ਼ ਵਿੱਚ ਅੰਗੂਠਾ ਦੇ ਕੇ ਹੀ ਸਾਹ ਲੈਂਦੇ। ਅਸਲ ਫ਼ਰਜ਼ਾਂ ਨੂੰ ਪਿੱਠ ਵਿਖਾਉਂਦਿਆਂ ਮੁਰਗੀਆਂ ਦੀ ਪੂਰੀ ਪੁਸ਼ਤ-ਪਨਾਹੀ ਕਰਨ ਵਿੱਚ ਰੁਝੇ ਰਹਿੰਦੇ । ਚਹੇਤਿਆਂ ਦੀ ਚਮੜੀ ਬਚਾਉਣ ਲਈ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣ ਤੋਂ ਵੀ ਪਿੱਛੇ ਨਾ ਹਟਦੇ । ਕਾਨੂੰਨ ਦੇ ਰਾਖਿਆਂ ਵੱਲੋਂ ਅਚਨਚੇਤ ਪੈਣ ਵਾਲੇ ਛਾਪਿਆਂ ਦੀਆਂ ਸੂਹਾਂ ਨੂੰ ਪਹਿਲਾਂ ਹੀ ਆਪਣੇ ਚਹੇਤਿਆਂ ਤੱਕ ਪਹੁੰਚਾਉਣ ਨੂੰ ਆਪਣਾ ਨੈਤਿਕ ਫਰਜ਼ ਸਮਝਦਿਆਂ ਹਮੇਸ਼ਾ ਹੀ ਖ਼ਬਰਦਾਰ ਕਰਨ ਦਾ ਪੁੰਨ ਖੱਟਿਆ, 'ਓ ਭਲੇਮਾਣਸੋ ! ਸਾਂਭ ਲਵੋ ਆਪਣਾ ਮਾਲ ਮੱਤਾ ਸਾਰਾ ਤੇ ਆਪ ਵੀ ਕੁਝ ਦਿਨਾਂ ਲਈ ਵਿੱਥਾਂ ਖੂੰਜਿਆਂ ਵਿਚ ਛੂੰ-ਮੰਤਰ ਹੋ ਜਾਓ ਛੂੰ-ਮੰਤਰ । ਸ਼ੇਰ ਪੈਣ ਵਾਲਾ ਜੇ ਸ਼ੇਰ।' ਪਰ ਕੋਈ ਖਾਸ ਫ਼ਿਕਰ-ਫੁਕਰ ਕਰਨ ਦੀ ਲੋੜ ਨਹੀਂ ਆਂ, ਸ਼ੇਰ ਵੱਲੋਂ ਵਿੱਢੀ ਇਸ ਮੁਹਿੰਮ ਦੀ ਫੂਕ ਵੀ ਛੇਤੀ ਹੀ ਨਿਕਲ ਜਾਣੀ ਆਂ ? ਤੇ ਜਿਸ ਪਿੱਛੋਂ ਆਪਣੀਆਂ ਫਿਰ ਤੋਂ ਪੌਂ ਬਾਰਾਂ ਹੋਣੀਆਂ ਸ਼ੁਰੂ ਹੋ ਜਾਣੀਆਂ ।

ਸਾਡੇ ਪਾਲਤੂ 'ਬਾਗੜ ਬਿੱਲੇ' ਇਨ੍ਹਾਂ ਮੁਰਗੀਆਂ 'ਤੇ ਪੂਰੀ ਨਿਗ੍ਹਾ ਰੱਖਦੇ। ਅਗਰ ਕੋਈ ਚਤਰ-ਚਲਾਕ ਮੁਰਗੀ ਸਾਡੀ ਦਾਹੜ ਥੱਲੇ ਆਉਣ ਤੋਂ ਬਚਣ ਦਾ ਯਤਨ ਵੀ ਕਰਦੀ ਤਾਂ ਸਾਡੇ ਬਾਗੜ ਬਿੱਲੇ ਉਸ ਦੀ ਪੂਰੀ ਚੱਕਰੀ ਘੁੰਮਾਉਂਦੇ ਹੋਏ ਉਸ ਨੂੰ ਐਸੇ ਗਧੀ ਗੇੜੇ ਪਾ ਦਿੰਦੇ ਕਿ ਉਹਨੂੰ ਨਾਨੀਕੀ ? ...ਪੂਰਾ ਨਾਨਕਾ ਪਰਵਾਰ ਵੀ ਚੇਤੇ ਆ ਜਾਂਦਾ ਤੇ ਫਿਰ ਉਹੀ ਹਾਰ-ਹੰਭ ਕੇ ਸਭ ਚਤਰ-ਚਲਾਕੀਆਂ ਨੂੰ ਭੁੱਲ-ਭੁਲਾ ਕੇ ਡੰਡਾਉਤ ਕਰਦੀ ਹੋਈ ਸਾਡੀ ਸ਼ਰਨ ਵਿੱਚ ਆ ਹਾਜ਼ਰ ਹੁੰਦੀ ।

ਸੋ ਸਾਡੇ ਇਸ ਕਮਾਊ ਧੰਦੇ ਵਿੱਚ 'ਬਾਗੜ ਬਿੱਲਿਆਂ' ਦਾ ਵੀ ਪੂਰਾ ਯੋਗਦਾਨ ਰਿਹਾ ।ਇਸ ਯੋਗਦਾਨ ਬਦਲੇ ਅਸੀਂ ਵੀ ਉਨ੍ਹਾਂ ਦੇ ਬਣਦੇ ਮਿਹਨਤਾਨੇ (ਕਮਿਸ਼ਨ) ਦਾ ਕਦੇ ਹੱਕ ਨਹੀਂ ਸੀ ਮਾਰਿਆ। ਉਹ ਜਿੰਨੀ ਵੱਡੀ ਮੁਰਗੀ ਲਿਆਉਂਦੇ, ਓਨੀ ਹੀ ਵੱਡੀ ਮਾਸ ਦੀ ਬੋਟੀ ਉਨ੍ਹਾਂ ਦੇ ਹਵਾਲੇ ਕਰ ਦਿੰਦੇ ।

ਏਸੇ ਮਨਮੋਹਣੀ ਫੀਲਿੰਗ ਵਿਚ ਡੁੱਬਕੀਆਂ ਲਾ-ਲਾ ਕੇ ਅਜੇ ਮੌਜ-ਮਸਤੀ ਹੀ ਕਰਨ ਵਿਚ ਮਗਨ ਸਾਂ ਕਿ ਸਾਡਾ ਹੀ ਇੱਕ 'ਬਾਗੜ ਬਿੱਲਾ' ਨੋਟਾਂ ਦਾ ਥੱਬਾ ਲੈ ਕੇ ਆਣ ਹਾਜ਼ਰ ਹੋਇਆ। ਨੋਟਾਂ ਦੇ ਥੱਬੇ ਨੂੰ ਵੇਖ ਕੇ ਸਾਡੀਆਂ ਵਿੜਾਂਛਾਂ ਹੀ ਖਿੜ ਗਈਆਂ । ਨਾ ਅੱਗਾ ਵੇ ਤੇ ਨਾ ਪਿੱਛਾ ਜਾ ਨੋਟਾਂ ਨੂੰ ਹੱਥ ਪਾਇਆ । ਅਜੇ ਨੋਟਾਂ ਦਾ ਇੱਕ ਰੁੱਗ ਹੀ ਭਰਿਆ ਸੀ ਕਿ ਸ਼ੇਰ ਨੇ ਆ ਢਾਹਿਆ । ਦਰਅਸਲ ਸਾਡੇ ਇਸ ਬਾਗੜ ਬਿੱਲੇ ਨੂੰ ਅੱਗੇ ਲਾ ਕੇ ਸ਼ੇਰ ਸਾਨੂੰ ਦਬੋਚਣ 'ਚ ਕਾਮਯਾਬ ਹੋ ਗਿਆ। ਸ਼ੇਰ ਦੀ ਇਸ ਸਫ਼ਲ ਮੁਹਿੰਮ ਨੇ ਤਾਂ ਹੁਣ ਸਾਡੇ ਅਜਿਹੇ ਬਹੁਤ ਸਾਰਿਆਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ ਆ। ਸਿਆਣਿਆਂ ਦਾ ਕਿਹਾ, 'ਸੌ ਦਿਨ ਚੋਰ ਦਾ ਇੱਕ ਦਿਨ ਸਾਧ ਦਾ ।' ਸੱਚ ਹੋ ਨਿਕਲਿਆ ਤੇ ਹੁਣ ਅੱਖਾਂ ਅੱਗੇ ਉੱਡਦੇ ਭੰਬੂਤਾਰਿਆਂ ਵਿੱਚੋਂ ਸਾਨੂੰ ਇਹੀ ਦਿਸਣ ਵੀ ਤੇ ਮਹਿਸੂਸ ਹੋਣ ਲੱਗ ਪਿਆ, 'ਖਰੀਆਂ ਕਮਾ ਲੈ ਜਾਂ ਕਮਾ ਲੈ ਖੋਟੀਆਂ ਖਾਣੀਆਂ ਤਾਂ ਬੰਦਿਆ ਤੂੰ ਦੋ ਰੋਟੀਆਂ । ਦੋ ਨੰਬਰ ਦੀ ਕਮਾਈ ਦੀ ਅੰਨ੍ਹੀ ਲਾਲਸਾ ਸਭ ਬਣੀ-ਬਣਾਈ ਇੱਜ਼ਤ ਨੂੰ ਰੋਲ ਕੇ ਰੱਖਣ ਦੇ ਸਮਰੱਥ ਹੈ ।

**#ਵਟਸਐਪ+9198764-74858**

# ਨਗਰ ਨਿਗਮ ਨੂੰ ਰੇਹੜੀ-ਫੜ੍ਹੀ ਵਾਲਿਆਂ ਨੂੰ ਉਜਾੜਨ ਦਾ ਹੱਕ ਨਹੀਂ



ਐੱਮ ਐੱਸ ਭਾਟੀਆ

ਸਟ੍ਰੀਟ ਵੈਂਡਰਜ਼ (ਰੋਜ਼ੀ-ਰੋਟੀ ਦੀ ਸੁਰੱਖਿਆ ਅਤੇ ਸਟ੍ਰੀਟ ਵੈਂਡਿੰਗ ਦਾ ਨਿਯਮਨ) ਐਕਟ, 2014 , ਨਗਰ ਕੌਂਸਲ ਦੀਆਂ ਰੇਹੜੀ-ਫੜ੍ਹੀ ਵਾਲਿਆਂ ਪ੍ਰਤੀ ਸ਼ਕਤੀਆਂ ਨਾਲੋਂ ਉਤੇ ਹੈ-ਭਾਵੇਂ ਉਹ ਬਿਨਾਂ ਲਾਇਸੈਂਸ ਵਾਲੇ ਹੀ ਕਿਉਂ ਨਾ ਹੋਣ। ਨਿਸ਼ਮ ਬਨਾਮ ਚਾਵੱਕੜ ਨਗਰ ਪਾਲਿਕਾ ਅਤੇ ਹੋਰ, ਕੇਸ ਨੰ: 2025: ਕੇਈਆਰ:74984 ਵਿੱਚ ਕੇਰਲ ਹਾਈ ਕੋਰਟ ਦੇ ਮਾਣਯੋਗ ਜੱਜ ਜਸਟਿਸ ਮੁਹੰਮਦ ਨਿਆਸ ਨੇ ਫੈਸਲਾ ਸੁਣਾਇਆ ਹੈ ਕਿ ਸਟ੍ਰੀਟ ਵੈਂਡਰਜ਼ (ਰੋਜ਼ੀ-ਰੋਟੀ ਦੀ ਸੁਰੱਖਿਆ ਅਤੇ ਸਟ੍ਰੀਟ ਵੈਂਡਿੰਗ ਦਾ ਨਿਯਮਨ) ਐਕਟ, 2014 ਦੇ ਅਧੀਨ ਦਿੱਤੀਆਂ ਗਈਆਂ ਸ਼ਕਤੀਆਂ ਕੇਰਲ ਨਗਰ ਪਾਲਿਕਾ ਐਕਟ, 1994 ਦੇ ਅਧੀਨ ਦਿੱਤੀਆਂ ਗਈਆਂ ਸ਼ਕਤੀਆਂ ਨਾਲੋਂ ਤਰਜੀਹ ਦਿੰਦੀਆਂ ਹਨ, ਭਾਵੇਂ ਕੋਈ ਸਟ੍ਰੀਟ ਵੈਂਡਰ ਬਿਨਾਂ ਕਿਸੇ ਵਪਾਰਕ ਲਾਇਸੈਂਸ ਦੇ ਕੰਮ ਹੀ ਕਿਉਂ ਨਾ ਕਰਦਾ ਹੋਵੇ। ਜਸਟਿਸ ਮੁਹੰਮਦ ਨਿਆਸ ਦੇ ਬੈਂਚ ਨੇ ਸਪੱਸ਼ਟ ਕੀਤਾ ਕਿ ਸਟ੍ਰੀਟ ਵੈਂਡਰ ਵਿਰੁੱਧ ਕੋਈ ਵੀ ਨਗਰ ਪਾਲਿਕਾ ਕਾਰਵਾਈ ਕੇਰਲ ਸਟ੍ਰੀਟ ਵੈਂਡਰਜ਼ ਸਕੀਮ, 2019 ਵਿੱਚ ਨਿਰਧਾਰਤ ਪ੍ਰਕਿਰਿਆਤਮਕ ਸੁਰੱਖਿਆ ਉਪਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ, ਜੋ ਕਿ 2014 ਐਕਟ ਦੀ ਧਾਰਾ 38 ਦੇ ਤਹਿਤ ਬਣਾਈ ਗਈ ਸੀ। ਪਿਛੋਕੜ ਅਦਾਲਤ ਚਾਵੱਕੜ ਨਗਰ ਪਾਲਿਕਾ ਦੁਆਰਾ ਉਸ ਦੀ ਵਿਕਰੇਤਾ ਗੱਡੀ ਨੂੰ ਜ਼ਬਤ ਕਰਨ ਨੂੰ ਚੁਣੌਤੀ ਦੇਣ ਵਾਲੀ ਇੱਕ ਮੱਛੀ ਵਿਕਰੇਤਾ ਦੁਆਰਾ ਦਾਇਰ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ। ਇਹ ਜ਼ਬਤੀ ਪਟੀਸ਼ਨਕਰਤਾ ਵਿਰੁੱਧ ਰੁਕਾਵਟ ਪਾਉਣ ਦੇ ਦੋਸ਼ ਵਿੱਚ ਦਰਜ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਹੋਈ ਸੀ।

ਸਥਾਨਕ ਪੁਲਸ ਦੀ ਸਹਾਇਤਾ ਨਾਲ ਨਗਰ ਪਾਲਿਕਾ ਨੇ ਇੱਕ ਚਾਰ ਪਹੀਆਂ ਵਾਲੀ ਵਿਕਰੇਤਾ ਗੱਡੀ, ਲੱਗਭੱਗ 82 ਕਿਲੋਗ੍ਰਾਮ ਮੱਛੀ ਅਤੇ ਦੋ ਇਲੈਕਟ੍ਰਾਨਿਕ ਤੋਲਣ ਵਾਲੇ ਕੰਡੇ ਜ਼ਬਤ ਕਰ ਲਏ ਸਨ । ਮੱਛੀ ਨੂੰ ਕਥਿਤ ਤੌਰ 'ਤੇ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ ਸੀ, ਜਦੋਂ ਕਿ ਗੱਡੀ ਅਤੇ ਤੋਲਣ ਵਾਲੀਆਂ ਮਸ਼ੀਨਾਂ ਨੂੰ ਚਾਵੱਕੜ ਨਗਰ ਪਾਲਿਕਾ ਦੇ ਸਕੱਤਰ (ਦੂਜਾ ਪ੍ਰਤੀਵਾਦੀ) ਦੀ ਹਿਰਾਸਤ ਵਿੱਚ ਰੱਖਿਆ ਗਿਆ ਸੀ।

ਕੇਰਲ ਹਾਈ ਕੋਰਟ ਵਿੱਚ ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਨਗਰ ਪਾਲਿਕਾ ਦੀਆਂ ਕਾਰਵਾਈਆਂ ਮਨਮਾਨੀ ਅਤੇ ਗੈਰ-ਕਾਨੂੰਨੀ ਸਨ, ਜੋ ਭਾਰਤ ਦੇ ਸੰਵਿਧਾਨ ਦੀ ਧਾਰਾ 19 (1) (ਜੀ) ਦੇ ਤਹਿਤ ਜੀਵਨ ਦੇ ਉਸ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਕਰਦੀਆਂ ਹਨ । ਉਸ ਨੇ ਅੱਗੇ ਦਲੀਲ ਦਿੱਤੀ ਕਿ ਰੇਹੜੀ ਅਤੇ ਸਾਮਾਨ ਨੂੰ ਜ਼ਬਤ ਕਾਨੂੰਨ ਦੀ ਉਚਿੱਤ ਪ੍ਰਕਿਰਿਆ ਤੋਂ ਬਿਨਾਂ ਕੀਤਾ ਗਿਆ ਸੀ, ਜੋ ਕਿ ਧਾਰਾ 21 ਦੀ ਉਲੰਘਣਾ ਹੈ, ਜੋ ਜੀਵਨ ਅਤੇ ਜੀਵਨ ਦੇ ਅਧਿਕਾਰ ਦੀ ਗਰੰਟੀ ਦਿੰਦੀ ਹੈ। ਇਹ ਪੇਸ਼ ਕੀਤਾ ਗਿਆ ਸੀ ਕਿ ਨਗਰ ਪਾਲਿਕਾ ਦੇ ਆਚਰਣ ਨੇ ਸਟ੍ਰੀਟ ਵੈਂਡਰਜ਼ (ਰੋਜ਼ੀ-ਰੋਟੀ ਦੀ ਸੁਰੱਖਿਆ ਅਤੇ ਸਟ੍ਰੀਟ ਵੈਂਡਿੰਗ ਦੇ ਨਿਯਮ) ਐਕਟ, 2014 ਦੀ ਧਾਰਾ 18 ਦੇ ਨਾਲ-ਨਾਲ ਕੇਰਲ ਸਟ੍ਰੀਟ ਵੈਂਡਰਜ਼ ਸਕੀਮ, 2019 ਦੀ ਧਾਰਾ 16 ਦੀ ਉਲੰਘਣਾ ਕੀਤੀ। ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਇਹਨਾਂ ਵਿੱਚੋਂ ਕਿਸੇ ਵੀ ਲਾਜ਼ਮੀ ਸੁਰੱਖਿਆ ਉਪਾਅ ਦੀ ਪਾਲਣਾ ਨਹੀਂ ਕੀਤੀ ਗਈ, ਜਿਸ ਨਾਲ ਪੂਰੀ ਜ਼ਬਤੀ ਅਤੇ ਵਿਨਾਸ਼ ਪ੍ਰਕਿਰਿਆ ਗੈਰ-ਕਾਨੂੰਨੀ ਹੋ ਗਈ।

ਕੇਰਲ ਹਾਈ ਕੋਰਟ ਨੇ ਕਿਹਾ ਕਿ ਇਸ ਗੱਲ 'ਤੇ ਜ਼ੋਰ ਦੇਣਾ ਕਿ ਪੁਜਾਰੀ ਵਜੋਂ ਨਿਯੁਕਤੀ ਲਈ ਕਿਸੇ ਵਿਅਕਤੀ ਦਾ ਖਾਸ ਜਾਤੀ ਜਾਂ ਵੰਸ਼ ਨਾਲ ਸੰਬੰਧ ਹੋਣਾ ਜ਼ਰੂਰੀ ਨਹੀਂ, ਧਾਰਮਿਕ ਅਭਿਆਸ ਦੇ ਨਤੀਜੇ ਅਦਾਲਤ ਨੇ 2019 ਯੋਜਨਾ ਦੀ ਧਾਰਾ 16 ਦੀ ਜਾਂਚ ਕੀਤੀ ਅਤੇ ਦੇਖਿਆ ਕਿ ਭਾਵੇਂ ਪਟੀਸ਼ਨਕਰਤਾ ਕੋਲ ਵਪਾਰ ਲਾਇਸੈਂਸ ਜਾਂ ਵੈਂਡਿੰਗ ਸਰਟੀਫਿਕੇਟ ਨਹੀਂ ਹੈ, ਫਿਰ ਵੀ ਨਗਰ ਪਾਲਿਕਾ ਜ਼ਬਰਦਸਤੀ ਕਾਰਵਾਈ ਕਰਨ ਤੋਂ ਪਹਿਲਾਂ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਕਰਨ ਲਈ ਮਜਬੂਰ ਸੀ।

ਅਦਾਲਤ ਨੇ ਟਿੱਪਣੀ ਕੀਤੀ-ਇਹ ਮੰਨ ਕੇ ਵੀ ਕਿ ਪਟੀਸ਼ਨਕਰਤਾ ਕੋਲ ਨਗਰ ਪਾਲਿਕਾ ਦੁਆਰਾ ਦਰਸਾਏ ਅਨੁਸਾਰ ਵਪਾਰ ਲਾਇਸੈਂਸ ਨਹੀਂ ਸੀ ਜਾਂ ਉਹ ਬਿਨਾਂ ਸਰਟੀਫਿਕੇਟ ਦੇ ਵਿਕਰੇਤਾ ਸੀ, ਨਗਰ ਪਾਲਿਕਾ ਨੂੰ ਉੱਪਰ ਦੱਸੇ ਗਏ ਪ੍ਰਕਿਰਿਆ ਦੀ ਪਾਲਣਾ ਕਰਨੀ ਪਈ, ਜੋ ਕਿ ਮੰਨਿਆ ਜਾਂਦਾ ਹੈ ਕਿ ਅਜਿਹਾ ਨਹੀਂ ਕੀਤਾ ਗਿਆ ਸੀ। ਅਦਾਲਤ ਨੇ ਅੱਗੇ ਸਪੱਸ਼ਟ ਕੀਤਾ ਕਿ ਕੇਰਲ ਨਗਰ ਪਾਲਿਕਾ ਐਕਟ ਦੀਆਂ ਧਾਰਾਵਾਂ 476 ਤੋਂ 482 ਦੇ ਅਧੀਨ ਸ਼ਕਤੀਆਂ ਨੂੰ ਮਨਮਾਨੇ ਢੰਗ ਨਾਲ ਕੀਤੀਆਂ ਕਾਰਵਾਈਆਂ ਨੂੰ ਅਧਿਕਾਰਤ ਕਰਨ ਵਜੋਂ ਨਹੀਂ ਸਮਝਿਆ ਜਾ ਸਕਦਾ ।

ਦੋਸ਼ੀ ਦਾ ਵਕੀਲ ਗਵਾਹ ਤੋਂ ਪੁੱਛਗਿੱਛ ਕਰ ਸਕਦਾ ਹੈ, ਬਾਰੇ ਅਦਾਲਤ ਨੇ ਕਿਹਾ-ਕੇਂਦਰੀ ਕਾਨੂੰਨ ਅਤੇ ਇਸ ਵਿੱਚ ਬਣਾਏ ਗਏ ਨਿਯਮਾਂ ਦੇ ਤਹਿਤ ਦਿੱਤੀ ਗਈ ਸ਼ਕਤੀ, ਖਾਸ ਕਰਕੇ ਨਿਯਮ ਨੰ. 16, ਜੋ ਵਿਕਰੇਤਾਵਾਂ ਨੂੰ ਬੇਦਖਲ ਕਰਨ ਅਤੇ ਸਾਮਾਨ ਜ਼ਬਤ ਕਰਨ ਅਤੇ ਨਿਪਟਾਰੇ ਦੇ ਢੰਗ ਨਾਲ ਸੰਬੰਧਤ ਹੈ, ਨਗਰ ਪਾਲਿਕਾ ਐਕਟ ਦੇ ਤਹਿਤ ਨਗਰ ਪਾਲਿਕਾ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਤੋਂ ਉਪਰ ਹੈ। ਅਦਾਲਤ ਨੇ ਪਾਇਆ ਕਿ ਨਗਰਪਾਲਿਕਾ ਦਾ ਵਿਵਹਾਰ ਸੰਵਿਧਾਨ ਦੇ ਅਨੁਛੇਦ 21 ਦੇ ਤਹਿਤ ਪਟੀਸ਼ਨਕਰਤਾ ਦੇ ਜੀਵਨ ਨਿਰਬਾਹ ਦੇ ਅਧਿਕਾਰ ਦੀ ਉਲੰਘਣਾ ਦੇ ਬਰਾਬਰ ਹੈ । ਇਸ ਨੇ ਨਗਰ ਪਾਲਿਕਾ ਦੀਆਂ ਕਾਰਵਾਈਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ-ਪਟੀਸ਼ਨਕਰਤਾ, ਜੋ ਕਿ ਆਪਣੀ ਹੋਂਦ ਦੇ ਹਾਸ਼ੀਏ 'ਤੇ ਸੰਘਰਸ਼ ਕਰ ਰਿਹਾ ਇੱਕ ਬੇਸਹਾਰਾ ਮੱਛੀ ਵਪਾਰੀ ਸੀ, ਨੂੰ ਗੈਰ-ਕਾਨੂੰਨੀ ਤੌਰ 'ਤੇ ਆਪਣਾ ਕਾਰੋਬਾਰ ਜਾਰੀ ਰੱਖਣ ਤੋਂ ਰੋਕਿਆ ਗਿਆ ਸੀ ਅਤੇ ਉਸ ਦੀ ਮੱਛੀ ਦਾ ਸਾਰਾ ਭੰਡਾਰ ਤਬਾਹ ਕਰ ਦਿੱਤਾ ਗਿਆ ਸੀ।

ਇਹ ਸ਼ਕਤੀ ਦੀ ਘੋਰ ਦੁਰਵਰਤੋਂ ਹੈ, ਜੋ ਕਿ ਮਨਮਾਨੇ ਢੰਗ ਨਾਲ ਵਰਤੀ ਜਾਂਦੀ ਹੈ ਅਤੇ ਭਾਰਤ ਦੇ ਸੰਵਿਧਾਨ ਦੀ ਧਾਰਾ 21 ਦੇ ਤਹਿਤ ਗਾਰੰਟੀਸ਼ੁਦਾ ਰੋਜ਼ੀ-ਰੋਟੀ ਦੇ ਅਧਿਕਾਰ ਤੋਂ ਇਨਕਾਰ ਕਰਨ ਤੋਂ ਘੱਟ ਕੁਝ ਨਹੀਂ ਹੈ। ਕੇਰਲ ਹਾਈ ਕੋਰਟ ਨੇ ਨਗਰ ਪਾਲਿਕਾ ਦੀਆਂ ਕਾਰਵਾਈਆਂ ਨੂੰ ਗੈਰ-ਕਾਨੂੰਨੀ ਅਤੇ ਦਮਨਕਾਰੀ ਮੰਨਦੇ ਹੋਏ ਚਾਵੱਕੜ ਨਗਰ ਪਾਲਿਕਾ ਨੂੰ ਨਿਰਦੇਸ਼ ਦਿੱਤਾ ਕਿ ਉਹ ਪਟੀਸ਼ਨਰ ਨੂੰ ਨਸ਼ਟ ਕੀਤੀ ਗਈ ਮੱਛੀ ਦੀ ਕੀਮਤ ਲਈ ਮੁਆਵਜ਼ੇ ਵਜੋਂ 15,000 ਦਾ ਭੁਗਤਾਨ ਕਰੇ । ਇਸ ਨੇ ਜ਼ਬਤ ਕੀਤੀ ਗਈ ਗੱਡੀ ਅਤੇ ਤੋਲਣ ਵਾਲੇ ਕੰਡੇ ਵਾਪਸ ਕਰਨ ਦਾ ਵੀ ਆਦੇਸ਼ ਦਿੱਤਾ । ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਜਨਤਕ ਅਧਿਕਾਰੀ ਆਪਣੀਆਂ ਸ਼ਕਤੀਆਂ ਦੀ ਇਸ ਤਰੀਕੇ ਨਾਲ ਦੁਰਵਰਤੋਂ ਕਰਦੇ ਹਨ ਤਾਂ ਕਾਨੂੰਨ ਇੱਕ ਉਪਾਅ ਵਜੋਂ ਮੁਆਵਜ਼ਾ ਲਾਜ਼ਮੀ ਕਰਦਾ ਹੈ। ਇਸ ਅਨੁਸਾਰ, ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਗਈ ਅਤੇ ਅਦਾਲਤ ਨੇ ਮੁੜ ਪੁਸ਼ਟੀ ਕੀਤੀ ਕਿ ਸਟ੍ਰੀਟ ਵੈਂਡਰਜ਼ ਐਕਟ, 2014 ਅਤੇ ਕੇਰਲ ਸਟ੍ਰੀਟ ਵੈਂਡਰਜ਼ ਸਕੀਮ, 2019 ਦੇ ਤਹਿਤ ਪ੍ਰਦਾਨ ਕੀਤੇ ਗਏ ਅਧਿਕਾਰ ਅਤੇ ਪ੍ਰਕਿਰਿਆਤਮਕ ਸੁਰੱਖਿਆ ਅਜਿਹੇ ਸਾਰੇ ਮਾਮਲਿਆਂ ਵਿੱਚ ਨਗਰ ਪਾਲਿਕਾ ਸ਼ਕਤੀਆਂ 'ਤੇ ਹਾਵੀ ਹੋਣੇ ਚਾਹੀਦੇ ਹਨ।

**# ਸੰਪਰਕ : 99884-91002**

## ਪਾਠਕ-ਸੱਥ

### ਚੋਣਾਂ ਬਨਾਮ ਲੋਕਾਂ ਦੇ ਅਹਿਮ ਮੁੱਦੇ

ਹੁਣ ਜਦੋਂ ਭਾਰਤ 'ਚ ਜ਼ਿਮਨੀ ਚੋਣਾਂ ਦੇ ਨਾਲ-ਨਾਲ ਪੰਜਾਬ ਵਿੱਚ ਤਰਨ ਤਾਰਨ ਅਤੇ ਬਿਹਾਰ ਵਿਧਾਨ ਸਭਾ ਦੀ ਚੋਣ ਹੋ ਰਹੀ ਹੈ ।ਪੰਜਾਬ ਵਿੱਚ ਜਨਤਾ ਖੁੱਲ੍ਹ ਕੇ ਅਹਿਮ ਮੁੱਦਿਆਂ ਬਾਰੇ ਬੋਲ ਰਹੀ ਹੈ ।ਉਮੀਦਵਾਰਾਂ ਨੂੰ ਵੀ ਸਵਾਲ-ਜਵਾਬ ਕਰ ਰਹੀ ਹੈ, ਜਿਸ ਵਿੱਚ ਅਹਿਮ ਮੁੱਦੇ ਬੇਰੁਜ਼ਗਾਰੀ, ਨਸ਼ੇ, ਮਹਿੰਗਾਈ, ਸਿਹਤ ਸਹੂਲਤਾਂ, ਕਿਸਾਨੀ ਮਸਲੇ ਹਨ, ਜੋ ਹਰ ਸਰਕਾਰ ਵਾਧਾ ਕਰਦੀ ਹੈ, ਪਰ ਪੂਰਾ ਕੋਈ ਨਹੀਂ ਕਰਦੀ।ਰਾਜਨੀਤਕ ਪਾਰਟੀਆਂ ਅਹਿਮ ਮੁੱਦਿਆਂ ਤੋਂ ਭਟਕ ਇੱਕ ਦੂਜੇ 'ਤੇ ਦੂਸ਼ਣਬਾਜ਼ੀ ਕਰਨ ਤੋਂ ਸਿਵਾਏ ਕੋਈ ਸਿਰੇ ਦੀ ਗੱਲ ਨਹੀਂ ਕਰਦੀ, ਜੋ ਪੰਜਾਬ 'ਤੇ ਕਰਜ਼ੇ ਦੀ ਪੰਡ ਚੜ੍ਹੀ ਹੈ ਕਿਸ ਤਰਾਂ ਲਾਈ ਜਾਵੇ ।ਨੌਜਵਾਨ ਬੇਰੁਜ਼ਗਾਰੀ ਕਾਰਨ ਨਸ਼ਿਆ ਦੇ ਆਦੀ ਹੋ ਰਹੇ ਹਨ ।ਕੋਈ ਗੈਂਗਸਟਰ ਬਣ ਰਹੇ ਹਨ, ਬਾਕੀ ਆਪਣਾ ਸਭ ਕੁਛ ਵੇਚ-ਵੱਟ ਬਾਹਰ ਦਾ ਰਹੇ ਹਨ। ਬਾਹਰ ਪੰਜਾਬ ਦਾ ਪੈਸਾ ਜਾ ਰਿਹਾ ਹੈ ।ਇਸ 'ਤੇ ਕੋਈ ਵੀ ਰਾਜਨੀਤਕ ਪਾਰਟੀ ਸੀਰੀਅਸ ਨਹੀਂ ।ਜੇ ਇਹ ਹਾਲ ਰਿਹਾ ਤਾਂ ਪਰਵਾਸੀ ਪੰਜਾਬ ਵਿੱਚ ਆਈ ਪੀ ਐੱਸ, ਆਈ ਏ ਐੱਸ, ਪੀ ਸੀ ਐੱਸ ਬਨਣਗੇ ।ਪੜ੍ਹੇ-ਲਿਖੇ ਨੌਜਵਾਨ ਪਰਾਈਵੇਟ ਕੰਪਨੀਆਂ ਵਿੱਚ ਬਾਰਾਂ ਘੰਟੇ ਨੌਕਰੀ ਕਰ ਨਾ-ਮਾਤਰ ਤਨਖਾਹਾਂ ਲੈ ਰਹੇ ਹਨ।ਕੰਪਨੀਆਂ ਬੱਚਿਆਂ ਦਾ ਸ਼ੋਸ਼ਣ ਕਰ ਰਹੀਆਂ ਹਨ।ਜੇ ਇਹ ਹਾਲ ਰਿਹਾ, ਪੰਜਾਬ ਵਿੱਚ ਪਰਵਾਸੀਆਂ ਦਾ ਰਾਜ ਹੋਵੇਗਾ। ਇਸ 'ਤੇ ਸਰਕਾਰਾਂ ਨੂੰ ਸੰਜੀਦਗੀ ਨਾਲ ਵਿਚਾਰ ਕਰਨ ਦੀ ਲੋੜ ਹੈ।

**-ਗੁਰਮੀਤ ਸਿੰਘ ਵੇਰਕਾ**

### ਚਾਰ ਧਾਮ ਯਾਤਰਾ

24 ਅਕਤੂਬਰ ਦਾ ਸੰਪਾਦਕੀ ਇੱਕ ਬੇਹੱਦ ਗੰਭੀਰ ਮੁੱਦੇ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।ਉੱਤਰਾਖੰਡ ਦੇ ਚਾਰ ਧਾਮਾਂ ਵੱਲ ਜਾਂਦੇ ਰਸਤਿਆਂ 'ਤੇ ਲੋਕਾਂ ਦੀ ਆਵਾਜਾਈ ਬਾਰੇ ਜਗਦੀਸ਼ ਚੰਦਰ ਕੁੰਨਿਆਲ ਅਤੇ ਸਾਥੀ ਖੋਜੀਆਂ ਵੱਲੋਂ ਕੀਤੇ ਅਧਿਐਨ ਨੇ ਹੈਰਾਨਕੁੰਨ ਅੰਕੜੇ ਸਾਹਮਣੇ ਲਿਆਂਦੇ ਹਨ। ਪਹਾੜੀ ਖੇਤਰ ਉਪਰ ਲਗਾਤਾਰ ਵਧ ਰਿਹਾ ਦਬਾਅ, ਤਬਾਹਕਾਰੀ ਕੁਦਰਤੀ ਆਫਤਾਂ ਨੂੰ ਸੱਦਾ ਦੇ ਰਿਹਾ ਹੈ।ਖੋਜੀਆਂ ਦੀਆਂ ਤਜਵੀਜ਼ਾਂ ਨੂੰ ਧਿਆਨਗੋਚਰੇ ਰੱਖ ਕੇ ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਆਪਣੇ ਪ੍ਰਾਜੈਕਟ ਉਲੀਕਣੇ ਚਾਹੀਦੇ ਹਨ, ਨਹੀਂ ਤਾਂ ਤ੍ਰਾਸਦੀਆਂ ਕਾਰਨ ਤਬਾਹੀ ਨੂੰ ਕੋਈ ਨਹੀਂ ਰੋਕ ਸਕੇਗਾ।ਲੋਕਾਂ ਨੂੰ ਅੰਨ੍ਹੇਵਾਹ ਦੌੜ ਲਗਾਉਣ ਦੀ ਥਾਂ ਵਕਤ ਦੇ ਵਕਫ਼ੇ ਨਾਲ ਇਨ੍ਹਾ ਧਾਮਾਂ ਦੀ ਯਾਤਰਾ ਦੀ ਯੋਜਨਾ ਤਹਿ ਕਰਨੀ ਚਾਹੀਦੀ ਹੈ।

**-ਹਰੀ ਕ੍ਰਿਸ਼ਨ ਮਾਇਰ, ਲੁਧਿਆਣਾ**

# ਪਰਾਲੀ ਨੂੰ ਅੱਗ ਲਾਉਣ ਦੇ ਰੁਝਾਨ ਨੇ ਜ਼ੋਰ ਫੜਿਆ



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-

ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਨੂੰ ਕਿਸਾਨਾਂ ਵੱਲੋਂ ਅੱਗ ਲਾਏ ਜਾਣ ਕਾਰਨ ਲਗਾਤਾਰ ਗੰਧਲੇ ਹੋ ਜਾ ਰਹੇ ਵਾਤਾਵਰਣ ਨੂੰ ਬਚਾਉਣ ਦੇ ਮਕਸਦ ਨਾਲ ਸਖ਼ਤ ਕਦਮ ਚੁੱਕੇ ਜਾ ਰਹੇ ਹਨ। ਬਾਵਜੂਦ ਇਸਦੇ ਝੋਨੇ ਦੀ ਫ਼ਸਲ ਦੀ ਸਾਂਭ ਸੰਭਾਲ ਮਗਰੋਂ ਕਿਸਾਨਾਂ ਵੱਲੋਂ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦਾ ਰੁਝਾਨ ਲਗਾਤਾਰ ਜ਼ੋਰ ਫੜਦਾ ਜਾ ਰਿਹਾ ਹੈ।ਕਿਸਾਨਾਂ ਵੱਲੋਂ ਅਗਲੀ ਕਣਕ ਦੀ ਬਿਜਾਈ ਵਿੱਚ ਦੇਰੀ ਹੋਣ ਦੀਆਂ ਸੰਭਾਵਨਾਵਾਂ ਦੇ ਚੱਲਦਿਆਂ ਕਿਸਾਨ ਆਪਣੀ ਬੇਵੱਸੀ ਜ਼ਾਹਰ ਕਰ ਰਹੇ ਹਨ।

ਝੋਨਾ ਸਾਉਣੀ ਰੁੱਤ ਦੀਆਂ ਪ੍ਰਮੁੱਖ ਫ਼ਸਲਾਂ 'ਚੋਂ ਸਭ ਤੋਂ ਅਹਿਮ ਹੈ, ਜਿਸ 'ਤੇ ਪੰਜਾਬ ਦੀ ਆਰਥਿਕਤਾ ਨਿਰਭਰ ਹੋਣ ਦੇ ਨਾਲ ਨਾਲ ਦੇਸ਼ ਦੇ ਅਨਾਜ ਭੰਡਾਰ ਭਰਨ ਵਿੱਚ ਵੀ ਇਸਦਾ ਸਭ ਤੋਂ ਅਹਿਮ ਰੋਲ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਝੋਨੇ ਦੀ ਪਰਾਲੀ ਨੂੰ ਕਿਸਾਨਾਂ ਵੱਲੋਂ ਵੱਡੇ ਪੱਧਰ ਉੱਤੇ ਅੱਗ ਲਾਏ ਜਾਣ ਦਾ ਮੁੱਦਾ ਹਰ ਵਾਰੀ ਚਰਚਾ ਵਿੱਚ ਰਹਿੰਦਾ ਹੈ।ਪਿਛਲੇ ਸਾਲਾਂ ਦੀ ਤਰ੍ਹਾਂ ਜ਼ਿਲ੍ਹਾ ਪਟਿਆਲਾ ਦੀ ਸਬ ਡਵੀਜ਼ਨ ਪਾਤੜਾਂ ਵਿਚਲੇ ਪਿੰਡਾਂ ਵਿੱਚ ਇਸ ਵਾਰ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਪ੍ਰਚਾਰ ਦੇ ਚੱਲਦਿਆਂ ਵੱਡੇ ਪੱਧਰ ਉੱਤੇ ਕਿਸਾਨਾਂ ਵੱਲੋਂ ਪਰਾਲੀ ਦਾ ਪ੍ਰਬੰਧਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ।ਆਲੇ-ਦੁਆਲੇ ਜਿਹੜੇ ਦਰਜਨਾਂ ਪਿੰਡਾਂ ਵਿੱਚ ਪਰਾਲੀ ਦੀਆਂ ਗੰਢਾਂ ਬਣਾਉਣ ਲਈ ਕਿਸਾਨਾਂ ਵੱਲੋਂ ਵੱਡੇ ਪੱਧਰ ਉੱਤੇ ਬੇਲਰ ਮਸ਼ੀਨਾਂ ਦੀ ਵਰਤੋਂ ਕੀਤੀ ਗਈ ਪਰ ਬਾਵਜੂਦ ਇਸਦੇ ਕਣਕ ਦੀ ਫ਼ਸਲ ਦੀ ਬਿਜਾਈ ਪਛੜਨ ਦੇ ਡਰੋਂ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਪ੍ਰਸ਼ਾਸਨ ਵੱਲੋਂ ਲਗਾਤਾਰ ਟੀਮਾਂ ਬਣਾ ਕੇ ਪਿੰਡਾਂ ਵਿੱਚ ਕਿਸਾਨਾਂ ਨੂੰ ਜਿੱਥੇ ਪਿਛਲੇ ਸਮੇਂ ਦੌਰਾਨ ਜਾਗਰੂਕ ਕੀਤਾ ਗਿਆ, ਉੱਥੇ ਹੁਣ ਸਰਕਾਰ ਵੱਲੋਂ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਸਖ਼ਤੀ ਵਰਤੀ ਜਾ ਰਹੀ ਹੈ ਤੇ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪੁਲਿਸ ਥਾਣਿਆਂ ਪਾਤੜਾਂ, ਘੱਗਾ ਤੇ ਸ਼ੁਤਰਾਣਾ ਵਿੱਚ ਨਿਗਰਾਨ ਕਿਸਾਨਾਂ ਦੇ ਖ਼ਿਲਾਫ਼ ਪਰਾਲੀ ਨੂੰ ਅੱਗ ਲਾਏ ਜਾਣ ਕਰਕੇ ਪਰਚੇ ਦਰਜ ਕੀਤੇ ਜਾ ਚੁੱਕੇ ਹਨ ਪਰ ਕਿਸਾਨ ਮਜਬੂਰੀ ਜ਼ਾਹਰ ਕਰਦਿਆਂ ਪਰਾਲੀ ਨੂੰ ਅੱਗ ਲਾਉਣ ਦਾ ਜੋਖ਼ਮ ਚੁੱਕ ਰਹੇ ਹਨ।

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ ਨੇ ਕਿਹਾ ਕਿ ਜਦੋਂ ਕੋਈ ਵੀ ਕਿਸਾਨ ਆਪਣੇ ਖੇਤ ਵਿੱਚ ਪਈ ਪਰਾਲੀ ਨੂੰ ਅੱਗ ਲਾਉਂਦਾ ਹੈ ਤਾਂ ਉਸਦਾ ਸਭ ਤੋਂ ਪਹਿਲਾਂ ਨੁਕਸਾਨ ਉਸ ਕਿਸਾਨ ਨੂੰ ਹੁੰਦਾ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਸਰਕਾਰਾਂ ਪਰਾਲੀ ਦੇ ਪ੍ਰਬੰਧਨ ਲਈ ਠੋਸ ਨੀਤੀ ਬਣਾਉਣ ਦੀ ਬਜਾਏ ਕਿਸਾਨਾਂ ਨੂੰ ਬਦਨਾਮ ਕਰਨ ਉੱਤੇ ਲੱਗੀਆਂ ਹੋਈਆਂ ਹਨ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮਜਬੂਰੀਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਰਕਾਰ ਨੂੰ ਇਸ ਸਬੰਧੀ ਠੋਸ ਨੀਤੀ ਤਿਆਰ ਕਰਨੀ ਚਾਹੀਦੀ ਹੈ।ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ਾਂ ਤਹਿਤ ਕਿਸਾਨਾਂ ਖਿਲਾਫ਼ ਹੋਏ ਪਰਚਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜਿਸ ਵੀ ਕਿਸਾਨ ਉੱਤੇ ਪੁਲਿਸ ਕੇਸ ਦਰਜ ਕੀਤਾ ਗਿਆ ਜਥੇਬੰਦੀ ਉਸ ਕਿਸਾਨ ਦੇ ਨਾਲ ਖੜੀ ਹੈ ਅਤੇ ਦਰਜ ਕੀਤਾ ਗਿਆ ਪੁਲਿਸ ਮੁੱਕਦਮੇ ਵਾਪਸ ਕਰਾਉਣ ਲਈ ਲੜਾਈ ਲੜੀ ਜਾਵੇਗੀ।

# ਮੰਡੀਆਂ 'ਚ ਕਿਸਾਨਾਂ ਦੀ ਲੁੱਟ ਖ਼ਿਲਾਫ਼ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੰਘਰਸ਼ ਦਾ ਐਲਾਨ

## ਭਲਕੇ ਅਨਾਜ ਮੰਡੀ 'ਚ ਦਿੱਤਾ ਜਾਵੇਗਾ ਧਰਨਾ



**ਜਲਾਲਾਬਾਦ (ਪਰਮਜੀਤ ਢਾਬਾਂ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਮਾਰਕੀਟ ਕਮੇਟੀ ਦਫ਼ਤਰ ਵਿਖੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਆੜ੍ਹਤੀਆ, ਸੈਲਰ ਮਾਲਕਾਂ, ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਮੰਡੀਆਂ ਦੇ ਵਿੱਚ ਪੂਰ ਕਰਕੇ ਕੀਤੀ ਜਾ ਰਹੀ ਕਿਸਾਨਾਂ ਦੀ ਫਸਲ ਦੀ ਲੁੱਟ ਖ਼ਿਲਾਫ਼ 28 ਅਕਤੂਬਰ ਮੰਗਲਵਾਰ ਨੂੰ ਜਲਾਲਾਬਾਦ ਦੀ ਦਾਣਾ ਮੰਡੀ ਵਿਖੇ ਦਿੱਤਾ ਜਾਵੇਗਾ ਧਰਨਾ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਗੁਰਮੀਤ ਸਿੰਘ ਮਿੱਡਾ, ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਜਮਹੂਰੀ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਰਮੇਸ਼ ਵਡੇਰਾ, ਬੀ ਕੇ ਯੂ ਡਕੌਂਦਾ ਧਨੇਰ ਦੇ ਬਲਾਕ ਪ੍ਰਧਾਨ ਪ੍ਰਵੀਨ ਮੌਲਵੀਵਾਲਾ, ਬੀ ਕੇ ਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ, ਕੁੱਲ ਹਿੰਦ ਖੇਤ ਮਜ਼ਦੂਰ ਸਭਾ ਦੇ ਆਗੂ ਕਾਮਰੇਡ ਨੱਥਾ ਸਿੰਘ ਨੇ ਕਿਹਾ ਕਿ ਇੱਕ ਪਾਸੇ ਕਿਸਾਨਾਂ ਦੀ ਫਸਲ 'ਤੇ ਮੌਸਮਾਂ ਦੀ ਮਾਰ ਪਈ ਹੈ ਅਤੇ ਦੂਜੇ ਪਾਸੇ ਹੁਣ ਇਸ ਕਿਰਤੀ ਵੱਲੋਂ ਕਿਸਾਨਾਂ ਦੀ ਫਸਲ ਪੂਰ ਕਰਕੇ ਹਰ ਰੋਜ਼ ਧੜਲਾਈਆਂ ਕੀਤੀਆਂ ਜਾ ਰਹੀਆਂ ਹਨ, ਕਿਸਾਨਾਂ ਨੂੰ ਮੰਡੀਆਂ ਵਿੱਚ ਖੱਜਲ ਖਵਾਰ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨ ਸਸਤੇ ਭਾਅ 'ਤੇ ਆਪਣੀ ਫਸਲ ਵੇਚਣ ਲਈ ਮਜਬੂਰ ਹੋ ਜਾਣ।

ਕੌਮਾਂਤਰੀ ਬਾਜ਼ਾਰ ਵਿੱਚ ਬਾਸਮਤੀ ਦੀਆਂ ਕੀਮਤਾਂ ਉੱਚੀਆਂ ਹਨ ਤੇ ਪੰਜਾਬ ਅੰਦਰ ਹੋਰ ਵੀ ਵੱਧ ਵੱਖ ਜ਼ਿਲ੍ਹਿਆਂ ਵਿੱਚ ਇਥੋਂ ਨਾਲੋਂ ਉੱਚੀਆਂ ਕੀਮਤਾਂ 'ਤੇ ਬਾਸਮਤੀ ਖਰੀਦੀ ਜਾ ਰਹੀ ਹੈ। ਇਸ ਤਰ੍ਹਾਂ ਇਹ ਧੱਕੇਸ਼ਾਹੀ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਇਸ ਲੁੱਟ ਦੇ ਖ਼ਿਲਾਫ਼ ਮੋਰਚੇ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ ਕਰ ਦਿੱਤਾ ਗਿਆ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਹਰਮੀਤ ਸਿੰਘ, ਅਜੀਤ ਸਿੰਘ, ਕੇਵਲ ਸਿੰਘ, ਮਹਿੰਦਰ ਸਿੰਘ ਅਰਨੀਵਾਲਾ, ਭਗਵਾਨ ਸਿੰਘ, ਸੁਖਦੇਵ ਸਿੰਘ ਕੜਾਈ ਵਾਲਾ ਤੇ ਰਾਮ ਕ੍ਰਿਸ਼ਨ ਆਦਿ ਹਾਜ਼ਰ ਸਨ।

# ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਵਿਗਿਆਨਕ ਦਾ ਸੂਬਾਈ ਡੈਲੀਗੇਟ ਅਜਲਾਸ ਸੰਪੰਨ



**ਮਾਨਸਾ (ਆਤਮਾ ਸਿੰਘ ਪਮਾਰ)** ਪੰਜਾਬ ਵਿੱਚ ਕੰਮ ਕਰ ਰਹੀ ਜਥੇਬੰਦੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਵਿਗਿਆਨਕ ਦਾ ਸੂਬਾਈ ਡੈਲੀਗੇਟ ਅਜਲਾਸ ਪੈਨਸ਼ਨਰਜ਼ ਭਵਨ ਦੇ ਸਾਥੀ ਸੁਰੇਸ਼ ਸ਼ਰਮਾ ਹਾਲ ਵਿੱਚ ਰੋਹ ਭਰਪੂਰ ਨਾਅਰਿਆਂ ਦੀ ਆਵਾਜ਼ 'ਚ ਸੰਪਨ ਹੋਇਆ।

ਸਵੇਰ ਤੋਂ ਹੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ ਵਾਟਰ ਸਪਲਾਈ, ਜੰਗਲਾਤ, ਸੈਨੀਟੇਸ਼ਨ ਬੀ ਐਂਡ ਆਰ ਇਰੀਗੇਸ਼ਨ ਡਰੇਨਜ ਸੀਵਰੇਜ ਬੋਰਡ ਪ੍ਰਿੰਟ ਤੇ ਲੋਕਲ ਗੌਰਮਿੰਟ ਵਿਭਾਗਾਂ ਵਿੱਚ ਕੰਮ ਕਰਦੇ ਕਾਮੇ ਇਕੱਠੇ ਹੋਣੇ ਸ਼ੁਰੂ ਹੋ ਗਏ।ਦੁਪਹਿਰ ਸਮੇਂ ਠੀਕ 12 ਵਜੇ ਝੰਡੇ ਦੀ ਰਸਮ ਸਾਥੀ ਗਗਨਦੀਪ ਸਿੰਘ ਭੁੱਲਰ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਵਿਗਿਆਨਕ ਦੇ ਸਾਥੀ ਜਥੇਬੰਦੀ ਦਾ ਝੰਡਾ ਚੜ੍ਹਾ ਕੇ ਇਜਲਾਸ ਦਾ ਆਗਾਜ਼ ਕੀਤਾ।ਝੰਡੇ ਦਾ ਗੀਤ ਸਾਥੀ ਗੁਰਜਾਗ ਖਾਂ ਵੱਲੋਂ ਗਾਇਆ ਗਿਆ।ਸਾਥੀ ਸੁਰੇਸ਼ ਸ਼ਰਮਾ ਹਾਲ ਵਿੱਚ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਸਵਾਗਤੀ ਭਾਸ਼ਣ ਮੇਜਰ ਸਿੰਘ ਭਾਜੇਵਾਲ ਵੱਲੋਂ ਆਏ ਸਾਥੀਆਂ ਨੂੰ ਜੀ ਆਇਆਂ ਕਿਹਾ ਗਿਆ।ਉਦਘਾਟਨੀ ਭਾਸ਼ਣ ਸਾਥੀ ਗਗਨਦੀਪ ਸਿੰਘ ਭੁੱਲਰ ਵੱਲੋਂ ਕੀਤਾ ਗਿਆ।ਉਨ੍ਹਾਂ ਵੱਖ-ਵੱਖ ਵਿਭਾਗਾਂ ਦੀ ਅਜੋਕੀ ਸਥਿਤੀ, ਸਰਕਾਰ ਦੀ ਕਾਰਗੁਜ਼ਾਰੀ ਤੇ ਜਥੇਬੰਦੀਆਂ ਦੀ ਭੂਮਿਕਾ ਕੀ ਹੋਵੇ ਆਪਣੀ ਗਰਜਵੀਂ ਆਵਾਜ਼ 'ਚ ਵਿਸਥਾਰ ਚਾਨਣਾ ਪਾਇਆ।

ਭਰਾਤਰੀ ਸੰਦੇਸ਼ ਸਾਥੀ ਸੁਰਿੰਦਰ ਕੰਬੋਜ ਜਨਰਲ ਸਕੱਤਰ ਗੌਰਮੈਂਟ ਟੀਚਰ ਯੂਨੀਅਨ ਪੰਜਾਬ ਅਮਰਜੀਤ ਸਿੰਘ ਸਿੱਧੂ ਸੂਬਾ ਆਗੂ ਬਿਜਲੀ ਬੋਰਡ ਪੈਨਸ਼ਨਰ ਯੂਨੀਅਨ ਜਗਦੇਵ ਸਿੰਘ ਘੁਰਕਣੀ, ਸੂਬਾਈ ਕੈਸ਼ੀਅਰ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ, ਨਾਜ਼ਰ ਸਿੰਘ ਖਿਆਲਾ ਕੈਸ਼ੀਅਰ ਆਊਟਸੋਰਸ ਸਿਹਤ ਵਿਭਾਗ ਯੂਨੀਅਨ ਤੇ ਗੁਲਜ਼ਾਰ ਖਾਂ ਸੂਬਾ ਕਨਵੀਨਰ ਤਾਲਮੇਲ ਕਮੇਟੀ ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਗੁਰਜਿੰਦਰ ਸਿੰਘ ਪ੍ਰਧਾਨ ਆਊਟਸੋਰਸ ਸਿਹਤ ਮੁਲਾਜ਼ਮ ਯੂਨੀਅਨ ਪੰਜਾਬ ਆਦਿ ਸਾਥੀਆਂ ਨੇ ਦਿੰਦੇ ਹੋਏ ਜਥੇਬੰਦੀ ਦੇ ਸਫ਼ਲ ਇਜਲਾਸ ਦੀ ਵਧਾਈ ਅਤੇ ਇੱਕਮੁੱਠ ਹੋ ਕੇ ਸਰਕਾਰੀ ਨੀਤੀਆਂ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਵਿਗਿਆਨਕ ਪਹੁੰਚ ਅਪਣਾਉਣ 'ਤੇ ਜ਼ੋਰ ਦਿੱਤਾ।ਇਜਲਾਸ ਵਿੱਚ ਚਾਰ ਮਤੇ ਵੀ ਪਾਸ ਕੀਤੇ ਗਏ, ਜਿਵੇਂ ਕੇਂਦਰ 'ਤੇ ਆਊਟਸੋਰਸ ਇਨਲਿਸਟਮੈਂਟ ਦਿਹਾੜੀਦਾਰ ਠੇਕੇਦਾਰੀ ਬੰਦ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਨ, ਰਾਸ਼ਟਰੀ ਸੰਪਤੀ ਨੂੰ ਵੇਚਣ ਦਾ ਵਿਰੋਧ ਤੇ ਮਨਰੇਗਾ ਖੇਤਰ ਦਾ ਨਿੱਜੀਕਰਨ ਵਿਰੁੱਧ ਮਤੇ ਪੜ੍ਹੇ ਗਏ ਤੇ ਇਜਲਾਸ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤੇ ਗਏ।ਜਥੇਬੰਦੀ ਦੀ ਜਨਰਲ ਰਿਪੋਰਟ ਸਾਥੀ ਮਨਜੀਤ ਸਿੰਘ ਸੰਗਤਪੁਰਾ ਵੱਲੋਂ ਪੇਸ਼ ਕੀਤੀ ਗਈ, ਜਿਸ 'ਤੇ 15 ਡੈਲੀਗੇਟ ਸਾਥੀਆਂ ਨੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਪਾਸ ਕੀਤਾ।ਮੰਚ ਸੰਚਾਲਨ ਦੀ ਭੂਮਿਕਾ ਸਾਥੀ ਜਸਮੇਲ ਸਿੰਘ ਅਤਲਾ ਵੱਲੋਂ ਬਾਖੂਬੀ ਨਿਭਾਈ ਗਈ।ਅਖੀਰ 'ਚ ਜਥੇਬੰਦੀ ਦੀ 33 ਮੈਂਬਰੀ ਸੂਬਾਈ ਕਮੇਟੀ ਦੀ ਚੋਣ ਦਾ ਪੈਨਲ ਪੇਸ਼ ਕੀਤਾ ਗਿਆ, ਜਿਸ ਨੂੰ ਡੈਲੀਗੇਟ ਸਾਥੀਆਂ ਨੇ ਸਰਬਸੰਮਤੀ ਨਾਲ ਪਾਸ ਕੀਤਾ।

## ਕਾਤਰਾਂ

### ਘੱਗਰ 'ਚੋਂ ਅਣਪਛਾਤੀ ਲਾਸ਼ ਮਿਲੀ

**ਸਨੌਰ (ਥਿੰਦ)**-ਹਲਕਾ ਸਨੌਰ ਅਧੀਨ ਆਉਂਦੇ ਪਿੰਡ ਪੁਰ ਦੇ ਨੇੜੇ ਘੱਗਰ 'ਚੋਂ ਤਕਰੀਬਨ ਸਵੇਰੇ 11 ਵਜੇ ਦੇ ਕਰੀਬ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ।ਇਹ ਜਾਣਕਾਰੀ ਦਿੰਦੇ ਹੋਏ ਸਨੌਰ ਥਾਣੇ ਦੇ ਏ ਐੱਸ ਆਈ ਧਰਮ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸ਼ਨਾਖ਼ਤ ਲਈ 72 ਘੰਟਿਆਂ ਲਈ ਰੱਖਿਆ ਗਿਆ ਹੈ। ਪੁਲਸ ਵੱਲੋਂ ਆਸ-ਪਾਸ ਦੇ ਇਲਾਕਿਆਂ ਵਿੱਚ ਸ਼ਨਾਖ਼ਤ ਲਈ ਸੂਚਨਾ ਭੇਜੀ ਗਈ ਹੈ।ਇਹ ਵੀ ਕਿਹਾ ਜਾ ਰਿਹਾ ਹੈ ਕਿ ਲਾਸ਼ ਕੁਝ ਦਿਨ ਪੁਰਾਣੀ ਲੱਗਦੀ ਹੈ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਮੌਤ ਦੇ ਕਾਰਨਾਂ ਬਾਰੇ ਪੋਸਟਮਾਰਟਮ ਰਿਪੋਰਟ ਆਉਣ 'ਤੇ ਬਾਅਦ ਹੀ ਸਪੱਸ਼ਟਤਾ ਆ ਸਕੇਗੀ।

### ਹਰੀਸ਼ ਕੁਮਾਰ ਬਣੇ ਰਾਸ਼ਟਰੀ ਸਫ਼ਾਈ ਕਰਮਚਾਰੀ ਮਹਾਂਸੰਘ ਦੇ ਪ੍ਰਧਾਨ



**ਬਰੇਟਾ (ਗੋਬਿੰਦ ਸ਼ਰਮਾ)**-ਰਾਸ਼ਟਰੀ ਸਫ਼ਾਈ ਕਰਮਚਾਰੀ ਮਹਾਂਸੰਘ ਬਬਲੂ ਚੌਧਰੀ, ਕਰਣ ਸਿੰਘ ਕਾਂਗੜਾ ਤੇ ਕਿਸ਼ੋਰ ਕੁਮਾਰ ਸਾਗਰ ਨੇ ਹਰੀਸ਼ ਕੁਮਾਰ ਬਰੇਟਾ ਨੂੰ ਰਾਸ਼ਟਰੀ ਸਫ਼ਾਈ ਕਰਮਚਾਰੀ ਮਹਾਂਸੰਘ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ।ਇਸ ਮੌਕੇ ਹਰੀਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੋ ਸਫ਼ਾਈ ਕਰਮਚਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਨਾਲ ਉਹ ਮੋਢੇ ਨਾਲ ਮੋਢਾ ਲਾ ਚੱਲਣਗੇ ਅਤੇ ਜੋ ਵੀ ਉਨ੍ਹਾਂ ਦੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਚੱਲ ਰਿਹਾ ਹੈ, ਉਹ ਮਾਨਸਾ ਜ਼ਿਲ੍ਹੇ ਵਿੱਚ ਮੀਟਿੰਗਾਂ ਕਰਕੇ ਜਲਦ ਹੀ ਹੱਲ ਕਰਵਾਉਣਗੇ। ਉਨ੍ਹਾਂ ਕਿਹਾ ਕਿ ਮੈਂ ਇਸ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣ ਦਾ ਵਿਸ਼ਵਾਸ ਪਾਤਰ ਬਣਿਆ ਰਹੂੰਗਾ।

### ਸ਼ਹਾਦਤ ਨੂੰ ਸਮਰਪਤ ਨਗਰ ਕੀਰਤਨ 30 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ)**-ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਡੈਲੀਗੇਟ ਗੁਰਮੀਤ ਸਿੰਘ ਲੱਲੀ, ਰਾਮਗੜ੍ਹੀਆ ਸਭਾ ਦੇ ਬਿੰਦਰ ਸਿੰਘ ਠੇਕੇਦਾਰ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਸ਼ਹੀਦ ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਨਗਰ ਕੀਰਤਨ, ਜੋਕਿ ਪਿਛਲੇ ਦੋ ਮਹੀਨਿਆਂ ਤੋਂ ਗੁਰਦੁਆਰਾ ਧੋਬੜੀ ਸਾਹਿਬ (ਅਸਾਮ) ਤੋਂ ਵੱਖ-ਵੱਖ ਰਾਜਾਂ ਵਿੱਚੋਂ ਹੁੰਦਾ ਹੋਇਆ 30 ਅਕਤੂਬਰ ਨੂੰ ਹਲਕਾ ਸੁਨਾਮ 'ਚ ਪੈਂਦੇ 53 ਸ਼ਹੀਦਾਂ ਦੀ ਪਵਿੱਤਰ ਧਰਤੀ ਲੌਂਗੋਵਾਲ ਵਿੱਚ ਪਹੁੰਚੇਗਾ।ਇਹ ਨਗਰ ਕੀਰਤਨ ਲੌਂਗੋਵਾਲ ਵਿਖੇ ਸ਼ਾਮ ਨੂੰ 4 ਵਜੇ ਪੁੱਜੇਗਾ।ਇਹ ਨਗਰ ਕੀਰਤਨ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਤੋਂ ਵੱਖ-ਵੱਖ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਪੰਜ ਪਿਆਰਿਆਂ ਦੀ ਅਗਵਾਈ ਹੇਠ ਲੌਂਗੋਵਾਲ ਵਿਖੇ ਪਹੁੰਚੇਗਾ।ਇਸ ਨਗਰ ਕੀਰਤਨ ਦਾ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਟੀਮ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ।

### ਮਾਤਾ ਸੰਤੋਸ਼ ਰਾਣੀ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ

**ਲੌਂਗੋਵਾਲ (ਪ੍ਰਦੀਪ ਸੱਪਲ)**-ਪਿਛਲੇ ਦਿਨੀਂ ਐੱਲ.ਆਈ.ਸੀ. ਦੇ ਐੱਮ.ਡੀ.ਆਰ. ਇਸ਼ਵਰ ਚੰਦ ਉਰਫ ਵਿੱਕੀ ਪਿੰਡ ਉੱਭਾਵਾਲ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੀ ਮਾਤਾ ਸੰਤੋਸ਼ ਰਾਣੀ ਦਾ ਦਿਹਾਂਤ ਹੋ ਗਿਆ।ਇਸ ਮੌਤ 'ਤੇ ਪੰਜਾਬ ਐਗਰੋ ਦੇ ਸਾਬਕਾ ਚੇਅਰਪਰਸਨ ਮੈਡਮ ਗੀਤਾ ਸ਼ਰਮਾ ਸੁਨਾਮ, ਸਾਬਕਾ ਸਰਪੰਚ ਪਾਲੀ ਕਮਲ, ਸਾਬਕਾ ਸਰਪੰਚ ਮੱਖਣ ਸ਼ਰਮਾ, ਵਿਜੇ ਗੋਇਲ ਲੌਂਗੋਵਾਲ, ਪ੍ਰਦੀਪ ਕੁਮਾਰ ਲੌਂਗੋਵਾਲ, ਬ੍ਰਾਹਮਣ ਸਭਾ ਦੇ ਮੀਤ ਪ੍ਰਧਾਨ ਪ੍ਰਦੀਪ ਮੈਨਨ, ਆਲ ਇੰਡੀਆ ਦੇ ਪ੍ਰਧਾਨ ਹਰਭਗਵਾਨ ਸ਼ਰਮਾ, ਕੇਵਲ ਸਿੰਘ ਮੈਂਬਰ, ਹਰਦੀਪ ਸਿੰਘ ਅੱਤਰੀ ਐਡਵੋਕੇਟ ਉੱਭਾਵਾਲ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### ਨਸ਼ਾ ਛੁਡਾਊ ਓਟ ਸੈਂਟਰ 'ਚੋਂ 12,631 ਗੋਲੀਆਂ ਚੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਹਮੀਦੀ ਵਿਖੇ ਮੁਹੱਲਾ ਕਲੀਨਿਕ ਅੰਦਰ ਚੱਲ ਰਹੇ ਨਸ਼ਾ ਛੁਡਾਊ ਕੇਂਦਰ (ਓਟ ਸੈਂਟਰ) ਵਿੱਚੋਂ ਚੋਰਾਂ ਵੱਲੋਂ 12,631 ਜੀਭ ਥੱਲੇ ਰੱਖਣ ਵਾਲੀਆਂ ਨੈਰੋਫੀਨ ਗੋਲੀਆਂ ਚੋਰੀ ਕਰਨ ਦਾ ਪਤਾ ਲੱਗਿਆ ਹੈ।ਪਿੰਡ ਦੇ ਮੁਹੱਲਾ ਕਲੀਨਿਕ 'ਚ ਓਟ ਸੈਂਟਰ ਦੇ ਕਮਰੇ ਦੇ ਵਿੰਡੋ ਏ. ਸੀ. ਨੂੰ ਥੱਲੇ ਉਤਾਰ ਕੇ ਅੰਦਰ ਦਾਖਲ ਹੋਏ ਚੋਰਾਂ ਨੇ ਪਹਿਲਾਂ ਸੀ ਸੀ ਟੀ ਵੀ ਕੈਮਰੇ ਬੰਦ ਕਰ ਦਿੱਤੇ, ਜਿਸ ਕਾਰਨ ਘਟਨਾ ਰਿਕਾਰਡ ਨਹੀਂ ਹੋ ਸਕੇ।ਓਟ ਸੈਂਟਰ ਦੇ ਇੰਚਾਰਜ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਕੁੱਲ 12,631 ਗੋਲੀਆਂ ਚੋਰੀ ਕੀਤੀਆਂ।ਇਸ ਮਾਮਲੇ ਸਬੰਧੀ ਸੀਨੀਅਰ ਮੈਡੀਕਲ ਅਫਸਰ ਸਤਵੰਤ ਸਿੰਘ ਔਜਲਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਥਾਣਾ ਠੁੱਲੀਵਾਲ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।

# 17 ਸਾਲ ਦੀ ਉਮਰ 'ਚ ਭਾਰਤ ਲਈ ਖੇਡੇਗਾ ਅਨਮੋਲਪ੍ਰੀਤ ਕਾਂਗੜ



**ਬਠਿੰਡਾ (ਰਾਜੀਵ ਗੋਇਲ)**-ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਵਿੱਚ ਪੜ੍ਹਾਈ ਕਰ ਰਹੇ ਅਨਮੋਲਪ੍ਰੀਤ ਸਿੰਘ ਕਾਂਗੜ ਨੇ ਆਈ.ਸੀ.ਐਸ.ਈ. ਬੋਰਡ ਦੇ ਨੈਸ਼ਨਲ ਲੈਵਲ ਦੇ ਕਬੱਡੀ ਅੰਡਰ-17 ਸਾਲਾਂ ਦੇ ਮੁਕਾਬਲੇ ਜੋ ਹਰ-ਹਰ ਆਨੰਦ ਪਬਲਿਕ ਸਕੂਲ ਹਰਿਦੁਆਰ ਵਿਖੇ ਹੋਏ, ਵਿੱਚ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੀ ਕਬੱਡੀ ਟੀਮ ਵੱਲੋਂ ਪੰਜਾਬ ਦੀ ਟੀਮ ਵਿੱਚ ਭਾਗ ਲਿਆ ਅਤੇ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਆਈ.ਸੀ.ਐਸ.ਈ. ਭਾਰਤ ਦੀ ਕਬੱਡੀ ਟੀਮ ਵਿੱਚ ਆਪਣੀ ਚੋਣ ਕਰਾਈ।

ਕਬੱਡੀ ਟੀਮ ਦੇ ਕੋਚ ਬਖਸ਼ੀਸ ਸਿੰਘ ਅਤੇ ਅਧਿਆਪਕ ਆਗੂ ਗੁਰਵਿੰਦਰ ਸਿੰਘ ਕਾਂਗੜ ਨੇ ਦੱਸਿਆ ਕਿ ਪਿੰਡ ਕਾਂਗੜ ਦੇ ਜੰਮਪਲ ਸਰਬਨ ਸਿੰਘ ਧਾਲੀਵਾਲ ਦਾ ਪੋਤਾ ਤੇ ਰਵਿੰਦਰ ਸਿੰਘ ਧਾਲੀਵਾਲ ਤੇ ਜਸਪਾਲ ਕੌਰ ਦੇ ਹੋਣਹਾਰ ਪੁੱਤਰ ਅਨਮੋਲਪ੍ਰੀਤ ਸਿੰਘ ਕਾਂਗੜ ਨੇ ਆਪਣੀ ਇਸ ਪ੍ਰਾਪਤੀ ਨਾਲ ਮਾਂ-ਬਾਪ ਦਾ ਹੀ ਨਹੀਂ, ਬਲਕਿ ਪਿੰਡ ਕਾਂਗੜ ਦਾ ਮਾਣ ਵਧਾਇਆ ਹੈ।ਇਹ ਇਸ ਦੀ ਮਿਹਨਤ ਤੇ ਪਰਿਵਾਰ ਦੀ ਪਰਵਰਿਸ਼ ਦਾ ਸਿੱਟਾ ਹੈ, ਜੋ ਇਸ ਦੀ ਚੋਣ ਭਾਰਤੀ ਟੀਮ ਲਈ ਹੋਈ ਹੈ।ਹੁਣ ਅਨਮੋਲਪ੍ਰੀਤ ਸਿੰਘ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਤੇਲੰਗਨਾ ਰਾਜ ਵਿੱਚ ਕਰਵਾਏ ਜਾ ਰਹੇ ਮੁਕਾਬਲਿਆਂ ਵਿੱਚ ਭਾਰਤੀ ਟੀਮ ਵੱਲੋਂ ਆਪਣੀ ਤਾਕਤ ਦੇ ਜੌਹਰ ਵਿਖਾਵੇਗਾ। ਅਨਮੋਲਪ੍ਰੀਤ ਦੀ ਇਸ ਵੱਡੀ ਪ੍ਰਾਪਤ ਸਦਕਾ ਪਿੰਡ ਵਾਸੀਆਂ ਨੇ ਅਨਮੋਲਪ੍ਰੀਤ ਸਿੰਘ ਕਾਂਗੜ ਦਾ ਪਿੰਡ ਕਾਂਗੜ ਵਿਖੇ ਪਹੁੰਚਣ ਤੇ ਢੋਲ-ਢਮੱਕਿਆ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਪਿੰਡ ਵਾਸੀਆਂ ਵੱਲੋਂ ਇਸ ਖੁਸ਼ੀ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਵੀ ਗੁਰੂਦੁਆਰਾ ਸਾਹਿਬ ਵਿਖੇ ਪਾਇਆ ਗਿਆ।

# 134 ਹੈਕਟੇਅਰ ਰਕਬੇ ਨੂੰ ਜਲਦ ਮਿਲੇਗਾ ਨਹਿਰੀ ਪਾਣੀ, ਗੁੱਜਰਾਂ 'ਚ ਬਣੇਗਾ ਨਵਾਂ ਪੰਚਾਇਤ ਘਰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਖੇਤ ਨੂੰ ਨਹਿਰੀ ਪਾਣੀ ਦੀ ਸਹੂਲਤ ਨਾਲ ਜੋੜਨ ਲਈ ਸ਼ੁਰੂ ਕੀਤੇ ਗਏ ਉਪਰਾਲੇ ਤਹਿਤ ਪੰਜਾਬ ਦੇ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਿੰਡ ਮੌੜਾਂ ਵਿੱਚ ਜ਼ਮੀਨਦੋਜ਼ ਪਾਈਪਾਂ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਾਈ।ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡ ਗੁੱਜਰਾਂ ਵਿਖੇ ਪੰਚਾਇਤ ਘਰ ਦੇ ਕੰਮ ਦੀ ਵੀ ਸ਼ੁਰੂਆਤ ਕਰਾਈ।ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਸਾਂਝਾ ਜ਼ਮੀਨਦੋਜ਼ ਪਾਈਪਲਾਈਨ ਦੇ ਸਿੰਚਾਈ ਪ੍ਰੋਜੈਕਟ ਮੋਘਾ ਨੰਬਰ 14428/ਟੀ.ਆਰ., ਪਿੰਡ ਮੌੜਾ, ਤਹਿਸੀਲ ਦਿੜ੍ਹਬਾ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਇਸ ਪ੍ਰੋਜੈਕਟ ਦੀ ਉਸਾਰੀ ਉਤੇ ਕੁੱਲ ਲਾਗਤ 143.45 ਲੱਖ ਰੁਪਏ ਖਰਚ ਆਵੇਗੀ, ਜਿਸ ਵਿੱਚੋਂ 143.45 ਲੱਖ ਰੁਪਏ ਸਬਸਿਡੀ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ।ਇਸ ਪ੍ਰੋਜੈਕਟ ਅਧੀਨ 134.80 ਹੈਕਟੇਅਰ ਰਕਬਾ ਖੇਤਾਂ ਦੀ ਸਿੰਚਾਈ ਲਈ ਕਵਰ ਕੀਤਾ ਜਾਵੇਗਾ, ਜਿਨ੍ਹਾਂ ਨਾਲ 125 ਪਰਵਾਰਾਂ ਨੂੰ ਲਾਭ ਮਿਲੇਗਾ।

ਉਨ੍ਹਾਂ ਕਿਹਾ ਕਿ ਖੇਤਾਂ ਦੀ ਸਿੰਚਾਈ ਤੇ ਫਸਲਾਂ ਦੀ ਪੈਦਾਵਾਰ ਵਿੱਚ ਵਾਧਾ ਕਰਨ ਲਈ ਨਹਿਰੀ ਪਾਣੀ ਬਹੁਤ ਲਾਹੇਵੰਦ ਹੈ।ਨਹਿਰੀ ਪਾਣੀ ਮਿਲਣ ਨਾਲ ਕਿਸਾਨਾਂ ਦੀ ਫਸਲ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ ਤੇ ਧਰਤੀ ਹੇਠਲੇ ਪਾਣੀ ਦੀ 20 ਤੋਂ 30 ਪ੍ਰਤੀਸ਼ਤ ਤੱਕ ਬਚਤ ਹੋਵੇਗੀ।ਉਨ੍ਹਾਂ ਵੱਲੋਂ ਕਿਸਾਨਾਂ ਨੂੰ ਨਹਿਰੀ ਪਾਣੀ ਨੂੰ ਵੱਧ ਤੋਂ ਵੱਧ ਵਰਤਣ ਦਾ ਸੁਨੇਹਾ ਦਿੱਤਾ ਤਾਂ ਜੁ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁਕਿਆ ਜਾ ਸਕੇ।ਇਸ ਤੋਂ ਉਪਰੰਤ ਉਹਨਾਂ ਨੇ ਪਿੰਡ ਗੁੱਜਰਾਂ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪੰਚਾਇਤ ਘਰ ਦੇ ਕੰਮ ਦੀ ਵੀ ਸ਼ੁਰੂਆਤ ਕਰਾਈ।ਉਨ੍ਹਾਂ ਕਿਹਾ ਕਿ ਪੰਚਾਇਤ ਘਰ ਦੀ ਸ਼ਾਨਦਾਰ ਇਮਾਰਤ ਵਿੱਚ ਸਰਪੰਚ ਦਫ਼ਤਰ ਸਮੇਤ ਵਧੀਆ ਵੱਡਾ ਕਮਰਾ ਤੇ ਵਾਸ਼ਰੂਮ ਬਣਾਏ ਜਾਣਗੇ।ਇਸ ਪਿੰਡ ਵਿੱਚ ਪੰਚਾਇਤ ਘਰ ਬਣਾਉਣ ਦੀ ਲੰਮੇ ਸਮੇਂ ਦੀ ਮੰਗ ਸੀ ਕਿਉਂਕਿ ਪੰਚਾਇਤ ਕੋਲ ਬੈਠਣ ਤੇ ਜ਼ਰੂਰੀ ਮੀਟਿੰਗਾਂ ਆਦਿ ਲਈ ਕੋਈ ਵੀ ਢੁਕਵੀਂ ਜਗ੍ਹਾ ਨਹੀਂ ਸੀ, ਜਿਸ ਕਾਰਨ ਪੰਚਾਇਤ ਤੇ ਆਮ ਲੋਕਾਂ ਨੂੰ ਆਪਣੇ ਨਿੱਤ ਦਿਨ ਦੇ ਕੰਮ ਕਾਜ ਕਰਾਉਣ ਲਈ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ।

# ਜ਼ਿਲ੍ਹਾ ਮਾਨਸਾ 'ਚ ਪਰਾਲੀ ਪ੍ਰਬੰਧਨ ਮੁਹਿੰਮ ਜਾਰੀ, ਖੇਤਾਂ 'ਚ ਡਟੇ ਅਧਿਕਾਰੀ

## ਡੀ ਸੀ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਮੁਹਿੰਮ 'ਚ ਸਹਿਯੋਗ ਦੀ ਅਪੀਲ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮਾਨਸਾ 'ਚ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਆਈ ਏ ਐੱਸ ਦੇ ਨਿਰਦੇਸ਼ਾਂ ਤਹਿਤ ਮੁਹਿੰਮ ਬਾਦਸਤੂਰ ਜਾਰੀ ਹੈ।ਡਿਪਟੀ ਕਮਿਸ਼ਨਰ ਜਿੱਥੇ ਖ਼ੁਦ ਰੋਜ਼ਾਨਾ ਪੱਧਰ 'ਤੇ ਮੁਹਿੰਮ ਦੀ ਨਜ਼ਰਸਾਨੀ ਕਰ ਰਹੇ ਹਨ, ਓਥੇ ਮੁਹਿੰਮ ਲਈ ਤਾਇਨਾਤ ਅਧਿਕਾਰੀ ਤੇ ਕਰਮਚਾਰੀ ਵੀ ਲਗਾਤਾਰ ਖੇਤਾਂ ਵਿੱਚ ਡਟੇ ਹੋਏ ਹਨ ਤੇ ਕਿਸਾਨਾਂ ਦਾ ਮਸ਼ੀਨਰੀ ਸਬੰਧੀ ਵੀ ਤਾਲਮੇਲ ਕਰਵਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਬੰਧਤ ਅਮਲੇ ਨੂੰ ਨਿਰਦੇਸ਼ ਦਿੱਤੇ ਹਨ ਕਿ ਕਿਸਾਨਾਂ ਨੂੰ ਮਸ਼ੀਨਰੀ ਦੀ ਕੋਈ ਦਿੱਕਤ ਪੇਸ਼ ਨਾ ਆਉਣ ਦਿੱਤੀ ਜਾਵੇ।ਇਸ ਤਹਿਤ ਮੁਹਿੰਮ ਲਈ ਤਾਇਨਾਤ ਨੋਡਲ ਅਫ਼ਸਰ, ਕਲੱਸਟਰ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ ਤੇ ਪੁਲਸ ਅਮਲਾ ਪਿੰਡਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ ਤੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਸਹਿਯੋਗ ਦੇਣ ਦੇ ਨਾਲ ਨਾਲ ਪਰਾਲੀ ਨੂੰ ਅੱਗ ਨਾ ਲਾਉਣ ਦੀਆਂ ਅਪੀਲਾਂ ਵੀ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਕਿਸਾਨ ਪਰਾਲੀ ਨੂੰ ਅੱਗ ਨਾ ਲਗਾ ਕੇ ਵਾਤਾਵਰਣ ਦੇ ਪੱਖੀ ਹੋਣ ਦਾ ਅਹਿਦ ਤੇ ਇਸ ਮੁਹਿੰਮ ਨੂੰ ਸਹਿਯੋਗ ਵੀ ਦੇਣ।ਮੁੱਖ ਖੇਤੀਬਾੜੀ ਅਫ਼ਸਰ ਮਾਨਸਾ ਹਰਵਿੰਦਰ ਸਿੰਘ ਨੇ ਦੱਸਿਆ ਕਿ ਪਿੰਡਾਂ ਵਿੱਚ ਕਿਸਾਨ ਸਿਖਲਾਈ ਕੈਂਪ ਤੇ ਕਿਸਾਨਾਂ ਨਾਲ ਜਨ ਸਭਾਵਾਂ ਕਰਕੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨ ਤੇ ਪਰਾਲੀ ਨੂੰ ਜ਼ਮੀਨ ਵਿੱਚ ਹੀ ਵਾਹੁਣ ਦੇ ਫਾਇਦਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਹਫ਼ਤੇ ਦੇ ਸੱਤੇ ਦਿਨ ਅਧਿਕਾਰੀ ਪਿੰਡਾਂ ਵਿੱਚ ਡਟੇ ਹੋਏ ਹਨ ਤੇ ਕਿਸਾਨਾਂ ਨਾਲ ਲਗਾਤਾਰ ਰਾਬਤੇ 'ਚ ਹਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਮਨੁੱਖੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ, ਉਥੇ ਵਾਤਾਵਰਨ ਵੀ ਪ੍ਰਦੂਸ਼ਤ ਹੁੰਦਾ ਹੈ ਤੇ ਮਿੱਟੀ ਦੀ ਉਪਜਾਊ ਸ਼ਕਤੀ 'ਤੇ ਵੀ ਅਸਰ ਪੈਣ ਤੋਂ ਇਲਾਵਾ ਫ਼ਸਲ ਦਾ ਝਾੜ ਵੀ ਘਟਦਾ ਹੈ।

# ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਬਰਸੀ ਸੰਬੰਧੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਸੁੱਖਮੰਦਰ ਸਿੰਘ ਨੇ ਲਹਿਰਾ ਗਾਗਾ ਇਲਾਕੇ ਦੇ ਸਹਿਯੋਗੀ ਸਾਥੀਆਂ ਨਾਲ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਯਾਦਗਾਰ 'ਤੇ ਖੋਖਰ ਕਲਾਂ ਵਿਖੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਬਰਸੀ ਮਨਾਉਣ ਸਬੰਧੀ ਮੀਟਿੰਗ ਕੀਤੀ ਗਈ।

ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਹਰ ਸਾਲ ਉਨ੍ਹਾਂ ਦੇ ਜੱਦੀ ਪਿੰਡ ਖੋਖਰ ਕਲਾਂ ਵਿਖੇ ਬਰਸੀ ਮਨਾਈ ਜਾਂਦੀ ਹੈ।ਕਾਮਰੇਡ ਸ਼ਮਸ਼ੇਰ ਸ਼ੇਰੀ ਸਮਝਦਾ ਸੀ ਕਿ ਮੌਜੂਦਾ ਰਾਜ ਪ੍ਰਬੰਧ ਸਾਮਰਾਜੀਆਂ, ਜਗੀਰਦਾਰਾਂ ਤੇ ਨੌਕਰਸ਼ਾਹ ਸਰਮਾਏਦਾਰਾਂ ਦੀ ਲੁੱਟ ਦਾ ਸੰਦ ਬਣਿਆ ਹੋਇਆ।15 ਅਗਸਤ 1947 ਨੂੰ ਜੋ ਆਜ਼ਾਦੀ ਆਈ ਉਹ ਵੀ ਭਾਰਤੀ ਲੋਕਾਂ ਦੇ ਨਾਲ ਇੱਕ ਧੋਖਾ ਸਾਬਤ ਹੋਈ।ਉਸ ਦੇ ਨਾਲ ਮਜ਼ਦੂਰਾਂ ਕਿਸਾਨਾਂ ਦੀ ਜ਼ਿੰਦਗੀ ਵਿੱਚ ਕੋਈ ਫਰਕ ਨਹੀਂ ਪਿਆ।ਫਰਕ ਸਿਰਫ ਇਹ ਪਿਆ ਕਿ ਗੋਰੇ ਅੰਗਰੇਜ਼ਾਂ ਦੀ ਥਾਂ ਕਾਲੇ ਭਾਰਤੀ ਹਾਕਮ ਗੱਦੀਆਂ 'ਤੇ ਬਿਰਾਜ਼ਮਾਨ ਹੋ ਗਏ।ਹੁਣ ਭਾਰਤ ਦੇ ਬਹੁਤ ਹਿੱਸਿਆਂ ਵਿੱਚ ਜ਼ਮੀਨ ਬਚਾਉਣ ਦੀ ਲੜਾਈ ਚੱਲ ਰਹੀ ਹੈ।ਵਸਤਰ ਦੇ ਜੰਗਲਾਂ ਵਿੱਚ ਖਾਣਿਜ ਪਦਾਰਥਾਂ ਦੇ ਭੰਡਾਰ ਸਾਮਰਾਜੀਆਂ ਨੂੰ ਲੁਟਾਉਣ ਲਈ ਇਨਕਲਾਬੀ ਲਹਿਰ 'ਤੇ ਖ਼ੂਨੀ ਹਮਲਾ ਵਿੱਢਿਆ ਹੋਇਆ ਹੈ।ਉਥੋਂ ਦੇ ਲੋਕ ਵੀ ਆਪਣੇ ਉਜਾੜੇ ਨੂੰ ਰੋਕਣ ਦੇ ਲਈ ਹਕੂਮਤ ਵਿਰੁੱਧ ਸੰਘਰਸ਼ ਕਰ ਰਹੇ ਹਨ।ਕਾਮਰੇਡ ਸ਼ਮਸ਼ੇਰ ਸ਼ੇਰੀ ਮਜ਼ਦੂਰ ਕਿਸਾਨਾਂ ਦੀ ਪੁੱਗਤ ਵਾਲਾ-ਲੋਕਾਸ਼ਾਹੀ ਰਾਜ-ਲਿਆਉਣ ਲਈ ਪੂਰੀ ਜ਼ਿੰਦਗੀ ਸੰਘਰਸ਼ ਕਰਦਾ ਰਿਹਾ।ਲੋਕ ਸੰਗਰਾਮ ਮੋਰਚਾ ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦਾ ਰਹੇਗਾ।ਮੀਟਿੰਗ ਵਿੱਚ ਫੈਸਲਾ ਕੀਤਾ ਕਿ ਹੁਣ 29 ਨਵੰਬਰ ਨੂੰ 11 ਵਜੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਯਾਦਗਰ ਉੱਤੇ ਖੋਖਰ ਕਲਾਂ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ।ਇਸ ਦੀ ਤਿਆਰੀ ਲਈ ਇਲਾਕੇ ਦੇ ਵਿੱਚ ਲੋਕਾਂ ਨਾਲ ਸੰਪਰਕ ਮੁਹਿੰਮ ਚਲਾਈ ਜਾਵੇਗੀ।

# ਸੰਤ ਬਾਬਾ ਅਜਮੇਰ ਸਿੰਘ ਰੱਬ ਜੀ ਦੇ ਬਰਸੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ

## ਸੰਗਤਾਂ ਵਿਦੇਸ਼ਾਂ ਤੋਂ ਆਉਣੀਆਂ ਸ਼ੁਰੂ, ਸੰਤ ਸਮਾਗਮ ਤੇ ਹੋਵੇਗਾ ਕੀਰਤਨ ਦਰਬਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਤ ਬਾਬਾ ਅਜਮੇਰ ਸਿੰਘ ਰੱਬ ਜੀ ਦੀ 27ਵੀਂ ਬਰਸੀ ਤੇ ਮਾਤਾ ਗਿਆਨ ਕੌਰ ਜੀ ਦੀ ਮਿੱਠੀ ਯਾਦ ਵਿੱਚ 29-30-31 ਅਕਤੂਬਰ ਨੂੰ ਰੱਬ ਨਗਰ ਜੀ.ਟੀ. ਰੋਡ ਮੋਗਾ ਵਿਖੇ ਮਹਾਨ ਸੰਤ ਸਮਾਗਮ ਤੇ ਕੀਰਤਨ ਦਰਬਾਰ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਸਬੰਧੀ ਵਿਧਾਇਕ ਅਮਨਦੀਪ ਕੌਰ ਅਰੋੜਾ ਨੂੰ ਸੱਦਾ ਪੱਤਰ ਦਿੱਤਾ ਗਿਆ। ਇਸ ਮੌਕੇ ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੰਤ ਬਾਬਾ ਅਜਮੇਰ ਸਿੰਘ ਰੱਬ ਜੀ ਨੇ ਗੁਰੂ ਘਰ, ਮੰਦਰ, ਸਕੂਲ ਬਣਾ ਕੇ ਅਨੇਕਾਂ ਲੋਕ ਭਲਾਈ ਦੇ ਕਾਰਜ ਕਰਦਿਆਂ ਸੰਗਤਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਦਿਆਂ ਗੁਰਬਾਣੀ ਨਾਲ ਜੋੜਿਆ।ਉਨ੍ਹਾਂ ਕਿਹਾ ਕਿ ਇਹ ਸਮਾਗਮ ਸ਼ਹਿਰ ਵਿੱਚ ਬਹੁਤ ਚਰਚਾ ਹੈ, ਸੰਗਤਾਂ ਵਿੱਚ ਕਾਫੀ ਉਤਸ਼ਾਹ ਪਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸੰਤਾਂ ਮਹਾਂਪੁਰਸ਼ਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।ਇਸ ਸਬੰਧ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਆਉਣੀਆਂ ਸ਼ੁਰੂ ਹੋ ਗਈ ਹਨ।ਇਸ ਸਬੰਧੀ ਬਲਬੀਰ ਸਿੰਘ ਰਾਮੂੰਵਾਲੀਆ ਤੇ ਭਰਪੂਰ ਸਿੰਘ ਕੰਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 29 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 30 ਅਕਤੂਬਰ ਨੂੰ ਰਾਤ 7 ਵਜੇ ਤੋਂ ਲੈ ਕੇ ਰਾਤ 11 ਵਜੇ ਤੱਕ ਕੀਰਤਨ ਸਮਾਗਮ ਹੋਵੇਗਾ, ਜਿਸ ਵਿੱਚ ਸੰਤ ਗੁਰਮੀਤ ਸਿੰਘ ਖੋਸਿਆਂ ਵਾਲੇ, ਸੰਤ ਹਰਵਿੰਦਰ ਸਿੰਘ ਰੌਲੀ ਵਾਲੇ, ਭਾਈ ਰਛਪਾਲ ਸਿੰਘ, ਬਾਬਾ ਰਵਿੰਦਰ ਸਿੰਘ ਜੋਨੀ ਆਈਆਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਨਗੇ ਅਤੇ 31 ਅਕਤੂਬਰ ਨੂੰ ਮੁੱਖ ਬਰਸੀ ਸਮਾਗਮ ਹੋਵੇਗਾ।ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਖੁੱਲ੍ਹੇ ਪੰਡਾਲ ਵਿੱਚ ਮਹਾਨ ਸੰਤ ਸਮਾਗਮ ਤੇ ਕੀਰਤਨ ਦਰਬਾਰ ਹੋਵੇਗਾ।ਤਿੰਨੇ ਦਿਨ ਗੁਰੂ ਕਾ ਲੰਗਰ ਤੇ ਜਲੇਬੀਆਂ ਦਾ ਅਤੁੱਟ ਲੰਗਰ ਵਰਤੇਗਾ।ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਵੇਗੀ।

ਇਸ ਮੌਕੇ ਬਲਬੀਰ ਸਿੰਘ ਰਾਮੂੰਵਾਲੀਆ, ਗੁਰਲਾਲ ਸਿੰਘ ਸੋਨਾ, ਮੇਜਰ ਸਿੰਘ, ਸੁਖਚਰਨ ਸਿੰਘ ਪਿੰਕਾ,ਬਾਬਾ ਫੂਲਾ ਸਿੰਘ, ਸੁਖਚੈਨ ਸਿੰਘ ਰਾਮੂੰਵਾਲੀਆ, ਮਹਿੰਦਰ ਸਿੰਘ ਮਹਿਰੋਂ, ਅਮਰਜੀਤ ਸਿੰਘ ਕਲਕੱਤਾ, ਗੁਰਮੇਜ ਸਿੰਘ ਭੁੱਲਰ, ਗਗਨਦੀਪ ਸਿੰਘ ਸਦਿਉੜਾ, ਜਸਪਾਲ ਸਿੰਘ ਧੂੰਨਾ, ਕੌਂਸਲਰ ਭਾਰਤ ਭੂਸ਼ਨ, ਕੌਂਸਲਰ ਦਵਿੰਦਰ ਤਿਵਾੜੀ, ਕੌਂਸਲਰ ਗੁਰਪ੍ਰੀਤ ਸਚਦੇਵਾ,ਬਲਾਕ ਪ੍ਰਧਾਨ ਰਾਕੇਸ਼ ਮਿੱਡਾ, ਸੰਨੀ ਧਾਲੀਵਾਲ, ਹਰਬੰਸ ਸਿੰਘ ਬੰਸੀ, ਆਤਮਾ ਸਿੰਘ ਨੇਤਾ, ਸਤਪਾਲ ਸਿੰਘ ਕੰਡਾ, ਗੁਰਸੇਵਕ ਸਿੰਘ ਸੰਨਿਆਸੀ, ਪ੍ਰੇਮ ਸਿੰਘ, ਗੁਰਦੇਵ ਸਿੰਘ ਹਿੰਮਤੀ, ਮੱਖਣ ਸਿੰਘ, ਸਾਧੂ ਸਿੰਘ, ਹਰਜੋਤ ਸਿੰਘ, ਹਰਮੀਤ ਸਿੰਘ, ਹਰਜਸਪ੍ਰੀਤ ਸਿੰਘ, ਚਰਨਜੀਤ ਸਿੰਘ, ਹਰਜੀਤ ਸਿੰਘ, ਮਾਨ ਜਗਰਾਓਂ ਆਦਿ ਹਾਜ਼ਰ ਸਨ।

# ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਮੰਡੀ ਗੋਬਿੰਦਗੜ੍ਹ ਜੀ. ਟੀ. ਰੋਡ 'ਤੇ ਪੈਂਦੇ ਪਿੰਡ ਅੰਬੇਮਾਜਰਾ ਨਜ਼ਦੀਕ ਵਾਪਰੇ ਸੜਕ ਹਾਦਸੇ ਵਿੱਚ ਖੰਨਾ ਨਿਵਾਸੀ ਇੱਕ ਨੌਜਵਾਨ ਦੀ ਮੌਤ ਹੋ ਜਾਣ ਤੇ ਇੱਕ ਦੇ ਗੰਭੀਰ ਜ਼ਖਮੀ ਹੋਣ ਦਾ ਸਮਾਚਾਰ ਹੈ।ਮ੍ਰਿਤਕ ਦੀ ਪਹਿਚਾਣ ਅਭਿਸ਼ੇਕ ਵਿਜ ਵਾਸੀ ਖੰਨਾ ਵਜੋਂ ਦੱਸੀ ਜਾ ਰਹੀ ਹੈ।ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੰਡੀ ਗੋਬਿੰਦਗੜ੍ਹ ਦੇ ਸਬ ਇੰਸਪੈਕਟਰ ਧਰਮਪਾਲ ਨੇ ਦੱਸਿਆ ਕਿ ਹਾਦਸੇ 'ਚ ਜ਼ਖਮੀ ਹੋਏ ਕਾਰ ਡਰਾਈਵਰ ਗੁਰਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਤੇ ਖੰਨਾ ਨਿਵਾਸੀ ਅਭਿਸ਼ੇਕ ਵਿਜ ਫਾਰਚੂਨਰ ਕਾਰ ਨੰਬਰ ਪੀ.ਬੀ.23.ਏ.ਬੀ-1991 ਵਿੱਚ ਸਵਾਰ ਹੋ ਕੇ ਆਪਣੇ ਇੱਕ ਦੋਸਤ ਨੂੰ ਦਿੱਲੀ ਏਅਰਪੋਰਟ 'ਤੇ ਛੱਡਣ ਗਏ ਸਨ, ਜਿੱਥੋਂ ਵਾਪਸ ਪਰਤਦੇ ਸਮੇਂ ਉਹ ਐਤਵਾਰ ਸਵੇਰੇ ਜਦੋਂ ਮੰਡੀ ਗੋਬਿੰਦਗੜ੍ਹ ਨੇੜਲੇ ਪਿੰਡ ਅੰਬੇ ਮਾਜਰਾ ਕੋਲ ਪਹੁੰਚੇ ਤਾਂ ਉਨ੍ਹਾਂ ਦੇ ਅੱਗੇ ਜਾ ਰਹੇ ਟਰੱਕ ਨੰਬਰ ਪੀ.ਬੀ.65. ਏ.ਕੇ.-3265 ਦੇ ਡਰਾਈਵਰ ਨੇ ਅਚਾਨਕ ਟਰੱਕ ਦੀ ਬਰੇਕ ਲਗਾ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਫਾਰਚੂਨਰ ਗੱਡੀ ਉਕਤ ਟਰੱਕ ਦੇ ਪਿੱਛੇ ਟਕਰਾ ਕੇ ਨੁਕਸਾਨੀ ਗਈ।ਇਸ ਹਾਦਸੇ ਕਾਰਨ ਉਹ ਤੇ ਕਾਰ ਦੀ ਪਿਛਲੀ ਸੀਟ 'ਤੇ ਬੈਠਾ ਅਭਿਸ਼ੇਕ ਵਿਜ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।ਹਾਦਸੇ ਤੋਂ ਬਾਅਦ ਅਭਿਸ਼ੇਕ ਵਿਜ ਨੂੰ ਇਲਾਜ ਲਈ ਤੁਰੰਤ ਨੇੜਲੇ ਰਿਮਟ ਹਸਪਤਾਲ 'ਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਚੈੱਕ ਕਰਨ ਉਪਰੰਤ ਅਭਿਸ਼ੇਕ ਵਿਜ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੇ ਇਸ ਸਬੰਧੀ ਟਰੱਕ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# 45 ਨਸ਼ੀਲੀਆਂ ਗੋਲੀਆਂ ਸਣੇ ਔਰਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇੱਕ ਔਰਤ ਨੂੰ 45 ਨਸ਼ੇ ਦੀਆਂ ਗੋਲੀਆਂ ਸਣੇ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ. ਆਈ. ਅਮਨਦੀਪ ਕੌਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਦੌਰਾਨ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਵੀਨਾ ਰਾਣੀ ਪਤਨੀ ਸੰਦੀਪ ਸਿੰਘ ਵਾਸੀ ਟਿਵਾਣਾ ਕਲਾਂ ਨਸ਼ੀਲੀਆਂ ਗੋਲੀਆਂ ਵੇਚਣ ਦੀ ਆਦੀ ਹੈ, ਜੋ ਹੁਣ ਵੀ ਪਿੰਡ ਟਿਵਾਣਾ ਕਲਾਂ ਸੁਸਾਇਟੀ ਘਰ ਦੀ ਬੈਕ ਸਾਈਡ ਗਾਹਕਾਂ ਦੀ ਉਡੀਕ ਕਰ ਰਹੀ ਹੈ। ਇਹ ਇਤਲਾਹ ਠੋਸ ਤੇ ਭਰੋਸੇਯੋਗ ਹੋਣ 'ਤੇ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕਰਕੇ ਵੀਨਾ ਰਾਣੀ ਨੂੰ 45 ਨਸ਼ੀਲੀਆਂ ਗੋਲੀਆਂ ਸਣੇ ਗ੍ਰਿਫਤਾਰ ਕਰ ਲਿਆ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਬਲਾਕ ਬਰੇਟਾ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਸੰਪੰਨ



**ਬਰੇਟਾ (ਰੀਤਵਾਲ)**-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 2025 ਦੀਆਂ ਤਿੰਨ ਰੋਜ਼ਾ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਅੰਡਰ-11 ਦਾਤੇਵਾਸ ਵਿਖੇ ਸ਼ਹੀਦ ਹਵਲਦਾਰ ਜੋਗਿੰਦਰ ਸਿੰਘ ਸਟੇਡੀਅਮ ਵਿਖੇ ਕਰਾਈਆਂ ਗਈਆਂ।ਇਸ ਦੌਰਾਨ ਮੁੰਡੇ ਤੇ ਕੁੜੀਆਂ ਦੀਆਂ ਮੇਜਰ ਖੇਡਾਂ ਤੋਂ ਇਲਾਵਾ ਅਥਲੈਟਿਕਸ ਮੁਕਾਬਲੇ ਕਰਾਏ ਗਏ।ਖੇਡਾਂ ਦੇ ਪਹਿਲੇ ਦਿਨ ਮੁੱਖ ਮਹਿਮਾਨ ਦੇ ਤੌਰ 'ਤੇ ਪ੍ਰਿੰਸੀਪਲ ਸ੍ਰੀ ਬੁੱਧ ਰਾਮ ਜੀ ਹਲਕਾ ਵਿਧਾਇਕ ਬੁਢਲਾਡਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ ਸ਼੍ਰੀਮਤੀ ਮੰਜੂ ਬਾਲਾ ਨੇ ਝੰਡਾ ਲਹਿਰਾ ਕੇ ਖੇਡਾਂ ਸ਼ੁਰੂ ਕਰਨ ਦਾ ਰਸਮੀ ਐਲਾਨ ਕੀਤਾ।

ਹਲਕਾ ਵਿਧਾਇਕ ਬੁੱਧ ਰਾਮ ਜੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿੱਚ ਕੀਤੇ ਮਿਆਰੀ ਸੁਧਾਰਾਂ ਕਰਕੇ ਸਾਡੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਦੇਸ਼ ਭਰ 'ਚ ਆਪਣੀਆਂ ਪ੍ਰਾਪਤੀਆਂ ਦਾ ਲੋਹਾ ਮੰਨਵਾਇਆ ਹੈ।ਉਨ੍ਹਾਂ ਕਿਹਾ ਕਿ ਪ੍ਰਾਇਮਰੀ ਸਕੂਲ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਲਈ, ਖੇਡਾਂ ਦੀਆਂ ਨਰਸਰੀਆਂ ਵਜੋਂ ਆਪਣੀ ਵਿਲੱਖਣ ਭੂਮਿਕਾ ਨਿਭਾਅ ਰਹੇ ਹਨ।ਜ਼ਿਲ੍ਹਾ ਸਿੱਖਿਆ ਅਫ਼ਸਰ ਮੰਜੂ ਰਾਣੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਕਿ ਖੇਡਾਂ ਛੋਟੇ ਬੱਚਿਆਂ ਦੇ ਸਰੀਰਕ ਵਿਕਾਸ ਦੇ ਨਾਲ਼-ਨਾਲ਼ ਅਗਵਾਈ ਕਰਨ, ਮਿਲਵਰਤਣ ਤੇ ਹਾਰ ਨੂੰ ਸਵੀਕਾਰਨ ਦੀ ਭਾਵਨਾ ਪੈਦਾ ਕਰਦੀਆਂ ਹਨ।ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੱਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਬਲਾਕ ਬਰੇਟਾ ਦੇ 6 ਕਲੱਸਟਰਾਂ ਦਿਆਲਪੁਰਾ, ਬਹਾਦਰਪੁਰ, ਰਿਉਂਦ ਕਲਾਂ, ਬਰੇਟਾ ਪਿੰਡ, ਬੋਹਾ ਤੇ ਹਾਕਮਵਾਲਾ ਦੇ ਅਧੀਨ ਆਉਂਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਇਸ ਸਾਲ ਕਲੱਸਟਰ ਦਿਆਲਪੁਰਾ ਨੂੰ ਦਿੱਤੀ ਗਈ ਹੈ।ਕਲੱਸਟਰ ਦੇ ਸੀ ਐੱਚ ਟੀ ਕੁਲਵਿੰਦਰ ਸਿੰਘ ਬੁਢਲਾਡਾ ਤੇ ਸਮੂਹ ਅਧਿਆਪਕਾਂ ਵੱਲੋਂ ਪੂਰੀ ਮਿਹਨਤ, ਤਨਦੇਹੀ ਤੇ ਸਹਿਯੋਗ ਨਾਲ ਇਨ੍ਹਾਂ ਖੇਡਾਂ ਵਿੱਚ ਅਨੁਸ਼ਾਸ਼ਨੀ ਢੰਗ ਨਾਲ ਪ੍ਰਬੰਧ ਕੀਤੇ ਗਏ।ਇਹ ਖੇਡਾਂ ਪਿਛਲੇ ਦਿਨੀਂ ਵਿੱਛੜੇ ਕਲੱਸਟਰ ਦਿਆਲਪੁਰਾ ਦੇ ਬਹੁਤ ਹੀ ਮਿਹਨਤੀ ਮੁੱਖ ਅਧਿਆਪਕ ਕੁਲਵਿੰਦਰ ਸਿੰਘ ਸਪਸ ਖੱਤਰੀਵਾਲਾ ਦੀ ਯਾਦ ਨੂੰ ਸਮਰਪਤ ਕੀਤੀਆਂ ਗਈਆਂ।

ਕਲੱਸਟਰ ਦਿਆਲਪੁਰਾ ਅਧੀਨ ਪੈਂਦੇ ਸਮੂਹ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ, ਐਸ ਐਮ ਸੀ ਕਮੇਟੀਆਂ, ਕਲੱਬਾਂ ਤੇ ਪਤਵੰਤਿਆਂ ਦਾ ਭਰਪੂਰ ਸਹਿਯੋਗ ਰਿਹਾ।ਖੇਡਾਂ ਦੇ ਅੰਤਿਮ ਦਿਨ ਡਾਕਟਰ ਨਿਸ਼ਾਨ ਸਿੰਘ ਹਾਕਮਵਾਲਾ ਤੇ ਬੀਪੀਈਓ ਸੱਤਪਾਲ ਸਿੰਘ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਗਏ।

ਤਿੰਨਾਂ ਦਿਨਾਂ ਦੌਰਾਨ ਭਾਵੇਂ ਸਾਰੇ ਹੀ ਕਲੱਸਟਰਾਂ ਦੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ, ਪ੍ਰੰਤੂ ਕਲੱਸਟਰ ਬਹਾਦਰਪੁਰ ਦੇ ਵਿਦਿਆਰਥੀਆਂ ਨੇ ਵੱਧ ਅੰਕ ਪ੍ਰਾਪਤ ਕਰਕੇ ਆਲਓਵਰ ਟ੍ਰਾਫੀ ਪ੍ਰਾਪਤ ਕੀਤੀ।ਸਟੇਜ ਸਕੱਤਰ ਦੀ ਭੂਮਿਕਾ ਹਰਵਿੰਦਰ ਸਿੰਘ ਹੈਪੀ, ਜਸਵੀਰ ਖੁਡਾਲ ਤੇ ਮਹਿੰਦਰ ਪਾਲ ਬਰੇਟਾ ਵੱਲੋਂ ਬਾਖ਼ੂਬੀ ਨਿਭਾਈ ਗਈ।ਅੰਤ ਵਿੱਚ ਬੀਪੀਈਓ ਸੱਤਪਾਲ ਸਿੰਘ ਨੇ ਜਿੱਥੇ ਆਉਣ ਵਾਲੇ ਮਹਿਮਾਨਾਂ ਦਾ ਧੰਨਵਾਦ ਕੀਤਾ, ਉੱਥੇ ਬਲਾਕ ਜਿੱਤ ਕੇ ਜ਼ਿਲ੍ਹਾ ਪੱਧਰ ਲਈ ਚੁਣੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

# ਖ਼ੂਨਦਾਨ ਕੈਂਪ ਅੱਜ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਸ਼ਹਿਰ ਰਾਮਪੁਰਾ ਫੂਲ ਦੀ ਸੰਸਥਾ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵੱਲੋਂ 27 ਅਕਤੂਬਰ ਨੂੰ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਵਿਦਿਆਰਥੀਆਂ, ਸਟਾਫ ਮੈਂਬਰਾਂ ਤੇ ਸਮਾਜ ਸੇਵੀਆਂ ਵੱਲੋਂ ਖ਼ੂਨ ਦਾਨ ਕੀਤਾ ਜਾਵੇਗਾ। ਫਤਿਹ ਗਰੁੱਪ ਵੱਲੋਂ ਸਮਾਜਿਕ ਸੇਵਾ ਨੂੰ ਨਵੀਂ ਦਿਸ਼ਾ ਦੇਣ ਦੇ ਉਦੇਸ਼ ਨਾਲ ਇਹ ਮੁਹਿੰਮ ਚਲਾਈ ਜਾ ਰਹੀ ਹੈ ਸੰਸਥਾ ਵੱਲੋਂ ਖ਼ੂਨਦਾਨ ਕਰਨ ਲਈ ਇਲਾਕੇ ਦੇ ਸਮੂਹ ਸਮਾਜ ਸੇਵੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ ਮੌਕੇ ਇਲਾਕੇ ਦੇ ਉਹ ਸਮਾਜ ਸੇਵੀ, ਜੋ 50 ਤੋਂ ਵੱਧ ਵਾਰ ਖ਼ੂਨ ਦਾਨ ਕਰ ਚੁੱਕੇ ਹਨ, ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

# ਹਾਦਸੇ 'ਚ ਜ਼ਖਮੀਂ ਦੀ ਇਲਾਜ ਦੌਰਾਨ ਮੌਤ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸੜਕ ਹਾਦਸੇ ਵਿੱਚ ਜ਼ਖਮੀ ਵਿਅਕਤੀ ਦੀ ਮੌਤ ਹੋ ਜਾਣ 'ਤੇ ਵੈਨ ਦੇ ਅਣਪਛਾਤੇ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਮੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਔਰਤ ਗਿਆਨ ਕੌਰ ਪਤਨੀ ਰੇਸ਼ਮ ਸਿੰਘ ਵਾਸੀ ਕਾਠਗੜ੍ਹ (ਥਾਣਾ ਵੈਰੋਕੇ) ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 24 ਅਕਤੂਬਰ 2025 ਨੂੰ ਦੁਪਹਿਰ ਕਰੀਬ 02.10 ਵਜੇ ਪਿੰਡ ਮੰਨੇਵਾਲਾ ਰੋਡ ਤੇ ਕਬਾੜੀਆਂ ਦੀ ਦੁਕਾਨ ਕੋਲ ਅਣਪਛਾਤੇ ਸਕੂਲ ਵੈਨ ਦੇ ਡਰਾਈਵਰ ਨੇ ਬੜੀ ਹੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਵੈਨ ਚਲਾਉਣ ਕਰਕੇ ਉਸ ਦੇ ਲੜਕੇ ਅਮਰਜੀਤ ਸਿੰਘ ਨੂੰ ਫੇਟ ਮਾਰ ਗਿਆ ਸੀ, ਜਿਸ 'ਤੇ ਉਸ ਦੇ ਲੜਕੇ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਮੁਦੱਈ ਗਿਆਨ ਕੌਰ ਦੇ ਬਿਆਨਾਂ 'ਤੇ ਅਣਪਛਾਤੇ ਸਕੂਲ ਵੈਨ ਦੇ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸਾਹਿਤ ਸਭਾ ਮਾਛੀਵਾੜਾ ਦੀ ਮੀਟਿੰਗ 'ਚ ਚੱਲਿਆ ਗ਼ਜ਼ਲਾਂ ਦਾ ਦੌਰ



**ਸਮਰਾਲਾ (ਸੁਰਜੀਤ ਸਿੰਘ)**-ਸਾਹਿਤ ਸਭਾ ਮਾਛੀਵਾੜਾ ਦੀ ਮਾਸਿਕ ਮੀਟਿੰਗ ਸਰਕਾਰੀ ਸਕੂਲ ਵਿੱਚ ਸਭਾ ਦੇ ਪ੍ਰਧਾਨ ਐੱਸ ਨਸੀਮ ਦੀ ਪ੍ਰਧਾਨਗੀ ਹੇਠ ਹੋਈ।ਸਭਾ ਦੇ ਪ੍ਰਧਾਨ ਐੱਸ ਨਸੀਮ ਨੇ ਹਾਜ਼ਰ ਲੇਖਕਾਂ ਦਾ ਸਵਾਗਤ ਕੀਤਾ।ਮੀਟਿੰਗ ਵਿੱਚ ਹੋਰਨਾਂ ਰਚਨਾਵਾਂ ਤੋਂ ਇਲਾਵਾ ਗ਼ਜ਼ਲਾਂ ਦਾ ਜ਼ਿਆਦਾ ਬੋਲਬਾਲਾ ਰਿਹਾ।ਗ਼ਜ਼ਲ ਵਿਧਾ ਤੇ ਗ਼ਜ਼ਲ ਦੇ ਮਾਹਰ ਐੱਸ ਨਸੀਮ, ਨਿਰੰਜਨ ਸੂਖਮ, ਬਲਜਿੰਦਰ ਸਿੰਘ ਤੇ ਮਲਕੀਅਤ ਸਿੰਘ ਨੇ ਅਹਿਮ ਮੁੱਦੇ ਉਠਾਏ ਅਤੇ ਗ਼ਜ਼ਲ ਵਿਧਾ ਦੀਆਂ ਬਾਰੀਕੀਆਂ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਹੋਈ।ਸਭਾ ਦੇ ਪ੍ਰਧਾਨ ਐੱਸ ਨਸੀਮ ਨੇ ਸਾਹਿਤਕ ਬਹਿਸ ਵਿੱਚ ਗੱਲ ਕਰਦਿਆਂ ਕਿਹਾ ਕਿ ਇਹ ਜ਼ਰੂਰੀ ਨਹੀਂ ਕੇ ਲੇਖਕ ਪਾਠਕ ਦੀ ਮਾਨਸਿਕ ਸਥਿਤੀ ਤੱਕ ਪਹੁੰਚ ਰੱਖੇ, ਬਲਕਿ ਜ਼ਰੂਰੀ ਇਹ ਹੈ ਕਿ ਪਾਠਕ ਲੇਖਕ ਦੀ ਵਿਚਾਰਕ ਡੂੰਘਾਈ ਨੂੰ ਸਮਝੇ।ਇਸ ਵਿਚਾਰ ਚਰਚਾ ਵਿੱਚ ਚਿੰਤਕ ਗੁਰਭਗਤ ਸਿੰਘ ਗਿੱਲ ਨੇ ਕਵਿਤਾ ਤੇ ਸਾਹਿਤ ਦੀਆਂ ਹੋਰਨਾਂ ਵਿਧਾਵਾਂ 'ਤੇ ਖੁੱਲ੍ਹ ਕੇ ਤੇ ਵਿਸਥਾਰ ਨਾਲ ਆਪਣੇ ਵਿਚਾਰ ਰੱਖੇ। ਰਚਨਾਵਾਂ ਦੇ ਦੌਰ ਵਿੱਚ ਬਲਜਿੰਦਰ ਨੇ ਆਪਣੀ ਗ਼ਜ਼ਲ 'ਸਹਿਕਦੇ ਬੁੱਲ੍ਹਾਂ ਤੇ ਇਉਂ ਮੁਸਕਾਨ ਕੋਈ ਧਰ ਗਿਆ', ਨਿਰੰਜਨ ਸੂਖਮ ਦੀ 'ਤਾਂਘ ਨਾ ਜਜ਼ਬਾ ਕੋਈ, ਨਾ ਹੀ ਪਤਾ ਔਕਾਤ ਕੀ' ਤੇ ਐੱਸ. ਨਸੀਮ ਦੀ ਗ਼ਜ਼ਲ 'ਤੇਰੇ ਬੁੱਲ੍ਹਾਂ ਤੋਂ ਸਦਕੇ ਦਿਲ ਦੁਖਾਈ ਜਾ ਰਹੇ ਨੇ ਜੋ' ਨੇ ਸਾਹਿਤਕ ਮਹਿਫ਼ਿਲ ਨੂੰ ਖੁਸ਼ਨੁਮਾ ਕੀਤਾ ਅਤੇ ਖ਼ੂਬ ਵਾਹ-ਵਾਹ ਬਟੋਰੀ।

ਇਸੇ ਦੌਰਾਨ ਡਾ. ਅਮਰਜੀਤ ਸਹਿਗਲ ਦੀ ਕਵਿਤਾ 'ਦੋਸਤੀ', ਨਛੱਤਰ ਸਿੰਘ ਦੀ ਕਵਿਤਾ 'ਰੱਬ ਨੂੰ ਉਲਾਂਭਾ', ਸੁਰਜੀਤ ਸਿੰਘ ਦੀ ਹਿੰਦੀ ਕਵਿਤਾ, ਕਸ਼ਮੀਰ ਸਿੰਘ ਵੱਲੋਂ ਪੇਸ਼ ਕੀਤੀ ਪੂਰਨ ਭਗਤ ਸਿੰਘ ਦੀ ਕਲੀ ਵਿਸ਼ੇਸ਼ ਤੌਰ 'ਤੇ ਚਰਚਾ ਦਾ ਵਿਸ਼ਾ ਰਹੀ।ਪੇਸ਼ ਕੀਤੀਆਂ ਸਾਰੀਆਂ ਰਚਨਾਵਾਂ 'ਤੇ ਉਸਾਰੂ ਬਹਿਸ ਹੋਈ ਤੇ ਲੇਖਕਾਂ ਨੂੰ ਰਚਨਾਵਾਂ ਵਿੱਚ ਜੋੜ-ਤੋੜ ਕਰਨ ਦੇ ਸੁਝਾਅ ਵੀ ਸਾਹਮਣੇ ਆਏ।ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਨਿਰੰਜਨ ਸੂਖਮ ਨੇ ਕੁਸ਼ਲਤਾ ਨਾਲ ਕੀਤਾ। ਅੰਤ ਵਿੱਚ ਪ੍ਰਧਾਨ ਐੱਸ ਨਸੀਮ ਨੇ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ।

# ਤਰਨ ਤਾਰਨ ਜ਼ਿਮਨੀ ਚੋਣ 'ਚ ਕਾਂਗਰਸ ਉਮੀਦਵਾਰ ਦੀ ਹੋਵੇਗੀ ਵੱਡੀ ਜਿੱਤ : ਕਾਂਗੜ



**ਸੰਗਰੂਰ (ਪ੍ਰਵੀਨ ਸਿੰਘ)**-ਕਾਂਗਰਸ ਪਾਰਟੀ ਦੇ ਸੀਨੀਅਰ ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜ ਮੈਂਬਰ ਪੀਪੀਸੀਸੀ ਨੇ ਸੂਬੇ ਦੀ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਪੰਜਾਬ ਦੇ ਵਿਧਾਨ ਸਭਾ ਤਰਨਤਾਰਨ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਲਈ ਕਾਂਗਰਸੀ ਉਮੀਦਵਾਰ ਦੀ ਵੱਡੀ ਜਿੱਤ ਦਾ ਦਾਅਵਾ ਕੀਤਾ ਹੈ। ਸ੍ਰੀ ਕਾਂਗੜ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਇਸ ਨੇ ਰੰਗਲੇ ਪੰਜਾਬ ਨੂੰ ਜੰਗਲ ਰਾਜ ਤੇ ਨਰਕ ਬਣਾ ਕੇ ਰੱਖ ਦਿੱਤਾ ਹੈ। ਅੱਜ ਹਰ ਪਾਸੇ ਵੱਡੇ ਪੱਧਰ 'ਤੇ ਨਸ਼ਿਆਂ ਦਾ ਬੋਲਬਾਲਾ ਹੈ।ਨਸ਼ਾ ਤਸਕਰ ਬੇਖ਼ੌਫ਼ ਹੋ ਕੇ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ। ਏਥੇ ਤੱਕ ਕਿ ਉਹ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਦੇ ਬੱਚਿਆਂ ਦੀ ਖ਼ਰੀਦੋ ਫਰੋਤ ਕਰ ਰਹੇ ਹਨ। ਕਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਸੂਬੇ ਦੇ ਕਿਸੇ ਵੀ ਹਿੱਸੇ ਅੰਦਰ ਵਿਕਾਸ ਨਾਮ ਦੀ ਕੋਈ ਚੀਜ਼ ਨਜ਼ਰ ਨਹੀਂ ਆ ਰਹੀ ਤੇ ਦਿਨ ਦਿਹਾੜੇ ਕਤਲੇ ਆਮ ਹੋ ਰਹੇ ਹਨ। ਉਨ੍ਹਾ ਕਿਹਾ ਕਿ ਜੋ ਵੱਡੇ ਵੱਡੇ ਝੂਠ ਬੋਲ ਕੇ ਆਮ ਆਦਮੀ ਪਾਰਟੀ ਸੱਤਾ ਵਿੱਚ ਆਈ ਸੀ, ਉਨ੍ਹਾਂ ਵਿੱਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਅੱਜ ਪੰਜਾਬ ਦੇ ਲੋਕ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰ ਰਹੇ ਹਨ। ਸ੍ਰੀ ਦਰਸ਼ਨ ਕਾਂਗੜ ਨੇ ਕਿਹਾ ਕਿ ਕਾਂਗਰਸ ਪਾਰਟੀ ਤਰਨਤਾਰਨ ਹਲਕੇ ਦੀ ਜ਼ਿਮਨੀ ਚੋਣ ਵਿੱਚ ਵੱਡੀ ਜਿੱਤ ਹਾਸਲ ਕਰਕੇ ਮੁੜ ਸੱਤਾ ਵਿੱਚ ਵਾਪਸੀ ਦਾ ਰਾਹ ਪੱਧਰਾ ਕਰੇਗੀ।

## ਡੀ ਏ ਵੀ ਸਕੂਲ ਦੇ ਚੈੱਸ ਖਿਡਾਰੀਆਂ ਸੈਕਿੰਡ ਰਨਰਅੱਪ ਟਰਾਫੀ ਜਿੱਤੀ



**ਜਗਰਾਉਂ (ਅਮਿਤ ਖੰਨਾ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੀ ਏ ਵੀ ਸਟੇਟ ਲੈਵਲ ਚੈੱਸ ਟੂਰਨਾਮੈਂਟ ਦਯਾਨੰਦ ਮਾਡਲ ਸਕੂਲ ਜਲੰਧਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੇ ਅੰਡਰ-17 ਚੈੱਸ ਲੜਕੀਆਂ ਨੇ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਸੈਕਿੰਡ ਰਨਰ ਅੱਪ ਦੀ ਟਰਾਫ਼ੀ ਪ੍ਰਾਪਤ ਕੀਤੀ।ਇਨ੍ਹਾਂ ਖਿਡਾਰਨਾਂ ਵਿੱਚ ਆਇਰਾ ਬਾਂਸਲ, ਪਾਰੁਲ ਚੋਪੜਾ, ਏਂਜਲ ਤੇ ਦਿਵੰਸ਼ੀ ਸ਼ਾਮਲ ਸਨ।ਇਨ੍ਹਾਂ ਖਿਡਾਰੀਆਂ ਦਾ ਸਕੂਲ ਪਹੁੰਚਣ ਤੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਖਿਡਾਰੀਆਂ ਨੂੰ ਜਿੱਤ ਹਾਸਲ ਕਰਨ 'ਤੇ ਮੁਬਾਰਕਬਾਦ ਦੇਣ ਦੇ ਨਾਲ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਦੇ ਰਹਿਣ ਲਈ ਪ੍ਰੇਰਨਾ ਦਿੱਤੀ ਗਈ।ਇਸ ਸਮੇਂ ਡੀ.ਪੀ.ਈ. ਹਰਦੀਪ ਸਿੰਘ ਬਿੰਜਲ, ਡੀ.ਪੀ.ਈ. ਸੁਰਿੰਦਰ ਪਾਲ ਵਿੱਜ, ਡੀ.ਪੀ.ਈ. ਸੁਰਿੰਦਰ ਕੌਰ ਤੂਰ ਤੇ ਖੁਸ਼ਿਆਲ ਸਰ ਮੌਜੂਦ ਸਨ।

## ਗੁਲਾਬ ਸਿੱਧੂ ਦੇ ਗੀਤ ਨੇ ਗਲਤ ਸੁਨੇਹਾ ਫੈਲਾਇਆ : ਜੱਗਾ ਭੋਜੋਵਾਲੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਰਪੰਚ ਯੂਨੀਅਨ ਬਲਾਕ ਧੂਰੀ ਦੇ ਪ੍ਰਧਾਨ ਜਗਸੀਰ ਸਿੰਘ ਜੱਗਾ ਭੋਜੋਵਾਲੀ ਨੇ ਪੰਜਾਬੀ ਗਾਇਕ ਗੁਲਾਬ ਸਿੱਧੂ ਦੇ ਤਾਜ਼ਾ ਜਾਰੀ ਗਾਣੇ ਵਿੱਚ ਸਰਪੰਚਾਂ ਸੰਬੰਧੀ ਕੀਤੀਆਂ ਗਲਤ ਟਿੱਪਣੀਆਂ ਦੀ ਤਿੱਖੀ ਨਿੰਦਾ ਕੀਤੀ ਹੈ।ਉਨ੍ਹਾਂ ਮੰਗ ਕੀਤੀ ਕਿ ਇਸ ਗੀਤ ਦੇ ਵਿਵਾਦਤ ਹਿੱਸੇ ਨੂੰ ਤੁਰੰਤ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਹਟਾਇਆ ਜਾਵੇ।ਜੱਗਾ ਭੋਜੋਵਾਲੀ ਨੇ ਕਿਹਾ ਕਿ ਸਰਪੰਚ ਪਿੰਡ ਦਾ ਚੁਣਿਆ ਪ੍ਰਤੀਨਿਧੀ ਹੁੰਦਾ ਹੈ, ਜੋ ਲੋਕਾਂ ਦੀ ਭਲਾਈ ਤੇ ਵਿਕਾਸ ਲਈ ਸੇਵਾ ਕਰਦਾ ਹੈ।ਜਿਹੜੇ ਗਾਣੇ ਜਨ ਪ੍ਰਤੀਨਿਧੀਆਂ ਜਾਂ ਪਿੰਡ ਪ੍ਰਬੰਧਕੀ ਪ੍ਰਣਾਲੀ ਨੂੰ ਨਿਸ਼ਾਨਾ ਬਣਾਉਂਦੇ ਹਨ, ਉਹ ਸਮਾਜ ਵਿੱਚ ਗਲਤ ਸੁਨੇਹੇ ਫੈਲਾਉਂਦੇ ਹਨ ਤੇ ਨੌਜਵਾਨ ਪੀੜ੍ਹੀ ਨੂੰ ਭਟਕਾਉਂਦੇ ਹਨ। ਉਨ੍ਹਾਂ ਕਿਹਾ ਕਿ ਕਲਾ ਤੇ ਗਾਇਕੀ ਦਾ ਮਕਸਦ ਸਦਾ ਪ੍ਰੇਮ, ਭਾਈਚਾਰੇ ਤੇ ਸੱਭਿਆਚਾਰਕ ਮੁੱਲਾਂ ਦਾ ਪ੍ਰਚਾਰ ਹੋਣਾ ਚਾਹੀਦਾ ਹੈ, ਨਾ ਕਿ ਨਫ਼ਰਤ ਜਾਂ ਅਣਸੰਯਮਿਤ ਭਾਵਨਾਵਾਂ ਨੂੰ ਬੜ੍ਹਾਵਾ ਦੇਣਾ।ਅਜਿਹੇ ਬੋਲ ਹਰ ਸਰਪੰਚ ਤੇ ਉਸ ਦੇ ਪਰਵਾਰ ਦੇ ਆਤਮ-ਸਨਮਾਨ ਨਾਲ ਖੇਡਦੇ ਹਨ, ਜੋ ਕਿਸੇ ਵੀ ਹਾਲਤ ਵਿੱਚ ਸਵੀਕਾਰਯੋਗ ਨਹੀਂ।ਭੋਜੋਵਾਲੀ ਨੇ ਕਿਹਾ ਕਿ ਭਾਵੇਂ ਗੁਲਾਬ ਸਿੱਧੂ ਵੱਲੋਂ ਮਾਫ਼ੀ ਮੰਗੀ ਗਈ ਹੈ, ਪਰ ਵਿਵਾਦਤ ਹਿੱਸੇ ਨੂੰ ਸੋਸ਼ਲ ਮੀਡੀਆ ਤੋਂ ਹਟਾਉਣਾ ਜ਼ਰੂਰੀ ਹੈ ਤਾਂ ਜੋ ਅਗਾਂਹ ਅਜਿਹੀਆਂ ਘਟਨਾਵਾਂ ਨਾ ਦੁਹਰਾਈਆਂ ਜਾਣ।

## ਬਰੌਂਡਵੇ ਪਬਲਿਕ ਸਕੂਲ ਵਿਖੇ ਵਿੱਤੀ ਜਾਗਰੂਕਤਾ ਸੈਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਜਾਣਕਾਰੀ ਪੂਰਨ ਵਿੱਤੀ ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਜਸਪ੍ਰੀਤ ਸਿੰਘ ਟਿਵਾਣਾ, ਡਾਇਰੈਕਟਰ, ਫਿਨਬਕਸ ਵਿੱਤੀ ਪ੍ਰਬੰਧਨ ਚੰਡੀਗੜ੍ਹ ਵੱਲੋਂ ਕੀਤੀ ਗਈ।ਇਸ ਕਾਰਜਕ੍ਰਮ ਦੀ ਸੁਚਾਰੂ ਰੂਪ ਨਾਲ ਅਗਵਾਈ ਨਿਤਿਸ਼ ਜੈਨ (ਵਪਾਰ ਵਿਭਾਗ ਸਹਿ-ਸੰਯੋਜਕ) ਤੇ ਸ੍ਰੀਮਤੀ ਸਾਜ਼ੀਆ ਪਰਵੀਨ (ਪ੍ਰੀ-ਪ੍ਰਾਇਮਰੀ ਵਿਭਾਗ ਮੁਖੀ) ਵੱਲੋਂ ਕੀਤੀ ਗਈ।ਲਗਭਗ 25 ਅਧਿਆਪਕਾਂ ਨੇ ਆਪਣੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਐੱਸ ਆਈ ਪੀ ਸ਼ੁਰੂ ਕੀਤੇ, ਜੋ ਉਨ੍ਹਾਂ ਦੀ ਵਿੱਤੀ ਸਮਝ ਤੇ ਦੂਰਦਰਸ਼ਤਾ ਦਾ ਪ੍ਰਤੀਕ ਹੈ।ਚੇਅਰਮੈਨ ਸ੍ਰ. ਰਣਜੀਤ ਸਿੰਘ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਟੀਮ ਦੀ ਪ੍ਰਸੰਸਾ ਕਰਦਿਆਂ ਡਾਇਰੈਕਟਰ ਜਸਪ੍ਰੀਤ ਸਿੰਘ ਟਿਵਾਣਾ ਦਾ ਧੰਨਵਾਦ ਕੀਤਾ।ਇਹ ਸੈਸ਼ਨ ਇਸ ਉਮੀਦ ਦੇ ਸੁਰ ਨਾਲ ਸਮਾਪਤ ਹੋਇਆ ਕਿ ਅਧਿਆਪਕ ਸਮਾਜ ਵਿੱਤੀ ਸਾਖਰਤਾ ਵੱਲ ਅੱਗੇ ਵਧੇਗਾ ਤੇ ਹੋਰ ਖੁਸ਼ਹਾਲ ਬਣੇਗਾ।

## ਡਾ. ਸ਼ਾਮ ਲਾਲ ਥਾਪਰ ਨਰਸਿੰਗ ਕਾਲਜ ਦਾ ਨਤੀਜਾ ਸ਼ਾਨਦਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਡਾ. ਸ਼ਾਮ ਲਾਲ ਥਾਪਰ ਨਰਸਿੰਗ ਕਾਲਜ ਮੋਗਾ ਦੇ ਬੀ ਐੱਸ ਸੀ ਨਰਸਿੰਗ ਸਮੈਸਟਰ ਪੰਜਵੇਂ ਦੇ ਵਿਦਿਆਰਥੀਆਂ ਦਾ ਰਿਜ਼ਲਟ ਬਹੁਤ ਸ਼ਾਨਦਾਰ ਰਿਹਾ।ਇਸ ਵਿੱਚ ਪਹਿਲੇ ਸਥਾਨ 'ਤੇ ਵਿਦਿਆਰਥੀ ਜਸਪਿੰਦਰਜੋਤ ਕੌਰ, ਦੂਜੇ ਸਥਾਨ 'ਤੇ ਅਮਨ ਕੁਮਾਰ ਤੇ ਤੀਸਰੇ ਸਥਾਨ 'ਤੇ ਰਹੇ ਅਪਿੰਦਰਜੋਤ ਕੌਰ, ਸੋਨੂੰ ਕੁਮਾਰ, ਮੋਨੂੰ ਕੁਮਾਰ ਨੇ ਸ਼ਾਨਦਾਰ ਰਿਜ਼ਲਟ ਦੇ ਕੇ ਆਪਣਾ ਤੇ ਆਪਣੇ ਮਾਤਾ-ਪਿਤਾ ਤੇ ਡਾ. ਸ਼ਾਮ ਲਾਲ ਥਾਪਰ ਨਰਸਿੰਗ ਕਾਲਜ ਮੋਗਾ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਕਾਲਜ ਦੇ ਡਾਇਰੈਕਟਰ ਡਾ. ਮਾਲਤੀ ਥਾਪਰ ਤੇ ਸਾਰੇ ਸਟਾਫ ਦੇ ਸੀਨੀਅਰ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਥਾਪਰ ਨੇ ਵਿਦਿਆਰਥੀਆਂ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਇਸ ਤੋਂ ਅੱਗੇ ਹੋਰ ਮਿਹਨਤ ਕਰੋ ਤੇ ਤਰੱਕੀ ਦੀਆਂ ਉਚਾਈਆਂ ਛੋਹੋ ਅਤੇ ਸਮਾਜ ਦੀ ਸੇਵਾ ਕਰੋ।

## ਐੱਮ ਏ ਐੱਮ ਸਕੂਲ ਦੇ ਅਰਸ਼ਦੀਪ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਸਮਰਾਲਾ (ਸੁਰਜੀਤ ਸਿੰਘ)**-ਸਹੋਦਿਆ ਸਕੂਲ ਕੰਪਲੈਕਸ ਲੁਧਿਆਨਾ ਵੱਲੋਂ ਆਯੋਜਿਤ ਸ਼ਾਟਪੁੱਟ (ਅੰਡਰ-17) ਟੂਰਨਾਮੈਂਟ ਵਿੱਚ ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਦੇ ਗਿਆਰਵੀਂ ਜਮਾਤ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਬਾਠ ਨੇ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਹ ਇੰਟਰ ਸਕੂਲ ਟੂਰਨਾਮੈਂਟ ਗੁੱਡ ਅਰਥ ਕਾਨਵੈਂਟ ਸਕੂਲ ਸਿਆੜ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।ਇਸ ਵਿੱਚ ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਰਸਾਉਣ ਦਾ ਮੌਕਾ ਦਿੱਤਾ ਗਿਆ।ਅਰਸ਼ਦੀਪ ਸਿੰਘ ਦੇ ਸ਼ਾਨਦਾਰ ਪ੍ਰਦਰਸ਼ਨ ਤੇ ਲਗਾਤਾਰ ਮਿਹਨਤ ਨਾਲ ਉਸ ਨੇ ਆਪਣੇ ਸਕੂਲ ਦਾ ਮਾਣ ਵਧਾਇਆ ਹੈ।ਇਸ ਵਿਸ਼ੇਸ਼ ਉਪਲਬਧੀ 'ਤੇ ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਅਰਸ਼ਦੀਪ ਸਿੰਘ ਦੀ ਪ੍ਰਸੰਸਾ ਕਰਦੇ ਹੋਏ ਉਸ ਨੂੰ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ, ਦ੍ਰਿੜ੍ਹਤਾ ਤੇ ਟੀਮ ਵਰਕ ਦੀ ਭਾਵਨਾ ਪੈਦਾ ਕਰਦੀਆਂ ਹਨ।

## ਪ੍ਰਸ਼ਾਸਨ ਵੱਲੋਂ ਮਹੇਸ਼ਰੀ 'ਚ ਪਰਾਲੀ ਨੂੰ ਅੱਗ ਲਗਾਉਣ 'ਤੇ ਮਾਮਲਾ ਦਰਜ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਥਾਨਕ ਪ੍ਰਸ਼ਾਸਨ ਵੱਲੋਂ ਮੋਗਾ ਸਬ-ਡਵੀਜ਼ਨ ਅਧੀਨ ਆਉਂਦੇ ਪਿੰਡ ਮਹੇਸ਼ਰੀ ਵਿਖੇ ਪਰਾਲੀ ਨੂੰ ਅੱਗ ਲਗਾਉਣ ਦੇ ਕੇਸ ਨੂੰ ਪੂਰਨ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ।ਜਾਣਕਾਰੀ ਦਿੰਦਿਆਂ ਐੱਸ ਡੀ ਐੱਮ ਮੋਗਾ ਸਾਰੰਗਪ੍ਰੀਤ ਸਿੰਘ ਔਜਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕੀਤੇ ਗਏ ਪਰਾਲੀ ਸਾੜਨ ਦੇ ਸਖ਼ਤ ਹੁਕਮਾਂ ਦੀ ਉਲੰਘਣਾ ਕਰਨ ਤੇ ਮਹੇਸ਼ਰੀ ਦੇ ਇੱਕ ਕਿਸਾਨ ਦਾ ਚਲਾਨ ਕਰਕੇ ਉਸ ਉੱਪਰ ਮਾਮਲਾ ਵੀ ਦਰਜ ਕਰ ਦਿੱਤਾ ਗਿਆ ਹੈ। ਐੱਸ.ਡੀ. ਐੱਮ. ਮੋਗਾ ਸ੍ਰ. ਸਾਰੰਗਪ੍ਰੀਤ ਸਿੰਘ ਔਜਲਾ ਨੇ ਕਿਹਾ ਕਿ ਪ੍ਰਸ਼ਾਸਨ ਦੇ ਨੋਡਲ ਅਫ਼ਸਰ, ਕਲੱਸਟਰ ਅਫਸਰਾਂ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸੈਟੇਲਾਈਟ ਜ਼ਰੀਏ ਪਰਾਲੀ ਸਾੜਨ ਦੀਆਂ ਘਟਨਾਵਾਂ ਉੱਪਰ ਬਾਜ਼ ਅੱਖ ਰੱਖੀ ਜਾ ਰਹੀ ਹੈ, ਇਸ ਲਈ ਕੋਈ ਵੀ ਕਿਸਾਨ ਇਨ੍ਹਾਂ ਹੁਕਮਾਂ ਦੀ ਉਲੰਘਣਾ ਨਾ ਕਰੇ, ਮਾਣਯੋਗ ਸੁਪਰੀਮ ਕੋਰਟ ਇਨ੍ਹਾਂ ਕੇਸਾਂ ਦੀ ਮੋਨੀਟਰਿੰਗ ਕਰ ਰਹੀ ਹੈ।ਐੱਸ ਡੀ ਐੱਮ ਵੱਲੋਂ ਟੀਮ ਸਮੇਤ ਮਹੇਸ਼ਰੀ ਵਿਖੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ।ਇਸ ਮੌਕੇ ਉਨ੍ਹਾਂ ਨਾਲ ਡੀ ਐੱਸ ਪੀ ਮੋਗਾ ਗੁਰਪ੍ਰੀਤ ਸਿੰਘ, ਏ ਡੀ ਓ ਮਨ ਮੋਹਨ ਸਿੰਘ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਲਾਈਟ ਵਿਦਿਆਰਥਣ ਨੂੰ ਮਾਈਕਰੋਸਾਫਟ ਤੇ ਗੂਗਲ ਤੋਂ ਰੁਜ਼ਗਾਰ ਦੀ ਪੇਸ਼ਕਸ਼



**ਲੌਂਗੋਵਾਲ (ਪ੍ਰਦੀਪ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ) ਲੌਂਗੋਵਾਲ ਦੇ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਦੀ ਸਾਬਕਾ ਵਿਦਿਆਰਥਣ ਅੰਮ੍ਰਿਤਾਂਜਲੀ ਦੂਬੇ ਨੇ ਸੰਸਥਾਨ ਦਾ ਨਾਮ ਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ ਹੈ।ਉਸ ਨੇ ਆਪਣੀ ਪ੍ਰਤਿਭਾ, ਲਗਨ ਤੇ ਆਤਮ-ਵਿਸ਼ਵਾਸ ਦੇ ਬਲ 'ਤੇ ਦੁਨੀਆ ਦੀਆਂ ਸਰਵੋਤਮ ਟੈਕਨਾਲੋਜੀ ਕੰਪਨੀਆਂ ਮਾਈਕਰੋਸਾਫਟ ਤੇ ਗੂਗਲ ਤੋਂ ਨਿਯੁਕਤੀ ਦੀਆਂ ਪੇਸ਼ਕਸ਼ਾਂ ਪ੍ਰਾਪਤ ਕੀਤੀਆਂ ਹਨ।ਇਸ ਪ੍ਰਾਪਤੀ ਦੀ ਜਾਣਕਾਰੀ ਦਿੰਦਿਆਂ ਪ੍ਰੋ. ਰਵੀ ਕਾਂਤ ਮਿਸ਼ਰਾ ਡੀਨ (ਸਾਬਕਾ ਵਿਦਿਆਰਥੀ ਤੇ ਉਦਯੋਗਕ ਸੰਬੰਧ) ਨੇ ਦੱਸਿਆ ਕਿ ਅੰਮ੍ਰਿਤਾਂਜਲੀ ਦੂਬੇ ਦੀ ਇਹ ਸਫਲਤਾ ਸਿਰਫ ਉਸ ਦੀ ਨਿੱਜੀ ਮਿਹਨਤ ਦਾ ਨਤੀਜਾ ਨਹੀਂ ਸਗੋਂ ਸਲਾਈਟ ਵਿੱਚ ਦਿੱਤੀ ਜਾ ਰਹੀ ਗੁਣਵੱਤਾਪੂਰਨ ਸਿੱਖਿਆ, ਵਿੱਦਿਆ ਅਨੁਕੂਲ ਆਧੁਨਿਕ ਵਾਤਾਵਰਨ ਤੇ ਸੰਸਥਾਨ ਦੇ ਸਰਵੋਤਮ ਅਕਾਦਮਿਕ ਪੱਧਰ ਦੀ ਪ੍ਰਤੱਖ ਮਿਸਾਲ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਉਨ੍ਹਾਂ ਸਾਰੇ ਵਿਦਿਆਰਥੀਆਂ ਲਈ ਪ੍ਰੇਰਨਾ ਹੈ, ਜੋ ਇਹ ਸਮਝਦੇ ਹਨ ਕਿ ਮੌਕੇ ਸਿਰਫ ਵੱਡੇ ਸ਼ਹਿਰਾਂ ਦੇ ਸੰਸਥਾਨਾਂ ਤੱਕ ਸੀਮਤ ਨਹੀਂ ਹੁੰਦੇ।ਇਸ ਪ੍ਰਾਪਤੀ 'ਤੇ ਪ੍ਰੋ. ਮਨੀਕਾਂਤ ਪਾਸਵਾਨ ਡਾਇਰੈਕਟਰ ਸਲਾਈਟ ਪ੍ਰੋ. ਰਵੀ ਕਾਂਤ ਮਿਸ਼ਰਾ, ਸਾਰੇ ਡੀਨ, ਵਿਭਾਗ ਮੁਖੀ ਤੇ ਅਧਿਆਪਕਾਂ ਨੇ ਅੰਮ੍ਰਿਤਾਂਜਲੀ ਦੂਬੇ ਨੂੰ ਵਧਾਈ ਦਿੱਤੀ ਹੈ।

# 'ਆਪ' ਨੌਜਵਾਨਾਂ ਨੂੰ ਖੇਡਾਂ 'ਚ ਉਤਸ਼ਾਹਤ ਕਰ ਰਹੀ : ਸੰਧੂ

### ■ ਸ਼ੁਤਰਾਣਾ ਦੇ ਕੋਚਿੰਗ ਕੈਂਪ ਲਈ ਸੇਵਾ ਕੀਤੀ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਸ਼ੁਤਰਾਣਾ ਵਿੱਚ ਪਿਛਲੇ ਚਾਰ ਮਹੀਨੇ ਤੋਂ ਕਬੱਡੀ ਖਿਡਾਰੀ ਨੂਰ ਵੱਲੋਂ ਖਿਡਾਰੀਆਂ ਨੂੰ ਮੁਫ਼ਤ ਕੋਚਿੰਗ ਦਿੱਤੀ ਜਾ ਰਹੀ ਹੈ।ਇਸ ਕੈਂਪ ਵਿੱਚ ਸ਼ੁਤਰਾਣਾ ਤੇ ਆਸ ਪਾਸ ਦੇ ਦਰਜਨਾਂ ਪਿੰਡਾਂ ਦੇ 100 ਤੋਂ ਜ਼ਿਆਦਾ ਖਿਡਾਰੀ ਭਾਗ ਲੈਂਦੇ ਹਨ।ਮੈਦਾਨ ਵਿੱਚ ਆਉਣ ਵਾਲੇ ਇਨ੍ਹਾਂ ਖਿਡਾਰੀਆਂ ਲਈ ਹਰ ਰੋਜ਼ ਕੋਈ ਨਾ ਕੋਈ ਦਾਨੀ ਸੱਜਣ ਡਾਇਟ ਦੀ ਸੇਵਾ ਕਰਦਾ ਹੈ।ਇਸ ਦੌਰਾਨ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਹਲਕਾ ਪ੍ਰਧਾਨ ਮਨਵੀਰ ਸਿੰਘ ਸੰਧੂ ਤੇ ਅਮਨਿੰਦਰ ਧਾਲੀਵਾਲ ਕੈਨੇਡਾ, ਕਰਨ ਸੰਧੂ ਕੈਨੇਡਾ, ਗੁਰਪਿੰਦਰ ਸਿੰਘ ਚੱਠਾ ਕੈਨੇਡਾ, ਲਵ ਗਿੱਲ ਕੈਨੇਡਾ ਵੱਲੋਂ ਫਰੀ ਡਾਇਟ ਫਰੀ ਕੋਚਿੰਗ ਬੱਚਿਆਂ ਲਈ ਖੇਡਾਂ ਤੇ ਜਿੰਮ ਦਾ ਸਾਮਾਨ ਤੇ ਬਦਾਮਾਂ ਦੀ ਸੇਵਾ ਲੈ ਕੇ ਪਹੁੰਚੇ।

ਖੇਡ ਮੈਦਾਨ ਵਿੱਚ ਖੇਡਣ ਵਾਲੇ ਖਿਡਾਰੀਆਂ ਨੂੰ ਉਤਸ਼ਾਹਤ ਕਰਦਿਆਂ ਆਪ ਆਗੂ ਮਨਵੀਰ ਸਿੰਘ ਸੰਧੂ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣ ਲਈ ਲਗਾਤਾਰ ਖੇਡਾਂ ਨੂੰ ਉਤਸ਼ਾਹਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਰਕਾਰ ਵੱਲੋਂ ਉਤਸ਼ਾਹਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ ਤੇ ਲਗਾਤਾਰ ਖਿਡਾਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੂਬੇ ਦਾ ਨਾਮ ਰੌਸ਼ਨ ਕਰ ਰਹੇ ਹਨ।ਇਸ ਦੌਰਾਨ ਖੇਡ ਮੈਦਾਨ ਵਿੱਚ ਹਾਜ਼ਰ ਨੌਜਵਾਨਾਂ ਨੇ ਖਿਡਾਰੀਆਂ ਲਈ ਸਾਮਾਨ ਲੈ ਕੇ ਪਹੁੰਚੇ ਨੌਜਵਾਨ ਆਗੂਆਂ ਦਾ ਧੰਨਵਾਦ ਕੀਤਾ।

# ਸਰਕਾਰੀ ਹਾਈ ਸਕੂਲ ਮਹਿਲ ਖੁਰਦ 'ਚ ਵਿੱਦਿਅਕ ਮੇਲਿਆਂ ਦਾ ਆਯੋਜਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਵਿਖੇ ਸਾਇੰਸ, ਸਮਾਜਿਕ ਸਿੱਖਿਆ, ਅੰਗਰੇਜ਼ੀ ਤੇ ਗਣਿਤ ਮੇਲਾ ਲਗਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਸ੍ਰ: ਸੁਨੀਤਇੰਦਰ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਸ਼ੁਭ-ਇੱਛਾਵਾਂ ਦਿੰਦਿਆਂ ਗੁਣਾਤਮਿਕ ਸਿੱਖਿਆ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।ਹੈੱਡਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਸਾਇੰਸ, ਗਣਿਤ, ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਵਿਸ਼ੇ ਨੂੰ ਰੌਚਕ ਬਣਾਉਣ ਲਈ ਹੱਥੀਂ ਕਿਰਿਆਵਾਂ ਕਰਕੇ ਸਿਖਾਉਣ ਦੀ ਪੇਸ਼ਕਾਰੀ ਕੀਤੀ ਗਈ, ਜਿਸ ਵਿੱਚ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਮੌਕੇ ਸਰਪੰਚ ਹਰਪਾਲ ਸਿੰਘ ਨੇ ਸਮੁੱਚੀ ਗ੍ਰਾਮ ਪੰਚਾਇਤ ਨਾਲ ਹਾਜ਼ਰੀ ਲਗਵਾਈ।ਸਕੂਲ ਦੇ ਚੇਅਰਮੈਨ ਰਕੇਸ਼ ਵਰਮਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।ਇਸ ਮੌਕੇ ਜਸਵਿੰਦਰਪਾਲ ਸਿੰਘ ਬੁੱਟਰ, ਸੂਬੇਦਾਰ ਗੁਰਜੰਟ ਸਿੰਘ, ਸੂਬੇਦਾਰ ਜਗਤਾਰ ਸਿੰਘ, ਸੁਖਵਿੰਦਰ ਸਿੰਘ ਪੰਚ, ਵਿਜੈ ਕੁਮਾਰ ਪੰਚ, ਬੇਅੰਤ ਸਿੰਘ ਪੰਚ, ਤਰਸੇਮ ਸਿੰਘ ਪਲੰਬਰ, ਭਾਈ ਜਸਵੀਰ ਸਿੰਘ, ਕਰੁਨ ਬਾਤਿਸ਼, ਮੰਗਲ ਸਿੰਘ, ਹਰਪ੍ਰੀਤ ਕੌਰ, ਹਰਮੀਤ ਕੌਰ, ਊਸ਼ਾ ਦੇਵੀ, ਬਲਵਿੰਦਰ ਕੌਰ ਵੀ ਹਾਜ਼ਰ ਸਨ।

## ਪਟਾਕਾ ਮਾਰਕੀਟ ਦੇ ਦੁਕਾਨਦਾਰਾਂ ਵੱਲੋਂ ਵਿਧਾਇਕ ਕੋਹਲੀ ਦਾ ਸਨਮਾਨ



**ਪਟਿਆਲਾ (ਰਾਜਿੰਦਰ ਥਿੰਦ)**-ਪਟਿਆਲਾ ਸ਼ਹਿਰ ਦੇ ਪਟਾਕਾ ਮਾਰਕੀਟ ਦੇ ਦੁਕਾਨਦਾਰਾਂ ਨੇ ਪਟਿਆਲਾ ਹਲਕੇ ਦੇ ਵਿਧਾਇਕ ਸ੍ਰ. ਅਜੀਤ ਪਾਲ ਸਿੰਘ ਕੋਹਲੀ ਦਾ ਸਨਮਾਨ ਕੀਤਾ ਕਿ ਇਸ ਵਾਰੀ ਦੀਵਾਲੀ ਮੌਕੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਜਾਂ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ।ਦੁਕਾਨਦਾਰਾਂ ਨੇ ਕਿਹਾ ਕਿ ਵਿਧਾਇਕ ਕੋਹਲੀ ਤੇ ਪ੍ਰਸ਼ਾਸਨ ਦੇ ਸਹਿਯੋਗ ਕਾਰਨ ਪੂਰੀ ਮਾਰਕੀਟ ਵਿੱਚ ਸ਼ਾਂਤੀਪੂਰਨ ਮਾਹੌਲ ਬਣਿਆ ਰਿਹਾ ਤੇ ਲੋਕਾਂ ਨੇ ਖੁਸ਼ੀ ਨਾਲ ਖਰੀਦਦਾਰੀ ਕੀਤੀ।ਦੁਕਾਨਦਾਰਾਂ ਨੇ ਦੱਸਿਆ ਕਿ ਹਰ ਸਾਲ ਦੀਵਾਲੀ ਦੇ ਦਿਨਾਂ ਦੌਰਾਨ ਪਟਾਕਾ ਮਾਰਕੀਟ ਵਿੱਚ ਕਈ ਵਾਰ ਟ੍ਰੈਫਿਕ ਜਾਮ ਦੀ ਸਮੱਸਿਆ ਆਉਂਦੀ ਸੀ, ਪਰ ਇਸ ਵਾਰ ਵਿਧਾਇਕ ਸ੍ਰ. ਅਜੀਤ ਪਾਲ ਸਿੰਘ ਕੋਹਲੀ ਵੱਲੋਂ ਸਮੇਂ ਸਿਰ ਪ੍ਰਸ਼ਾਸਨ ਨਾਲ ਬੈਠਕ ਕਰਕੇ ਸਾਰੀਆਂ ਤਿਆਰੀਆਂ ਸੁਚੱਜੇ ਢੰਗ ਨਾਲ ਕਰਵਾਈਆਂ, ਜਿਸ ਕਾਰਨ ਨਾ ਕੇਵਲ ਮਾਰਕੀਟ ਸੁਚਾਰੂ ਢੰਗ ਨਾਲ ਚੱਲੀ, ਸਗੋਂ ਗਾਹਕਾਂ ਲਈ ਵੀ ਆਉਣ-ਜਾਣ ਦੀ ਸਹੂਲਤ ਆਸਾਨ ਹੋਈ।ਇਸ ਮੌਕੇ ਵਿਧਾਇਕ ਕੋਹਲੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਦੀ ਸ਼ਾਂਤੀ, ਸਫਾਈ ਤੇ ਸੁਵਿਧਾ ਬਣਾਈ ਰੱਖਣਾ ਸਰਕਾਰ ਤੇ ਪ੍ਰਸ਼ਾਸਨ ਦੀ ਪਹਿਲੀ ਜ਼ਿੰਮੇਵਾਰੀ ਹੈ।ਉਨ੍ਹਾਂ ਮਾਰਕੀਟ ਦੇ ਦੁਕਾਨਦਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਨ੍ਹਾਂ ਦੀਆਂ ਹਰ ਜਾਇਜ਼ ਮੰਗਾਂ ਨੂੰ ਤਰਜੀਹ ਦੇ ਕੇ ਹੱਲ ਕੀਤਾ ਜਾਵੇਗਾ।ਇਸ ਮੌਕੇ ਜਿੰਮੀ ਗੁਪਤਾ, ਕੇਸ਼ਵ ਬਾਂਸਲ, ਰੋਹਿਤ, ਦੀਪਕ ਬਾਂਸਲ, ਮੁਨੀਸ਼, ਪਵਨ ਜਿੰਦਲ, ਸਤੀਸ਼ ਜਿੰਦਲ, ਸਵਪਨ ਕੋਹਲੀ, ਸੰਜੇ ਦੱਤ, ਸੁਨੀਲ ਸਿੰਗਲਾ, ਵਿੱਕੀ, ਮਾਨਵ ਤੇ ਰਹਿਮਨ ਆਦਿ ਮੌਜੂਦ ਸਨ।

# ਪ੍ਰਾਇਮਰੀ ਵਿਭਾਗ 'ਚ ਕੰਮ ਕਰਦੇ ਈ ਟੀ ਟੀ ਅਧਿਆਪਕ ਤਰੱਕੀਆਂ ਨੂੰ ਤਰਸੇ

### ■ ਵਿਭਾਗ ਵੱਲੋਂ ਪਿਛਲੇ ਸੱਤ ਸਾਲਾਂ ਤੋਂ ਇੱਕ ਵੀ ਤਰੱਕੀ ਨਹੀਂ ਕੀਤੀ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੇ ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਦੀ ਨਲਾਇਕੀ ਦਾ ਖਮਿਆਜ਼ਾ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਦਾ ਗੱਡਾ ਗਾਰੇ 'ਚ ਫ਼ਸਿਆ ਹੋਇਆ ਹੈ।ਬਹੁਤ ਸਾਰੇ ਅਧਿਆਪਕ ਆਪਣੀਂ ਸਮੁੱਚੀ ਸੇਵਾ ਦੌਰਾਨ ਇੱਕੋ ਹੀ ਅਹੁਦੇ 'ਤੇ ਸੇਵਾ ਮੁਕਤ ਹੋ ਰਹੇ ਹਨ, ਜਦੋਂਕਿ ਅਧਿਕਾਰੀ ਕੁੰਭਕਰਨੀ ਨੀਂਦ ਸੁੱਤੇ ਹੋਏ ਹਨ।ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਤਰੱਕੀਆਂ ਵਿੱਚ ਆਈ ਖੜੋਤ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਜੂਨ 2018 ਦੌਰਾਨ ਪ੍ਰਾਇਮਰੀ ਅਧਿਆਪਕਾਂ ਦੀ ਬਤੌਰ ਮਾਸਟਰ ਕਾਡਰ ਤਰੱਕੀ ਹੋਈ ਸੀ।ਉਸ ਤੋਂ ਬਾਅਦ ਕੇਵਲ ਬੈਕਲਾਗ ਪੂਰਾ ਕਰਦਿਆਂ ਅਕਤੂਬਰ 2024 ਵਿੱਚ ਸਿਰਫ ਗਿਣਤੀ ਦੀਆਂ ਤਰੱਕੀਆਂ ਹੀ ਕੀਤੀਆਂ ਗਈਆਂ ਸਨ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਇਨ੍ਹਾਂ ਤਰੱਕੀਆਂ ਦੌਰਾਨ ਵੀ ਵਿਭਾਗ ਵੱਲੋਂ ਸਾਰੇ ਖਾਲੀ ਸਟੇਸ਼ਨ ਦਿਖਾਉਣ ਦੀ ਬਜਾਏ ਵੱਧ ਮੁੱਠੀ ਭਰ ਸਕੂਲਾਂ ਨੂੰ ਖੋਲ੍ਹਿਆ ਗਿਆ, ਜਿਸ ਕਾਰਨ ਵੱਡੀ ਗਿਣਤੀ ਅਧਿਆਪਕ ਤਰੱਕੀ ਤੋਂ ਵਾਂਝੇ ਹੀ ਰਹਿ ਗਏ।ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਤਰੱਕੀਆਂ ਸਬੰਧੀ 6 ਮੀਟਿੰਗਾਂ ਸਿੱਖਿਆ ਮੰਤਰੀ ਨਾਲ ਇੱਕ ਸਾਂਝੀ ਮੀਟਿੰਗ ਸਿੱਖਿਆ ਸਕੱਤਰ ਨਾਲ਼ ਤੇ ਅਨੇਕਾਂ ਮੀਟਿੰਗਾਂ ਡਾਇਰੈਕਟਰ ਸਕੂਲ ਸਿੱਖਿਆ ਸੈਕੰਡਰੀ ਤੇ ਪ੍ਰਾਇਮਰੀ ਨਾਲ਼ ਕੀਤੀਆਂ ਗਈਆਂ ਹਨ।ਇਸ ਸਭ ਕੁਝ ਦੇ ਬਾਵਜੂਦ ਵਿਭਾਗ ਡੰਗ ਟਪਾਊ ਨੀਤੀ ਅਪਣਾ ਰਿਹਾ ਹੈ।ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਤਰੱਕੀਆਂ ਦਾ ਲਟਕਦਾ ਕੰਮ ਇਸੇ ਹਫਤੇ ਨਿਬੇੜਿਆ ਜਾਵੇ।ਅਜਿਹਾ ਨਾ ਹੋਣ ਦੀ ਸੂਰਤ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।ਇਸ ਮੌਕੇ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ, ਨਵੀਨ ਬੋਹਾ, ਕੁਲਦੀਪ ਅੱਕਾਂਵਾਲੀ, ਅਮਰੀਕ ਬੋਹਾ, ਰਾਜ ਸਿੰਘ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਰਾਜਿੰਦਰ ਸਿੰਘ ਐੱਚ ਟੀ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ, ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਅਮਰਜੀਤ ਸਿੰਘ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਮਿੱਡੇ ਮੀਲ ਕੁੱਕ ਯੂਨੀਅਨ ਵੱਲੋਂ ਦੁੱਖ ਦਾ ਪ੍ਰਗਟਾਵਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਮਿੱਡ ਮੀਲ ਕੁੱਕ ਯੂਨਿਅਨ ਬੀ.ਐੱਮ.ਐੱਸ. ਦੇ ਸੂਬਾ ਪ੍ਰਧਾਨ ਕਰਮ ਚੰਦ ਚਿੰਡਾਲੀਆ ਨੇ ਬੜੇ ਦੁਖੀ ਹਿਰਦੇ ਨਾਲ ਦੱਸਿਆ ਕਿ ਮਿੱਡ ਮੀਲ ਕੁੱਕ ਯੂਨੀਅਨ ਪੰਜਾਬ ਦੇ ਸੈਕਟਰੀ ਕਮਲਜੀਤ ਕੌਰ ਮੱਦੋਕੇ ਦੇ ਪਤੀ ਅਮਰਜੀਤ ਸਿੰਘ ਨੂੰ ਬਰੇਨ ਦਾ ਅਟੈਕ ਹੋ ਗਿਆ ਸੀ।ਉਸ ਅਟੈਕ ਕਾਰਨ ਹੀ ਪਰਵਾਰ ਨੂੰ ਵਿਛੋੜਾ ਦੇ ਕੇ 24 ਅਕਤੂਬਰ 2025 ਨੂੰ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ, ਪੁੱਤਰ ਸਤਵਿੰਦਰ ਸਿੰਘ ਤੇ ਅਨਮੋਲ ਸਿੰਘ ਨੂੰ ਸਦੀਵੀ ਵਿਛੋੜਾ ਦੇ ਕੇ ਵਿਲਕਦਿਆਂ ਛੱਡ ਗਏ।ਇਸ ਦੁੱਖ ਦੀ ਘੜੀ ਵਿੱਚ ਦੁੱਖੀ ਹਿਰਦੇ ਮੁਲਾਜ਼ਮ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ, ਪਰਵੀਨ ਸ਼ਰਮਾ, ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮੇਜਰ ਸਿੰਘ ਮੀਤ ਪ੍ਰਧਾਨ ਈ-ਰਿਕਸ਼ਾ ਯੂਨੀਅਨ, ਜੱਸਾ ਸਿੰਘ, ਰਿੰਕੀ, ਜਸਵੀਰ ਕੌਰ, ਮਨਜੀਤ ਕੌਰ, ਅਮਰਜੀਤ ਕੌਰ, ਸੰਤੋਸ਼, ਲੱਛਮੀ ਦੇਵੀ ਨਵਾਂਸ਼ਹਿਰ, ਸੁਖਜੀਤ ਕੌਰ, ਬਲਵਿੰਦਰ ਕੌਰ, ਵੀਰਪਾਲ ਕੌਲ, ਰਣਜੀਤ ਕੌਰ, ਕੁਲਵਿੰਦਰ ਕੌਰ, ਮੁਕੇਸ਼ ਰਾਈ, ਸਰਬਜੀਤ ਕੌਰ, ਵੀਰਪਾਲ ਕੌਰ ਬਠਿੰਡਾ, ਸੰਤਰੋ, ਸੁਮਨ, ਸੀਮਾ, ਸੁਖਦੇਵ ਸਿੰਘ ਫਾਜ਼ਿਲਕਾ, ਸੰਦੀਪ ਕੌਰ, ਬੂਟਾ ਸਿੰਘ, ਅਮਰਜੀਤ ਕੌਰ, ਸੰਦੀਪ ਕੌਰ ਮੁਕਤਸਰ, ਜਰਨੈਲ ਸਿੰਘ, ਅਮਰਪ੍ਰੀਤ ਸਿੰਘ, ਬੁੱਧਰਾਮ, ਰਜਿੰਦਰ ਸਿੰਘ, ਨਰਿੰਦਰ ਕੌਰ, ਨਿਰਮਲ ਕੌਰ, ਲਵਲੀ, ਬੇਬੀ ਮੋਹਾਲੀ ਆਦਿ ਨੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।ਚੰਡਾਲੀਆ ਨੇ ਦੱਸਿਆ ਕਿ ਅਰਮਜੀਤ ਸਿੰਘ ਦੀ ਆਤਮ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ 2 ਨਵੰਬਰ ਨੂੰ ਗੁਰਦਵਾਰਾ ਸਾਹਿਬ ਮੱਦੋਕੇ, ਜ਼ਿਲ੍ਹਾ ਮੋਗਾ ਵਿਖੇ ਪਵੇਗਾ।

# ਖੇਡਾਂ 'ਚ ਮੈਡਲ ਹਾਸਲ ਕਰਨ ਵਾਲੇ ਬੱਚਿਆਂ ਦੀ ਵਿਧਾਇਕ ਕੋਹਲੀ ਵੱਲੋਂ ਹੌਸਲਾ-ਅਫਜ਼ਾਈ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਪਟਿਆਲਾ ਦੇ ਵਿਧਾਇਕ ਸ੍ਰ. ਅਜੀਤ ਪਾਲ ਸਿੰਘ ਕੋਹਲੀ ਵੱਡਾ ਅਰਾਈ ਮਾਜਰਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਪਹੁੰਚੇ, ਜਿੱਥੇ ਉਨ੍ਹਾਂ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਖੇਡਾਂ ਵਿੱਚ ਮੈਡਲ ਹਾਸਲ ਕਰਨ 'ਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਪੰਜਵੀਂ ਜਮਾਤ ਦੇ ਵਿਦਿਆਰਥੀ ਨੀਰਜ ਦੀ ਪ੍ਰਸ਼ੰਸਾ ਕੀਤੀ, ਜਿਸ ਨੇ 14 ਤੋਂ 15 ਫੁੱਟ ਤੱਕ ਦੀ ਲੰਮੀ ਛਾਲ ਮਾਰ ਕੇ ਸਭ ਨੂੰ ਹੈਰਾਨ ਕਰ ਦਿੱਤਾ।ਵਿਧਾਇਕ ਕੋਹਲੀ ਨੇ ਕਿਹਾ ਕਿ ਜੇਕਰ ਨੀਰਜ ਵਰਗੇ ਹੁਨਰਮੰਦ ਬੱਚਿਆਂ ਨੂੰ ਸਹੀ ਟ੍ਰੇਨਿੰਗ ਤੇ ਮੌਕੇ ਮਿਲਣ, ਤਾਂ ਉਹ ਨਾ ਸਿਰਫ ਪੰਜਾਬ ਦਾ, ਸਗੋਂ ਪੂਰੇ ਦੇਸ਼ ਦਾ ਨਾਮ ਰੌਸ਼ਨ ਕਰ ਸਕਦੇ ਹਨ।

ਸ੍ਰ. ਅਜੀਤ ਪਾਲ ਸਿੰਘ ਕੋਹਲੀ ਨੇ ਇਸ ਮੌਕੇ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕੀਤੇ ਗਏ ਉਪਰਾਲੇ ਹੁਣ ਜ਼ਮੀਨੀ ਪੱਧਰ 'ਤੇ ਨਜ਼ਰ ਆਉਣ ਲੱਗੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੋ ਕੰਮ ਛੋਟੇ ਸਮੇਂ ਵਿਚ ਕੀਤਾ ਹੈ, ਉਹ ਪਿਛਲੇ 70 ਸਾਲਾਂ ਵਿੱਚ ਨਹੀਂ ਹੋ ਸਕਿਆ।ਸਰਕਾਰ ਵੱਲੋਂ ਖੇਡਾਂ ਨਾਲ ਸਬੰਧਤ ਸਾਰੇ ਖਰਚੇ ਖੁਦ ਉਠਾਏ ਜਾ ਰਹੇ ਹਨ, ਤਾਂ ਜੋ ਕਿਸੇ ਵੀ ਬੱਚੇ ਦਾ ਹੁਨਰ ਆਰਥਿਕ ਕਮੀ ਕਾਰਨ ਰੁਕਾਵਟ ਦਾ ਸ਼ਿਕਾਰ ਨਾ ਹੋਵੇ।

ਵਿਧਾਇਕ ਕੋਹਲੀ ਨੇ ਕਿਹਾ ਕਿ ਸਰਕਾਰ ਦਾ ਮੁੱਖ ਧਿਆਨ ਬੱਚਿਆਂ ਨੂੰ ਖੇਡਾਂ, ਸਿੱਖਿਆ ਤੇ ਚੰਗੀ ਸਿਹਤ ਨਾਲ ਜੋੜਨ ਉੱਤੇ ਹੈ।ਇਸੀ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਪਿੰਡ ਵੱਡਾ ਅਰਾਈ ਮਾਜਰਾ ਦੇ ਇਸ ਸਕੂਲ ਵਿੱਚ ਇੱਕ ਵਧੀਆ ਬੁਨਿਆਦੀ ਢਾਂਚਾ ਤਿਆਰ ਕੀਤਾ ਜਾਵੇਗਾ, ਜਿਸ ਨਾਲ ਵਿਦਿਆਰਥੀਆਂ ਨੂੰ ਆਧੁਨਿਕ ਸੁਵਿਧਾਵਾਂ ਉਪਲਬਧ ਹੋਣਗੀਆਂ।ਉਨ੍ਹਾਂ ਕਿਹਾ ਕਿ ਜਦੋਂ ਬੱਚੇ ਖੇਡਾਂ ਵਿੱਚ ਆਪਣਾ ਧਿਆਨ ਲਾਉਣਗੇ, ਤਦ ਉਹ ਆਪੇ ਹੀ ਨਸ਼ਿਆਂ ਵਰਗੀਆਂ ਬੁਰੀਆਂ ਆਦਤਾਂ ਤੋਂ ਦੂਰ ਰਹਿਣਗੇ।ਉਨ੍ਹਾ ਅਧਿਆਪਕਾਂ ਤੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਸਿਰਫ਼ ਪੜ੍ਹਾਈ ਤੱਕ ਸੀਮਤ ਨਾ ਰੱਖਣ, ਸਗੋਂ ਉਨ੍ਹਾਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਮੈਦਾਨਾਂ ਨੂੰ ਮੁੜ ਜ਼ਿੰਦਗੀ ਦੇ ਰਹੀ ਹੈ, ਤਾਂ ਜੋ ਹਰ ਪਿੰਡ ਤੇ ਹਰ ਸਕੂਲ ਵਿੱਚੋਂ ਨਵੇਂ ਖਿਡਾਰੀ ਉੱਭਰ ਕੇ ਸਾਹਮਣੇ ਆ ਸਕਣ।ਇਸ ਮੌਕੇ ਪਿੰਡ ਦੇ ਲੋਕਾਂ ਨੇ ਵਿਧਾਇਕ ਕੋਹਲੀ ਦਾ ਧੰਨਵਾਦ ਕੀਤਾ ਕਿ ਉਹ ਖੁਦ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਪਹੁੰਚੇ ਤੇ ਪਿੰਡ ਦੇ ਸਕੂਲ ਲਈ ਨਵੇਂ ਵਿਕਾਸ ਕਾਰਜਾਂ ਦਾ ਐਲਾਨ ਕੀਤਾ।ਇਸ ਮੌਕੇ ਐੱਮ ਸੀ ਹਰਪ੍ਰੀਤ ਸਿੰਘ, ਸਕੂਲ ਪ੍ਰਿੰਸੀਪਲ ਕਮਲਦੀਪ ਕੌਰ ਤੋਂ ਇਲਾਵਾ ਸਕੂਲ ਦੇ ਅਧਿਆਪਕ ਤੇ ਬੱਚਿਆਂ ਦੇ ਮਾਪੇ ਮੌਜੂਦ ਸਨ।

## ਸਾਹਿਤ ਸਭਾ ਦੀ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ



**ਜ਼ੀਰਾ (ਨਰਿੰਦਰ ਅਨੇਜਾ)**-ਸਾਹਿਤ ਸਭਾ ਜ਼ੀਰਾ ਦੀ ਮੀਟਿੰਗ ਉੱਘੇ ਸ਼ਾਇਰ, ਗ਼ਜ਼ਲਗੋ ਜਨਾਬ ਅਮਰਜੀਤ ਸਨੇਰਵੀ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਹੋਈ, ਜਿਸ ਦੀ ਸ਼ੁਰੂਆਤ ਲੈਕਚਰਾਰ ਨਰਿੰਦਰ ਸਿੰਘ ਥਿੰਦ ਦੇ ਲੇਖ 'ਮਨੁੱਖਤਾ ਦੀ ਹੋਂਦ ਲਈ ਸੁਰੱਖਿਅਤ ਵਾਤਾਵਰਨ ਜ਼ਰੂਰੀ' ਨਾਲ ਹੋਈ।ਤਾਰਾ ਸਿੰਘ ਫੌਜੀ ਨੇ 'ਸਰੀਰ ਦਾਨ' ਕਹਾਣੀ ਤੇ 'ਪਰਿਵਾਰ ਨਿਯੋਜਨ' ਕਵਿਤਾ ਪੇਸ਼ ਕੀਤੀ।ਹੀਰਾ ਲਾਲ ਮਰਖਾਈ ਨੇ ਤਾਜ਼ੀ ਰੋਟੀ ਕਹਾਣੀ ਨਾਲ ਹਾਜ਼ਰੀ ਲਵਾਈ।ਜਗਜੀਤ ਸਿੰਘ ਝਤਰੇ ਨੇ ਕਵਿਤਾ 'ਪਾਣੀ', ਅਮਰਜੀਤ ਸਨੇਰਵੀ ਨੇ ਨਜ਼ਮ 'ਉਹ ਤੇ ਅਸੀ', ਸੁਖਰਾਜ ਸਿੰਘ ਜ਼ੀਰਾ ਨੇ 'ਹੱਕ ਪਰਾਇਆ ਖਾਧਾ ਪਚਦਾ ਏ ਔਖਾ ਜੀ' ਕਾਵਿ ਰਚਨਾ ਤਰੰਨਮ ਵਿੱਚ ਪੇਸ਼ ਕੀਤੀ।ਮੁਖਤਿਆਰ ਸਿੰਘ ਬਰਾੜ ਨੇ ਕਵੀਸ਼ਰੀ, ਰਾਜ ਅਰੋੜਾ ਨੇ ਗਜ਼ਲ, ਹਰੀਦਾਸ ਚੌਹਾਨ ਨੇ ਕਵਿਤਾ ਤੇ ਐਡਵੋਕੇਟ ਹਰਦੀਪ ਸਿੰਘ ਸ਼ੇਰਗਿੱਲ ਨੇ ਸਾਹਿਤ ਬਾਰੇ ਆਪਣੇ ਵਿਚਾਰ ਰੱਖੇ।ਸਟੇਜ ਸਕੱਤਰ ਦੀ ਭੂਮਿਕਾ ਸਭਾ ਦੇ ਜਨਰਲ ਸਕੱਤਰ ਦਲਜੀਤ ਰਾਏ ਕਾਲੀਆ ਨੇ ਬਾਖੂਬੀ ਨਿਭਾਈ।ਸਾਰੀਆਂ ਰਚਨਾਵਾਂ ਉੱਪਰ ਭਖਵੀਂ ਪਰ ਉਸਾਰੂ ਚਰਚਾ ਹੋਈ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ ਡਾਕਟਰ ਜਗਤਾਰ ਸਿੰਘ ਫੂਲ ਜ਼ਿਲ੍ਹਾ ਪ੍ਰਧਾਨ ਦੀ ਹਾਜ਼ਰੀ ਵਿੱਚ ਹੋਈ, ਜਿਸ ਵਿੱਚ ਇਸ ਮਹੀਨੇ ਵਿੱਛੜੀਆ ਰੂਹਾਂ ਨੂੰ ਯਾਦ ਕਰਕੇ 2 ਮਿੰਟ ਦਾ ਮੌਨ ਰੱਖਿਆ ਗਿਆ।ਇਸ ਮੌਕੇ ਡਾਕਟਰ ਰੇਸ਼ਮ ਸਿੰਘ ਫੂਲ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਾਥੀਆਂ ਦੀਆਂ ਸਮੱਸਿਆ ਵੱਲ ਧਿਆਨ ਦਿੱਤਾ ਜਾਵੇ ਤੇ ਸਰਕਾਰ ਵੱਲੋਂ ਸਾਡੇ ਨਾਲ ਕੀਤੇ ਵਾਅਦੇ ਯਾਦ ਕਰਵਾਏ ਜਾਣ ਤੇ ਹੱਲ ਕਰਵਾਏ ਜਾਣ। ਡਾਕਟਰ ਰਵੇਲ ਸਿੰਘ ਮਹਿਰਾਜ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਡਾਕਟਰ ਸਾਥੀਆਂ ਨੂੰ ਮੀਟਿੰਗ ਵਿੱਚ ਗਿਣਤੀ ਵਧਾਉਣੀ ਚਾਹੀਦੀ ਹੈ ਅਤੇ ਸਾਫ ਸੁਥਰੀ ਤੇ ਨਸ਼ੇ ਤੋਂ ਰਹਿਤ ਪ੍ਰੈਕਟਿਸ ਕਰਨੀ ਚਾਹੀਦੀ ਹੈ।ਡਾਕਟਰ ਚਮਕੌਰ ਸਿੰਘ ਮਹਿਰਾਜ ਨੇ ਕਿਹਾ ਕਿ ਸਾਨੂੰ ਰਲ ਮਿਲ ਕੇ ਜਥੇਬੰਦੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਨੂੰ ਕੋਈ ਮੁਸ਼ਕਲ ਨਾ ਆਵੇ।ਇਸ ਤੋਂ ਇਲਾਵਾ ਡਾਕਟਰ ਜਗਤਾਰ ਸਿੰਘ ਫੂਲ, ਡਾਕਟਰ ਕੌਰ ਸਿੰਘ ਫੂਲ, ਡਾਕਟਰ ਹਰਜਿੰਦਰ ਸਿੰਘ ਭਾਈ ਰੂਪਾ ਤੇ ਬਾਹਰੋਂ ਆਏ ਡਾਕਟਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਡਾਕਟਰ ਗੁਰਸੇਵਕ ਸਿੰਘ ਢੱਡੇ, ਡਾਕਟਰ ਵੇਦ ਵਿਆਸ, ਡਾਕਟਰ ਬੂਟਾ ਖਾਨ, ਡਾ. ਇਕਬਾਲ, ਡਾਕਟਰ ਗੁਰਦੀਪ ਸਿੰਘ ਭੋਲਾ, ਡਾਕਟਰ ਜਗਵਿੰਦਰ ਸਿੰਘ ਮਹਿਰਾਜ, ਡਾਕਟਰ ਕੁਲਵੰਤ ਸਿੰਘ, ਸੁਖਪਾਲ ਸਿੰਘ ਢਿਪਾਲੀ ਤੋਂ ਇਲਾਵਾ ਬਹੁਤ ਸਾਰੇ ਡਾਕਟਰ ਸਾਥੀ ਹਾਜ਼ਰ ਸਨ।ਜਨਰਲ ਸਕੱਤਰ ਡਾਕਟਰ ਦੇਵ ਰਾਜ ਨੇ ਸਾਰੇ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ।ਪ੍ਰੈੱਸ ਸਕੱਤਰ ਡਾਕਟਰ ਮਨਜੀਤ ਸਿੰਘ ਫੂਲ ਨੇ ਇਹ ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕੀਤੀ।

# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਭਾਸ਼ਣ ਮੁਕਾਬਲੇ 20 ਨੂੰ



**ਕੋਟਕਪੂਰਾ (ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਜੂਨੀਅਰ ਗਰੁੱਪ ਤੇ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਸੀਨੀਅਰ ਗਰੁੱਪ ਬਣਾ ਕੇ 20 ਨਵੰਬਰ ਨੂੰ ਸਵੇਰੇ ਠੀਕ 10 ਵਜੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਜਾ ਰਹੇ ਹਨ।ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ, ਮੀਤ ਪ੍ਰਧਾਨ ਪ੍ਰੇਮ ਚਾਵਲਾ, ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਮੁੱਖ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀ ਰੱਤਾ, ਪੀ ਆਰ ਓ ਪ੍ਰੋਫੈਸਰ ਹਰਬੰਸ ਸਿੰਘ ਪਦਮ, ਤਰਸੇਮ ਨਰੂਲਾ ਤੇ ਇਕਬਾਲ ਸਿੰਘ ਮੰਘੇੜਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਵਿਸ਼ਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਦੌਰ ਵਿੱਚ ਮਹੱਤਤਾ, ਧਾਰਮਿਕ ਸਹਿਣਸ਼ੀਲਤਾ ਦੇ ਅਲੰਬਰਦਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਵੇਗਾ।ਉਨ੍ਹਾਂ ਦੱਸਿਆ ਕਿ ਜੂਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2000 ਰੁਪਏ, ਦੂਜਾ ਸਥਾਨ 1500 ਰੁਪਏ ਤੇ ਤੀਜਾ ਸਥਾਨ 1000 ਰੁਪਏ, ਇਸੇ ਤਰ੍ਹਾਂ ਸੀਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2500 ਰੁਪਏ, ਦੂਜਾ ਸਥਾਨ 2000 ਰੁਪਏ ਤੇ ਤੀਜਾ ਸਥਾਨ 1500 ਰੁਪਏ ਨਗਦ ਰਾਸ਼ੀ, ਸਰਟੀਫਿਕੇਟ, ਮੈਡਲ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਇੱਕ ਪੁਸਤਕ ਦੇ ਕੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਦੇ ਸਮੂਹ ਸਕੂਲ ਮੁਖੀਆਂ ਨੂੰ ਪੱਤਰ ਲਿਖ ਕੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਨਾਂਅ 10 ਨਵੰਬਰ ਤੱਕ ਸੁਸਾਇਟੀ ਨੂੰ ਭੇਜਣ ਲਈ ਲਿਖਿਆ ਗਿਆ ਹੈ।

## ਗੁਰਦੁਆਰਾ ਪੱਤੀ ਦੁੱਲਟ ਵਿਖੇ ਪ੍ਰਕਾਸ਼ ਦਿਹਾੜਾ 5 ਤੋਂ ਮਨਾਇਆ ਜਾਵੇਗਾ

**ਲੌਂਗੋਵਾਲ (ਪ੍ਰਦੀਪ ਸੱਪਲ)**

ਗੁਰਦੁਆਰਾ ਪੱਤੀ ਦੁੱਲਟ ਲੌਂਗੋਵਾਲ ਤੇ ਸਮੂਹ ਸੰਗਤਾਂ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 5 ਤੋਂ 7 ਨਵੰਬਰ ਤੱਕ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਪ੍ਰਧਾਨ ਗੁਰਜੰਟ ਸਿੰਘ ਦੁੱਲਟ ਤੇ ਸਮੂਹ ਮੈਂਬਰਾਂ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ 5 ਨਵੰਬਰ ਨੂੰ ਸ੍ਰੀ ਅਖੰਡ ਪਾਠ ਪ੍ਰਕਾਸ਼ ਹੋਣਗੇ ਤੇ ਨਗਰ ਕੀਰਤਨ ਹੋਵੇਗਾ, 6 ਨਵੰਬਰ ਨੂੰ ਭਾਰੀ ਦੀਵਾਨ ਸਜਣਗੇ ਤੇ 7 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

ਇਸ ਮੌਕੇ ਉੱਘੇ ਢਾਡੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ 'ਤੇ ਚਾਨਣਾ ਪਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਸਬੰਧੀ ਪ੍ਰਬੰਧਕਾਂ ਵੱਲੋਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਸੁਰਜੀਤ ਸਿੰਘ, ਅਵਤਾਰ ਸਿੰਘ ਨੰਬਰਦਾਰ, ਜਸਵਿੰਦਰ ਸਿੰਘ ਦੁੱਲਟ, ਜਸਵਿੰਦਰ ਸਿੰਘ ਨਿੱਪੀ ਆਦਿ ਮੌਜੂਦ ਸਨ।

## ਮਾਤਾ ਗੁਜਰੀ ਕਾਲਜ ਦੀ ਵਿਦਿਆਰਥਣ ਦਾ ਅੰਤਰ ਕਾਲਜ ਕੁਸ਼ਤੀ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੀ ਹੋਣਹਾਰ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਅੰਤਰ ਕਾਲਜ ਕੁਸ਼ਤੀ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਵਰਣਨਯੋਗ ਹੈ ਕਿ ਇਸ ਟੂਰਨਾਮੈਂਟ ਵਿੱਚ ਕਾਲਜ ਦੀ ਬੀ. ਏ. ਭਾਗ ਦੂਸਰਾ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 72 ਕਿੱਲੋ ਵਰਗ ਵਿੱਚ ਗੋਲਡ ਮੈਡਲ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ।ਇਸ ਦੇ ਨਾਲ ਹੀ ਉਸ ਦੀ ਆਲ ਇੰਡੀਆ ਅੰਤਰ ਯੂਨੀਵਰਸਿਟੀ ਕੁਸ਼ਤੀ ਟੂਰਨਾਮੈਂਟ 2025-2026 ਲਈ ਵੀ ਚੋਣ ਹੋ ਗਈ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਹੋਣਹਾਰ ਖਿਡਾਰਨ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਵਿੱਦਿਅਕ, ਧਾਰਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਦੇ ਨਾਲ-ਨਾਲ ਖੇਡ ਸਰਗਰਮੀਆਂ ਵਿੱਚ ਵੀ ਨਿੱਤ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜੇਤੂ ਖਿਡਾਰਨ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਉਤਸ਼ਾਹਤ ਕੀਤਾ।ਕਾਲਜ ਦੇ ਡੀਨ ਸਪੋਰਟਸ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ।ਕਾਲਜ ਦੇ ਖੇਡ ਵਿਭਾਗ ਦੇ ਮੁਖੀ ਪ੍ਰੋ. ਹਰਜੀਤ ਕੌਰ ਤੇ ਕੋਚ ਬਹਾਦਰ ਸਿੰਘ ਨੇ ਵੀ ਹੋਣਹਾਰ ਵਿਦਿਆਰਥਣ ਨੂੰ ਸ਼ਾਬਾਸ਼ ਦਿੰਦਿਆਂ ਉਸ ਨੂੰ ਹੋਰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# ਮਾਨ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ : ਚੇਅਰਮੈਨ ਬਰਾੜ

### ■ ਨਹਿਰੀ ਪਾਈਪ ਲਾਈਨ ਤੇ ਖਾਲ਼ਾਂ ਦੇ ਕੰਮ ਦਾ ਲਿਆ ਜਾਇਜ਼ਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪਿੰਡ ਮੌਲਵੀਵਾਲਾ ਵਿਖੇ ਨਹਿਰੀ ਪਾਈਪ ਲਈਨ ਤੇ ਖਾਲਾਂ ਦੇ ਚੱਲ ਰਹੇ ਕੰਮ ਦਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਜਾਇਜ਼ਾ ਲਿਆ।ਇਸ ਦੌਰਾਨ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ।

ਨਹਿਰੀ ਪਾਈਪ ਲਾਈਨ ਪਾਉਣ ਦੇ ਚੱਲ ਰਹੇ ਕੰਮ ਦਾ ਨਰੀਖਣ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਦੇ ਤਹਿਤ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਨੂੰ ਉੱਚਾ ਚੁੱਕਣ ਦੇ ਮਕਸਦ ਨਾਲ ਨਹਿਰੀ ਪਾਣੀ ਖੇਤੀ ਲਈ ਮੁਹੱਈਆ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੋਈ ਕਦਮ ਨਹੀਂ ਚੁੱਕਿਆ, ਜਿਸ ਕਰਕੇ ਸੂਬੇ ਦੇ ਕਿਸਾਨਾਂ ਨੂੰ ਮਿਲਣ ਵਾਲਾ ਨਹਿਰੀ ਪਾਣੀ ਦੂਜੇ ਸੂਬਿਆਂ ਵਿੱਚ ਜਾ ਰਿਹਾ ਸੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਨੇ ਇਸ ਪਾਸੇ ਵੱਲ ਵਿਸ਼ੇਸ਼ ਕਦਮ ਚੁੱਕਦਿਆਂ ਨਹਿਰੀ ਪਾਣੀ ਕਿਸਾਨਾਂ ਤੱਕ ਪਹੁੰਚਾਉਣ ਲਈ ਦਹਾਕਿਆਂ ਤੋਂ ਖਸਤਾ ਹਾਲਤ ਹੋ ਚੁੱਕੇ ਨਹਿਰੀ ਖਾਲਿਆਂ ਦੀ ਜਿੱਥੇ ਮੁਰੰਮਤ ਕੀਤੀ ਜਾ ਰਹੀ ਹੈ, ਉੱਥੇ ਬਹੁਤ ਸਾਰੀਆਂ ਥਾਵਾਂ ਉੱਤੇ ਨਹਿਰੀ ਪਾਣੀ ਪਹੁੰਚਾਉਣ ਲਈ ਪਾਈਪ ਲਾਈਨਾਂ ਪਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡ ਮੌਲਵੀਵਾਲਾ ਵਿਖੇ ਪੰਜ ਕਿਲੋਮੀਟਰ ਤੋਂ ਵੱਧ ਨਵੇਂ ਖਾਲ ਬਣਾਏ ਜਾ ਰਹੇ ਹਨ ਅਤੇ ਤਿੰਨ ਕਿਲੋਮੀਟਰ ਦੇ ਕਰੀਬ ਦੀ ਪਾਈਪ ਲਾਈਨ ਪਾ ਕੇ ਪਿੰਡ ਦੀ ਪੰਚਾਇਤੀ ਜ਼ਮੀਨ ਸਮੇਤ ਆਸ-ਪਾਸ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਹਲਕਾ ਸ਼ੁਤਰਾਣਾ ਵਿੱਚ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਪਹਿਲਾਂ ਸਰਕਾਰ ਵੱਲੋਂ ਵੱਡੀ ਪੱਧਰ ਉੱਤੇ ਨਹਿਰੀ ਰਜਵਾਹੇ ਨਵੇਂ ਬਣਾਏ ਗਏ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਕਿਸਾਨ ਵਿੰਗ ਦੇ ਸੂਬਾ ਸਕੱਤਰ ਬੂਟਾ ਸਿੰਘ ਸ਼ੁਤਰਾਣਾ, ਸੀਨੀਅਰ ਆਪ ਆਗੂ ਬਲਜੀਤ ਸਿੰਘ ਸਹੋਤਾ, ਸਰਪੰਚ ਚਰਨਜੀਤ ਸਿੰਘ ਸੰਧੂ, ਕਾਬਲ ਸਿੰਘ ਢਿੱਲੋਂ, ਚਰਨਜੀਤ ਸਿੰਘ ਭੁੱਲਰ, ਸਾਬਕਾ ਸਰਪੰਚ ਧਿਆਨ ਸਿੰਘ ਤੇ ਮਨਿੰਦਰ ਸਿੰਘ ਭੁੱਲਰ ਆਦਿ ਹਾਜ਼ਰ ਸਨ।

## ਸਪੀਕਰ ਵੱਲੋਂ ਵਾਈ ਪੂਰਨ ਕੁਮਾਰ ਆਈ ਪੀ ਐੱਸ ਦੀ ਅੰਤਿਮ ਅਰਦਾਸ 'ਤੇ ਸ਼ਰਧਾਂਜਲੀ ਭੇਟ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਪੰਚਕੂਲਾ ਦੇ ਗੁਰਦੁਆਰਾ ਨਾਡਾ ਸਾਹਿਬ ਵਿਖੇ ਸਵਰਗਵਾਸੀ ਵਾਈ. ਪੂਰਨ ਕੁਮਾਰ ਆਈ ਪੀ ਐੱਸ ਦੇ ਭੋਗ ਅਤੇ ਅੰਤਿਮ ਅਰਦਾਸ ਸਮਾਰੋਹ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਵਾਈ. ਪੂਰਨ ਕੁਮਾਰ ਆਈ ਪੀ ਐੱਸ ਦੇ ਬੇਵਕਤੀ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਭਲਾਈ ਲਈ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਨੂੰ ਸਮਾਜ ਹਮੇਸ਼ਾ ਯਾਦ ਰੱਖੇਗਾ। ਸ. ਸੰਧਵਾਂ ਨੇ 'ਆਪ' ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਜਿਨ੍ਹਾਂ ਨੇ ਦੁਖੀ ਪਰਵਾਰ ਨਾਲ ਦਿਲੋਂ ਹਮਦਰਦੀ ਪ੍ਰਗਟ ਕੀਤੀ, ਦਾ ਸੁਨੇਹਾ ਵੀ ਪਹੁੰਚਾਇਆ। ਉਹਨਾਂ ਕਿਹਾ ਕਿ ਅਸੀਂ ਇਸ ਦੁੱਖ ਦੀ ਘੜੀ ਵਿੱਚ ਮਰਹੂਮ ਵਾਈ. ਪੂਰਨ ਕੁਮਾਰ ਦੇ ਪਰਵਾਰ ਦੇ ਨਾਲ ਹਮੇਸ਼ਾ ਖੜ੍ਹੇ ਹਾਂ।ਸਪੀਕਰ ਸੰਧਵਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਆਪਣੇ ਚਰਨਾਂ ਵਿੱਚ ਸਦੀਵੀਂ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਦੁੱਖ ਦੀ ਇਸ ਘੜੀ ਵਿੱਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਕਰਨ ਦਾ ਬਲ ਬਖ਼ਸ਼ੇ।

## ਪਰਾਲੀ ਨੂੰ ਅੱਗ : 241 ਐੱਫ ਆਈ ਆਰ ਤੇ 276 ਰੈੱਡ ਐਂਟਰੀਆਂ ਦਰਜ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਵਾਲਿਆਂ ਖਿਲਾਫ ਸਰਕਾਰ ਵੱਲੋਂ ਪੂਰੀ ਸਖਤੀ ਕੀਤੀ ਹੋਈ ਹੈ।ਪੁਲਸ ਵੱਲੋਂ ਹੁਣ ਤੱਕ ਕਿਸਾਨਾਂ ਉੱਪਰ 241 ਐਫਆਈਆਰ ਦਰਜ ਕੀਤੀਆਂ ਜਾ ਚੁੱਕੀਆਂ ਹਨ, ਜਦੋਂ ਕਿ 276 ਕਿਸਾਨਾਂ ਦੀਆਂ ਫਰਦਾਂ ਉੱਪਰ ਲਾਲ ਐਂਟਰੀਆਂ ਦਰਜ ਕੀਤੀਆਂ ਗਈਆਂ ਹਨ। ਇੱਧਰ ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਦੇ ਇਸ ਐਕਸ਼ਨ ਖਿਲਾਫ ਰੋਸ ਪਾਇਆ ਜਾ ਰਿਹਾ ਹੈ।

ਸੂਬੇ ਅੰਦਰ ਹੁਣ ਤੱਕ ਝੋਨੇ ਦੀ ਪਰਾਲੀ ਨੂੰ 621 ਥਾਵਾਂ 'ਤੇ ਅੱਗ ਲਾਉਣ ਦੀਆਂ ਘਟਨਾਵਾਂ ਦਰਜ ਹੋ ਚੁੱਕੀਆਂ ਹਨ।ਅੱਜ ਇੱਕ ਦਿਨ 60 ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਕਿਸਾਨਾਂ ਵੱਲ ਅੱਗ ਲਾਉਣ ਦੀਆਂ ਘਟਨਾਵਾਂ ਵਿੱਚ ਵੱਡੀ ਪੱਧਰ 'ਤੇ ਕਮੀ ਦਰਜ ਕੀਤੀ ਗਈ ਹੈ।ਪੁਲਸ ਵੱਲੋਂ ਅੱਜ 26 ਕਿਸਾਨਾਂ 'ਤੇ ਇੱਕ ਦਿਨ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਦੋਂਕਿ 44 ਕਿਸਾਨਾਂ ਦੀਆਂ ਜ਼ਮੀਨਾਂ ਦੇ ਕਾਗਜ਼ਾਂ ਉੱਪਰ ਰੈੱਡ ਐਂਟਰੀਆਂ ਪਾਈਆਂ ਗਈਆਂ ਹਨ। ਉਂਜ ਪਿਛਲੇ ਸਾਲਾਂ ਨਾਲ ਹੁਣ ਤੱਕ 241 ਐੱਫਆਈਆਰ ਦਰਜ ਕੀਤੀਆਂ ਜਾ ਚੁੱਕੀਆਂ ਹਨ।ਸਭ ਤੋਂ ਵੱਧ ਐਫਆਈਆਰਜ਼ ਤਰਨਤਾਰਨ ਜ਼ਿਲ੍ਹੇ ਦੇ ਕਿਸਾਨਾਂ ਉੱਪਰ ਦਰਜ ਕੀਤੀਆਂ ਗਈਆਂ ਹਨ, ਜਿੱਥੇ ਜ਼ਿਮਨੀ ਚੋਣ ਹੋ ਰਹੀ ਹੈ।ਤਰਨਤਾਰਨ ਜ਼ਿਲ੍ਹੇ 'ਚ 68 ਐਫਆਈਆਰ ਦਰਜ ਕੀਤੀਆਂ ਗਈਆਂ ਹਨ।

ਅੰਮ੍ਰਿਤਸਰ ਜ਼ਿਲ੍ਹੇ ਵਿੱਚ 59 ਐਫਆਈਆਰ ਦਰਜ ਹੋਈਆਂ ਹਨ। ਫਿਰੋਜ਼ਪੁਰ ਜ਼ਿਲ੍ਹੇ 'ਚ 37 ਐਫਆਈਆਰ ਜਦੋਂਕਿ ਪਟਿਆਲਾ ਜ਼ਿਲ੍ਹੇ 'ਚ 22 ਐਫਆਈਆਰ, ਮੁੱਖ ਮੰਤਰੀ ਦੇ ਜ਼ਿਲ੍ਹੇ ਸੰਗਰੂਰ ਵਿੱਚ 8 ਐਫਆਈਆਰ, ਬਠਿੰਡਾ ਜ਼ਿਲ੍ਹੇ ਵਿੱਚ 6, ਜਦੋਂਕਿ ਬਾਕੀ ਰਹਿੰਦੇ ਜ਼ਿਲ੍ਹਿਆਂ ਵਿੱਚ ਚਾਰ-ਚਾਰ ਐਫਆਈਆਰ ਦਰਜ ਕੀਤੀਆਂ ਗਈਆਂ ਹਨ।

ਸੂਬੇ ਅੰਦਰ 15 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਕਿਸਾਨਾਂ ਉਪਰ ਕੀਤਾ ਜਾ ਚੁੱਕਾ ਹੈ।ਇੱਥੋਂ ਤੱਕ ਕਿ 10 ਲੱਖ ਰੁਪਏ ਤੋਂ ਜ਼ਿਆਦਾ ਜੁਰਮਾਨਾ ਕਿਸਾਨਾਂ ਤੋਂ ਵਸੂਲ ਵੀ ਲਿਆ ਗਿਆ ਹੈ।ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਜ਼ਿਲ੍ਹਿਆਂ ਅੰਦਰ ਸਭ ਤੋਂ ਵੱਧ ਜੁਰਮਾਨਾ ਲਾਇਆ ਗਿਆ ਹੈ।

62 ਰੈੱਡ ਐਂਟਰੀਆਂ ਦਰਜ ਹੋਈਆਂ ਹਨ।ਇਸ ਤੋਂ ਇਲਾਵਾ ਫਿਰੋਜ਼ਪੁਰ 'ਚ 43 ਤੇ ਪਟਿਆਲਾ ਜ਼ਿਲ੍ਹੇ ਵਿੱਚ 24 ਕਿਸਾਨਾਂ ਦੇ ਰਿਕਾਰਡ ਵਿੱਚ ਰੈੱਡ ਐਂਟਰੀਆਂ ਦਰਜ ਕੀਤੀਆਂ ਗਈਆਂ ਹਨ। ਸੰਗਰੂਰ ਜ਼ਿਲ੍ਹੇ ਵਿੱਚ 11 ਬਠਿੰਡਾ ਜ਼ਿਲ੍ਹੇ 'ਚ 6, ਜਲੰਧਰ ਵਿੱਚ 5. ਕਪੂਰਥਲਾ ਜ਼ਿਲ੍ਹੇ 6, ਜਦਕਿ ਬਾਕੀ ਜ਼ਿਲ੍ਹਿਆਂ ਵਿੱਚ ਵੀ ਕਿਸਾਨਾਂ ਦੇ ਰਿਕਾਰਡ ਵਿੱਚ ਲਾਲ ਐਂਟਰੀਆਂ ਦਰਜ ਤਰਨਤਾਰਨ ਤੇ ਅੰਮ੍ਰਿਤਸਰ ਜ਼ਿਲ੍ਹਾ ਅੱਗਾਂ ਦੀਆਂ ਘਟਨਾਵਾਂ 'ਚ ਅੱਗੇ ਹੈ।

ਤਰਨਤਾਰਨ ਵਿੱਚ 196 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਜਦਕਿ ਦੂਜੇ ਨੰਬਰ 'ਤੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ 144 ਘਟਨਾਵਾਂ ਦਰਜ ਹੋਈਆਂ ਹਨ।ਫਿਰੋਜ਼ਪੁਰ ਜ਼ਿਲ੍ਹੇ 'ਚ 69, ਪਟਿਆਲਾ 'ਚ 35, ਸੰਗਰੂਰ 'ਚ 28, ਗੁਰਦਾਸਪੁਰ 'ਚ 29 ਅੱਗ ਲੱਗਣ ਦੀਆਂ ਘਟਨਾਵਾਂ ਦਰਜ ਹੋਈਆਂ ਹਨ।ਕਪੂਰਥਲਾ ਜ਼ਿਲ੍ਹੇ ਵਿੱਚ 22, ਬਠਿੰਡਾ ਜ਼ਿਲ੍ਹੇ 'ਚ 13 ਜਦੋਂਕਿ ਬਾਕੀ ਜ਼ਿਲ੍ਹਿਆਂ ਵਿੱਚ ਵੀ ਅੱਗ ਲੱਗਣ ਦੀਆਂ ਘਟਨਾਵਾਂ ਦਰਜ ਹੋਈਆਂ ਹਨ।ਪਠਾਨਕੋਟ ਤੇ ਰੂਪਨਗਰ ਹੀ ਅਜਿਹੇ ਜ਼ਿਲ੍ਹੇ ਹਨ, ਜਿੱਥੇ ਅੱਗ ਲੱਗਣ ਦੀ ਅਜੇ ਤੱਕ ਕੋਈ ਘਟਨਾ ਦਰਜ ਨਹੀਂ ਹੋਈ।

## ਰਾਜੇਸ਼ ਜਿੰਦਲ ਸਾਥੀਆਂ ਸਮੇਤ 'ਆਪ' 'ਚ ਸ਼ਾਮਲ



**ਦਿੜ੍ਹਬਾ (ਜਸਵੀਰ ਲਾਡੀ)** ਪਿੰਡ ਛਾਹੜ ਵਿਖੇ ਛਾਜਲੀ ਦੇ 12 ਨੰਬਰ ਵਾਰਡ ਦੇ ਪੰਚ ਮੈਡਮ ਸਿਮਰਨ ਜਿੰਦਲ ਪਤਨੀ ਸ੍ਰੀ ਰਾਜੇਸ਼ ਜਿੰਦਲ ਜੋ ਪਿਛਲੇ ਸਮੇਂ ਤੋਂ ਸੋਸ਼ਲ ਵਰਕਰ ਦੇ ਤੌਰ 'ਤੇ ਲੋਕਾਂ ਵਿੱਚ ਵਿਚਰ ਰਹੇ ਹਨ, ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਹਾਜ਼ਰੀ ਵਿੱਚ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।ਉਨ੍ਹਾਂ ਵਿੱਚ ਕੰਮ ਕਰਨ ਦਾ ਜਜ਼ਬਾ ਦੇਖ ਹੋਏ ਉਨ੍ਹਾਂ ਨੂੰ ਨਵੇਂ ਬਣੇ ਬਲਾਕ ਛਾਜਲੀ ਦੇ ਇਸਤਰੀ ਵਿੰਗ ਦੇ ਪ੍ਰਧਾਨ ਨਿਯੁਕਤ ਕੀਤਾ ਗਿਆ, ਜਿਸ ਅਧੀਨ 7 ਪਿੰਡ ਆਉਂਦੇ ਹਨ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੋ ਨਵਾਂ ਵਰਕਰ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ, ਉਸ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਸਿਮਰਨ ਜਿੰਦਲ ਨੇ ਕਿਹਾ ਕਿ ਜੋ ਸਨਮਾਨ ਮੈਨੂੰ ਪਾਰਟੀ ਵੱਲੋਂ ਮਿਲਿਆ ਹੈ, ਉਸ ਲਈ ਮੈਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕਰਦੀ ਹਾਂ ਤੇ ਮੈਡਮ ਜਸਵੀਰ ਕੌਰ ਸ਼ੇਰਗਿੱਲ ਚੇਅਰਪਰਸਨ ਮਾਰਕਿਟ ਕਮੇਟੀ ਦਿੜ੍ਹਬਾ ਦੇ ਨਾਲ ਹੀ ਪਾਰਟੀ ਦੇ ਹੋਰ ਸੀਨੀਅਰ ਵਰਕਰਾਂ ਦਾ ਵੀ ਧੰਨਵਾਦ ਕਰਦੀ ਹੈ।

## ਸ਼ਰਾਰਤੀ ਤੱਤ ਵਿਕਾਸ ਕਾਰਜਾਂ ਨੂੰ ਦੇਖ ਕੇ ਕਰ ਰਹੇ ਜਲਣ ਮਹਿਸੂਸ : ਪਿੰਡ ਵਾਸੀ



**ਬਾਘਾ ਪੁਰਾਣਾ, (ਮਨੀ ਸਿੰਗਲਾ)** ਪਿੰਡ ਮੱਲਕੇ ਦੇ ਸਰਪੰਚ ਰਾਜਾ ਮੱਲਕੇ ਜਿੱਥੇ ਪਿੰਡ ਦੇ ਚਤਰਫੇ ਵਿਕਾਸ ਲਈ ਰਾਤ-ਦਿਨ ਮਿਹਨਤ ਕਰ ਰਹੇ ਹਨ, ਉਥੇ ਹੀ ਉਹ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਹਰੇਕ ਘਰ ਤੇ ਹਰੇਕ ਪਰਵਾਰ ਦੀ ਭਲਾਈ ਲਈ ਕੰਮ ਕਰ ਰਹੇ ਹਨ। ਪਿੰਡ ਦੇ ਮੋਹਤਬਰ ਵਿਅਕਤੀਆਂ ਬਲਜੀਤ ਸਿੰਘ, ਮਾਸਟਰ ਕਰਮ ਸਿੰਘ ਸੰਧੂ, ਦਵਿੰਦਰ ਸਿੰਘ, ਰਤਨ ਸਿੰਘ ਮੱਲ ਕੇ, ਸਿੱਧਪੁਰ ਕਿਸਾਨ ਯੂਨੀਅਨ ਦੇ ਇਕਾਈ ਪ੍ਰਧਾਨ ਮਨੀ ਮੱਲਕੇ, ਗੁਰਬਾਜ ਮੁਹਾਰ, ਗੋਬਿੰਦ ਸਿੰਘ ਮੱਲਕੇ ਤੇ ਜਗਸੀਰ ਸਿੰਘ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਪੰਚ ਰਾਜਾ ਮੱਲਕੇ ਨੇ ਆਪਣੇ ਕਾਰਜਕਾਲ ਦੌਰਾਨ ਉਹ ਕੰਮ ਕਰ ਵਿਖਾਏ ਹਨ, ਜੋ ਲੰਮੇ ਸਮੇਂ ਤੋਂ ਲਟਕੇ ਹੋਏ ਸਨ ਅਤੇ ਪਿਛਲੀ ਸਰਕਾਰਾਂ ਜਾਂ ਪੁਰਾਣੇ ਚੋਣ ਪ੍ਰਤੀਨਿਧੀਆਂ ਵੱਲੋਂ ਅਧੂਰੇ ਛੱਡੇ ਗਏ ਸਨ। ਉਨ੍ਹਾਂ ਨੇ ਕਿਹਾ ਕਿ ਸਰਪੰਚ ਰਾਜਾ ਮੱਲ ਕੇ ਸਿਰਫ ਵਿਕਾਸੀ ਕਾਰਜਾਂ ਤੱਕ ਸੀਮਿਤ ਨਹੀਂ ਹਨ, ਸਗੋਂ ਉਹ ਇੱਕ ਸਮਾਜ ਸੇਵੀ ਸ਼ਖ਼ਸੀਅਤ ਵਜੋਂ ਵੀ ਜਾਣੇ ਜਾਂਦੇ ਹਨ।ਲੋੜਵੰਦ ਪਰਵਾਰਾਂ ਦੀ ਮਦਦ ਹੋਵੇ ਜਾਂ ਕਿਸੇ ਗਰੀਬ ਧੀ ਦਾ ਵਿਆਹ, ਉਹ ਹਮੇਸ਼ਾ ਸਭ ਤੋਂ ਪਹਿਲਾਂ ਅੱਗੇ ਹੋ ਕੇ ਸਹਿਯੋਗ ਕਰਦੇ ਹਨ।ਇਸ ਕਾਰਨ ਉਹ ਪਿੰਡ ਹੀ ਨਹੀਂ, ਸਗੋਂ ਆਸ-ਪਾਸ ਦੇ ਇਲਾਕਿਆਂ ਵਿਚ ਵੀ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾਉਣ ਵਿੱਚ ਕਾਮਯਾਬ ਰਹੇ ਹਨ। ਗ੍ਰਾਮ ਪੰਚਾਇਤ ਦੇ ਮੈਂਬਰਾਂ ਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਦੱਸਿਆ ਕਿ ਕੁਝ ਸ਼ਰਾਰਤੀ ਤੱਤ ਸਰਪੰਚ ਰਾਜਾ ਮੱਲਕੇ ਦੀ ਲੋਕਪ੍ਰਿਯਤਾ ਤੇ ਵਿਕਾਸ ਕਾਰਜਾਂ ਨੂੰ ਦੇਖ ਕੇ ਜਲਨ ਮਹਿਸੂਸ ਕਰ ਰਹੇ ਹਨ ਅਤੇ ਪਿੰਡ ਦੇ ਅਮਨ-ਚੈਨ ਵਿਚ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਇਹ ਤੱਤ ਪਿੰਡ ਦੇ ਇਕੱਠ ਅਤੇ ਭਰਾਵਾਂ ਵਾਲੇ ਮਾਹੌਲ ਨੂੰ ਖਰਾਬ ਕਰਨ ਦੀ ਨੀਅਤ ਰੱਖਦੇ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਪੰਚ ਰਾਜਾ ਮੱਲ ਕੇ ਦੀ ਅਗਵਾਈ ਹੇਠ ਪਿੰਡ ਮੱਲ ਕੇ ਵਿਚ ਅਮਨ ਤੇ ਏਕਤਾ ਕਾਇਮ ਰੱਖੀ ਜਾਵੇਗੀ ਅਤੇ ਜੇਕਰ ਕੋਈ ਵੀ ਵਿਅਕਤੀ ਪਿੰਡ ਦੇ ਸ਼ਾਂਤ ਮਾਹੌਲ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਪਿੰਡ ਵਾਸੀਆਂ ਨੇ ਇਕਸੁਰ ਹੋ ਕੇ ਕਿਹਾ ਕਿ ਉਹ ਸਰਪੰਚ ਰਾਜਾ ਮੱਲਕੇ ਦੇ ਨਾਲ ਚੱਟਾਨ ਵਾਂਗ ਖੜੇ ਹਨ ਤੇ ਉਨ੍ਹਾਂ ਦੇ ਹਰ ਵਿਕਾਸੀ ਅਤੇ ਸਮਾਜਿਕ ਯਤਨਾਂ ਦਾ ਸਹਿਯੋਗ ਕਰਦੇ ਰਹਿਣਗੇ, ਤਾਂ ਜੁ ਪਿੰਡ ਮੱਲਕੇ ਸੂਬੇ ਦਾ ਇੱਕ ਮਿਸਾਲੀ ਪਿੰਡ ਬਣ ਸਕੇ।

ਇਸ ਮੌਕੇ ਹਾਜ਼ਰ ਸਰਪੰਚ ਰਾਜਾ ਮੱਲਕੇ ਤੇ ਪਿੰਡ ਦੀ ਗ੍ਰਾਮ ਪੰਚਾਇਤ ਦੇ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨਮਾਈ ਹੇਠ ਪਿੰਡ ਦੇ ਸਰਬਪੱਖੀ ਵਿਕਾਸ ਲਈ ਅਣਥੱਕ ਮਿਹਨਤ ਕੀਤੀ ਜਾ ਰਹੀ ਹੈ ਤੇ ਪਿੰਡ ਦਾ ਵਿਕਾਸ ਤੇਜ਼ ਗਤੀ ਨਾਲ ਹੋ ਰਿਹਾ ਹੈ ਅਤੇ ਉਹ ਕਿਸੇ ਵੀ ਪੱਧਰ 'ਤੇ ਕੋਈ ਕਸਰ ਬਾਕੀ ਨਹੀਂ ਛੱਡ ਰਹੇ।ਉਨ੍ਹਾਂ ਕਿਹਾ ਕਿ ਪਿੰਡ ਮੱਲਕੇ ਵਿਚ ਗਲੀ-ਨਾਲਿਆਂ ਦੀ ਮੁਰੰਮਤ ਤੋਂ ਲੈ ਕੇ ਸਫਾਈ ਪ੍ਰਣਾਲੀ, ਪੀਣ ਯੋਗ ਪਾਣੀ, ਸਟਰੀਟ ਲਾਈਟਾਂ ਅਤੇ ਨੌਜਵਾਨਾਂ ਲਈ ਖੇਡ ਸਹੂਲਤਾਂ ਤੱਕ ਹਰੇਕ ਖੇਤਰ ਵਿਚ ਵਿਕਾਸੀ ਕੰਮ ਕੀਤੇ ਜਾ ਰਹੇ ਹਨ। ਮਨੀ ਮੱਲਕੇ ਨੇ ਕਿਹਾ ਕਿ ਇਸ ਦੇ ਨਾਲ ਨਾਲ ਲੋੜਵੰਦ ਪਰਵਾਰਾਂ ਦੀ ਮਦਦ ਤੇ ਸਮਾਜ ਸੇਵਾ ਵਿਚ ਵੀ ਸਰਪੰਚ ਰਾਜਾ ਮੱਲਕੇ ਹਮੇਸ਼ਾ ਅੱਗੇ ਰਹਿੰਦੇ ਹਨ।

## ਪ੍ਰੋ. ਬਡੂੰਗਰ ਨੇ ਜਥੇ. ਗੜਗੱਜ ਦੀ ਮਰਿਆਦਾ ਅਨੁਸਾਰ ਦਸਤਾਰਬੰਦੀ ਦਾ ਕੀਤਾ ਸਵਾਗਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਗੁਰੂ ਕੀਆਂ ਲਾਡਲੀਆਂ ਫੌਜਾਂ ਤੇ ਹੋਰ ਪੰਥਕ ਸੰਪ੍ਰਦਾਵਾਂ ਅਤੇ ਸਭਾ ਸੁਸਾਇਟੀਆਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਪੰਥਕ ਮਰਿਆਦਾ ਅਨੁਸਾਰ ਦਸਤਾਰਬੰਦੀ ਕਰਕੇ ਅਤਿ ਸ਼ਲਾਘਾਯੋਗ ਕਾਰਜ ਕਰਕੇ ਅਣਗਿਣਤ ਪੰਥ ਦਰਦੀਆਂ ਨੂੰ ਖੁਸ਼ੀ ਤੇ ਸੰਤੁਸ਼ਟੀ ਪ੍ਰਦਾਨ ਕੀਤੀ ਹੈ। ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਵੀ ਇਸ ਕਾਰਜ ਦੀ ਵਧਾਈ ਦਿੱਤੀ। ਪ੍ਰੋ. ਬਡੂੰਗਰ ਨੇ ਸਮੂਹ ਸਾਥੀਆਂ ਸਮੇਤ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਸਭਾ ਸੁਸਾਇਟੀਆਂ ਤੇ ਪੰਥਕ ਸੰਪ੍ਰਦਾਵਾਂ ਅਤੇ ਖਾਸ ਕਰਕੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਜੀ 96ਵੇਂ ਕਰੋੜੀ ਦੀ ਭਰਪੂਰ ਸ਼ਲਾਘਾ ਕੀਤੀ ਕਿ ਸਿੰਘ ਸਾਹਿਬ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਦਿਲੀ ਮੁਬਾਰਕ ਦਿੰਦਿਆਂ ਆਸ ਕਰਦਾ ਹਾਂ ਕਿ ਜਿਹਨਾਂ ਪੰਥਕ ਭਾਵਨਾਵਾਂ ਅਤੇ ਜੋਸ਼ ਜਜਬੇ ਨਾਲ ਉਹਨਾਂ ਨੂੰ ਇਹ ਸੇਵਾ ਸੌਂਪੀ ਗਈ ਹੈ, ਉਹ ਆਪਣੀਆਂ ਸੇਵਾਵਾਂ ਪੰਥਕ ਮਰਿਆਦਾ ਤੇ ਪੰਥਕ ਜਜ਼ਬਿਆਂ ਨਾਲ ਕਾਰਜਸ਼ੀਲ ਹੋਣਗੇ।

## ਡੀ ਏ ਵੀ ਸਕੂਲ ਦੇ ਵਿਦਿਆਰਥੀ ਨੇ ਗੱਡੇ ਜਿੱਤ ਦੇ ਝੰਡੇ

### ਡਿਸਕਸ ਥਰੋਅ ਮੁਕਾਬਲੇ 'ਚੋਂ ਰਹਿਮਤ ਸਿੰਘ ਨੇ ਲਿਆ ਪਹਿਲਾ ਸਥਾਨ



**ਸੰਗਰੂਰ (ਪ੍ਰਵੀਨ ਸਿੰਘ)** ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਾਈਆਂ ਜਾ ਰਹੀਆਂ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2025 -26 ਦੇ ਡਿਸਕਸ ਥਰੋਅ ਦੇ ਰਾਜ ਪੱਧਰੀ ਮੁਕਾਬਲੇ 'ਚੋਂ ਜ਼ਿਲ੍ਹਾ ਸੰਗਰੂਰ ਦੇ ਡਾ. ਦੇਵ ਰਾਜ ਡੀ.ਏ.ਵੀ ਪਬਲਿਕ ਸਕੂਲ ਦੇ ਵਿਦਿਆਰਥੀ ਰਹਿਮਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੀ ਜਿੱਤ ਦੇ ਝੰਡੇ ਗੱਡੇ ਹਨ। ਸਕੂਲ ਪ੍ਰਬੰਧਕ ਸ੍ਰੀ ਪ੍ਰਵੀਨ ਖੋਖਰ ਤੇ ਐਡਵੋਕੇਟ ਅਨਿਰੁੱਧ ਕੌਸ਼ਲ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਰਹਿਮਤ ਸਿੰਘ ਸਪੁੱਤਰ ਮਨਪ੍ਰੀਤ ਸਿੰਘ (ਮੋਨੂ ਕੋਚ), ਰਣਜੀਤ ਕੌਰ ਨੇ ਡਿਸਕਸ ਥਰੋਅ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਉਪਰੰਤ, ਲੁਧਿਆਣਾ ਵਿਖੇ ਹੋਏ ਰਾਜ ਪੱਧਰੀ ਡਿਸਕਸ ਥਰੋਅ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਵੱਖ- ਵੱਖ ਸਕੂਲਾਂ ਦੇ 30 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਸ ਵਿੱਚ ਰਹਿਮਤ ਨੇ 46 ਮੀਟਰ ਥਰੋਅ ਸੁੱਟ ਕੇ ਪਹਿਲੇ ਸਥਾਨ 'ਤੇ ਆ ਕੇ ਸਭਨਾਂ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪ੍ਰਬੰਧਕਾਂ ਦੇ ਦੱਸਣ ਅਨੁਸਾਰ ਹੁਣ ਇਹ ਵਿਦਿਆਰਥੀ ਨੈਸ਼ਨਲ ਪੱਧਰ 'ਤੇ ਹੋਣ ਵਾਲੇ ਖੇਡ ਮੁਕਾਬਲੇ ਵਿੱਚ ਭਾਗ ਲਵੇਗਾ। ਜ਼ਿਕਰਯੋਗ ਹੈ ਕਿ ਇਸ ਖਿਡਾਰੀ ਨੂੰ ਸਕੂਲ ਅਧਿਆਪਕਾਂ ਦੇ ਨਾਲ-ਨਾਲ ਲਹਿਰਾਗਾਗਾ ਦੇ ਮਨਪ੍ਰੀਤ ਢਿੱਲੋਂ ਕੋਚ ਵੱਲੋਂ ਡਿਸਕਸ ਥਰੋਅ ਦੀ ਦਿਨ-ਰਾਤ ਤਿਆਰੀ ਕਰਾਈ ਗਈ, ਜਿਸ ਦੇ ਸਾਰਥਿਕ ਸਿੱਟੇ ਸਦਕਾ ਇਸ ਨੇ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਰਹਿਮਤ ਦੇ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਸਕੂਲ ਪ੍ਰਬੰਧਕਾਂ, ਸਟਾਫ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੇ ਨਾਲ ਨਾਲ ਪੰਜਾਬ ਦੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ, ਸ੍ਰੀ ਅਮਨ ਅਰੋੜਾ ਕੈਬਨਿਟ ਮੰਤਰੀ, ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਸਮੇਤ ਵੱਖ-ਵੱਖ ਰਾਜਨੀਤਿਕ ਪਾਰਟੀਆਂ ਸਮਾਜਕ ਤੇ ਧਾਰਮਿਕ ਸੰਸਥਾਵਾਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਰਹਿਮਤ ਤੇ ਸਕੂਲ ਪਰਵਾਰ ਨੂੰ ਮੁਬਾਰਕਬਾਦ ਦਿੱਤੀ ਹੈ।

## ਭਾਈ ਜੈਤਾ ਜੀ ਦੀ ਯਾਦਗਾਰ ਵੇਖਣ ਲਈ ਸੰਗਤਾਂ 'ਚ ਭਾਰੀ ਉਤਸ਼ਾਹ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਜਦੋਂ ਤੋਂ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਵੱਲੋਂ ਭਾਈ ਜੈਤਾ ਜੀ ਯਾਦਗਾਰ ਨੂੰ ਮਨੁੱਖਤਾ ਲਈ ਸਮਰਪਿਤ ਕੀਤਾ ਗਿਆ ਹੈ, ਉਦੋਂ ਤੋਂ ਹੀ ਰੋਜ਼ਾਨਾ ਲੰਬੀਆਂ ਕਤਾਰਾਂ ਦੇ ਵਿੱਚ ਲੱਗ ਕੇ ਵੱਡੀ ਗਿਣਤੀ ਵਿੱਚ ਦਰਸ਼ਨਾਰਥੀ ਇਸ ਮਹਾਨ ਯਾਦਗਾਰ ਨੂੰ ਵੇਖਣ ਲਈ ਪਹੁੰਚ ਰਹੇ ਹਨ।ਯਾਦਗਾਰ ਵੇਖ ਕੇ ਸੈਲਾਨੀ ਆਪਣੇ ਤਜਰਬੇ ਨੂੰ ਸਾਂਝਾ ਕਰਦੇ ਹੋਏ ਦੱਸਦੇ ਹਨ ਕਿ ਇੱਥੇ ਆ ਕੇ ਉਹਨਾਂ ਨੂੰ ਪ੍ਰੇਰਨਾ ਮਿਲਦੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਭਾਈ ਜੈਤਾ ਜੀ ਨੇ ਸ਼ਹਾਦਤ ਦਿੱਤੀ ਅਤੇ ਗੁਰੂ ਸਾਹਿਬ ਦਾ ਸੀਸ ਦਿੱਲੀ ਦੇ ਚਾਂਦਨੀ ਚੌਂਕ ਤੋਂ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਤੱਕ ਲੈ ਕੇ ਆਂਦਾ ਜਿੱਥੇ ਗੁਰੂ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਗਿਆ। ਦਰਸ਼ਨਾਰਥੀਆਂ ਦਾ ਇਹ ਕਹਿਣਾ ਹੈ ਕਿ ਪੰਜਾਬ ਸਰਕਾਰ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਵੱਲੋਂ ਕੀਤਾ ਗਿਆ ਉਪਰਾਲਾ ਨੌਜਵਾਨ ਪੀੜੀ ਨੂੰ ਵਿਸ਼ੇਸ਼ ਤੌਰ 'ਤੇ ਪ੍ਰੇਰਿਤ ਕਰਦਾ ਹੈ ਅਤੇ ਆਪਣੇ ਵਿਰਸੇ ਦੇ ਨਾਲ ਜੋੜਦੇ ਹੋਏ ਇਹ ਸਿੱਖਿਅਤ ਵੀ ਕਰਦਾ ਹੈ। ਕੌਮ ਦੇ ਮਹਾਨ ਸ਼ਹੀਦਾਂ ਵੱਲੋਂ ਕਿਸ ਤਰ੍ਹਾਂ ਦੇ ਨਾਲ ਲਾਸਾਨੀ ਸ਼ਹਾਦਤਾਂ ਦਿੱਤੀਆਂ ਗਈਆਂ ਹਨ, ਜਿਨਾਂ ਸਦਕਾ ਅੱਜ ਅਸੀਂ ਸਾਰੇ ਇਸ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ।

## ਗੋਬਿੰਦਪੁਰਾ ਸਕੂਲ ਦੇ ਵਿਦਿਆਰਥੀਆਂ ਦਾ ਫ਼ਤਹਿਗੜ੍ਹ ਸਾਹਿਬ ਤੇ ਹੁਸੈਨੀਵਾਲਾ ਬਾਰਡਰ ਸਥਾਨਾਂ ਲਈ ਵਿੱਦਿਅਕ ਟੂਰ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਅਧੀਨ ਪੀ. ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ (ਬਠਿੰਡਾ) ਵੱਲੋਂ ਗਿਆਰਵੀਂ ਤੇ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਵਿੱਦਿਆ ਨੂੰ ਦਿਲਚਸਪ, ਕਿਰਿਆਤਮਕ ਤੇ ਅਨੁਭਵੀ ਬਨਾਉਣ ਦੇ ਉਦੇਸ਼ ਨਾਲ ਵਿੱਦਿਅਕ ਟੂਰ ਲਾਇਆ ਗਿਆ। ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਟੂਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸੰਬੰਧਤ ਇਤਿਹਾਸਿਕ ਸਥਾਨ ਫਤਹਿਗੜ੍ਹ ਸਾਹਿਬ ਅਤੇ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨਾਲ ਸੰਬੰਧਤ ਦੁੱਖ ਨਿਵਾਰਨ ਗੁਰੂਦੁਆਰਾ ਸਾਹਿਬ ਪਟਿਆਲਾ ਵਿਖੇ ਲਿਜਾਇਆ ਗਿਆ। ਗਾਈਡ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਧਰਮ ਹਿਤ ਦਿੱਤੀ ਅਦੁੱਤੀ-ਸ਼ਹਾਦਤ ਦੀ ਅਮਰ ਯਾਦਗਾਰ, ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਠੰਡਾ ਬੁਰਜ ਮਾਤਾ ਗੁਜਰੀ ਜੀ ਤੇ ਗੁਰੂਦੁਆਰਾ ਜੋਤੀ ਸਰੂਪ ਸਾਹਿਬ ਆਦਿ ਇਤਿਹਾਸਕ ਸਥਾਨਾਂ ਦੀ ਜਾਣਕਾਰੀ ਪ੍ਰਦਾਨ ਕਰਾਈ ਗਈ। ਇਸੇ ਦੌਰਾਨ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਇਤਿਹਾਸ ਨਾਲ ਵੀ ਰੂਬਰੂ ਕਰਵਾਇਆ ਗਿਆ।

ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਟੂਰ ਹੁਸੈਨੀਵਾਲਾ ਬਾਰਡਰ ਜ਼ਿਲ੍ਹਾ ਫਿਰੋਜ਼ਪੁਰ ਲਈ ਆਯੋਜਤ ਕੀਤਾ ਗਿਆ। ਗਾਈਡ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਹੁਸੈਨੀਵਾਲਾ ਬਾਰਡਰ ਦੇ ਸਥਾਨ ਤੇ ਸ਼ਹੀਦਾਂ ਦੀਆਂ ਮੂਰਤੀਆਂ ਵਿਖਾ ਕੇ ਉਨ੍ਹਾਂ ਵਿਚਕਾਰ ਦੇਸ਼ ਪ੍ਰਤੀ ਪ੍ਰੇਮ ਅਤੇ ਸਮਰਪਣ ਦੀ ਭਾਵਨਾ ਨੂੰ ਵਿਕਸਿਤ ਕੀਤਾ ਗਿਆ। ਇਸ ਦੇ ਨਾਲ ਇਤਿਹਾਸਿਕ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ 21 ਸਿੱਖ ਸ਼ਹੀਦਾਂ ਦੁਆਰਾ ਲੜੀ ਗਈ ਅਦਭੁਤ ਜੰਗ ਸਬੰਧੀ ਮਿਊਜ਼ੀਅਮ ਦਿਖਾਇਆ ਗਿਆ ਅਤੇ ਇਸ ਵਾਰ ਸਬੰਧੀ ਇੱਕ ਫਿਲਮ ਵੀ ਵਿਖਾਈ ਗਈ।

ਪ੍ਰਿੰਸੀਪਲ ਬੇਗਾ ਨੇ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਦੇ ਟੂਰ ਸਮੇਂ ਵਿਦਿਆਰਥੀਆਂ ਨਾਲ ਉਨ੍ਹਾਂ ਦੇ ਇੰਚਾਰਜ ਅਤੇ ਗਾਈਡ ਅਧਿਆਪਕ ਮਨਜੋਤ ਕੌਰ ਲੈਕ. ਅੰਗਰੇਜ਼ੀ, ਡਾ. ਰਣਜੋਧ ਸਿੰਘ ਲੈਕ. ਅਰਥਸ਼ਾਸਤਰ, ਵਿਪਨ ਕੁਮਾਰ ਗਣਿਤ ਮਾਸਟਰ ਤੇ ਰਾਜਪ੍ਰੀਤ ਕੌਰ ਵੋਕੇਸ਼ਨਲ ਟ੍ਰੇਨਰ ਸ਼ਾਮਲ ਸਨ, ਜਦੋਂਕਿ ਹੁਸੈਨੀਵਾਲਾ ਟੂਰ ਦੇ ਆਯੋਜਨ ਲਈ ਇੰਚਾਰਜ ਅਤੇ ਗਾਈਡ ਅਧਿਆਪਕ ਚਮਕੌਰ ਸਿੰਘ ਲੈਕ. ਰਾਜਨੀਤੀ ਸ਼ਾਸਤਰ, ਗਲੋਰੀ ਲੈਕ. ਗਣਿਤ, ਸੁਖਵਿੰਦਰ ਕੌਰ ਲੈਕ. ਪੰਜਾਬੀ ਤੇ ਅੰਮ੍ਰਿਤਪਾਲ ਸਿੰਘ ਵੋਕੇਸ਼ਨਲ ਟ੍ਰੇਨਰ ਨੇ ਡਿਊਟੀ ਨਿਭਾਈ। ਟੂਰ ਦੌਰਾਨ ਸਮੂਹ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

## ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਕਣਕ ਦਾ ਮੁਫ਼ਤ ਬੀਜ ਵੰਡਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਮੁਫਤ ਤੇ ਦੋ ਹੈਕਟੇਅਰ ਤੱਕ ਰਿਆਇਤੀ ਭਾਅ ਤੇ ਬੀਜ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਤਹਿਤ ਲੋੜਵੰਦ ਕਿਸਾਨਾਂ ਨੂੰ ਮੁਫ਼ਤ ਬੀਜ ਵੰਡਿਆ ਗਿਆ।ਖੇਤੀ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਅਫ਼ਸਰ ਸਤੀਸ਼ ਕੁਮਾਰ ਦੀ ਅਗਵਾਈ ਵਿੱਚ ਹਲਕਾ ਸ਼ੁਤਰਾਣਾ ਦੇ ਬਾਦਸ਼ਾਹਪੁਰ, ਸਾਧ ਮਾਜਰਾ, ਹਰਚੰਦਪੁਰ ਤੇ ਗੁਲਾਹੜ ਆਦਿ ਪਿੰਡਾਂ ਦੇ ਹੜ੍ਹ ਪ੍ਰਭਾਵਤ ਕਿਸਾਨਾਂ ਇੰਦਰਜੀਤ ਸਿੰਘ, ਲਾਭ ਚੰਦ, ਮਹਿੰਦਰ ਸਿੰਘ, ਜਨਪਾਲ ਸਿੰਘ, ਦਲਜੀਤ ਸਿੰਘ, ਬਲਵਿੰਦਰ ਸਿੰਘ ਆਦਿ ਨੂੰ ਪਾਤੜਾਂ ਵਿਖੇ ਮੁਫਤ ਕਣਕ ਦੀਆਂ ਮਿਆਰੀ ਕਿਸਮਾਂ ਦਾ ਬੀਜ ਵੰਡਿਆ ਗਿਆ। ਖੇਤੀਬਾੜੀ ਵਿਭਾਗ ਅਧਿਕਾਰੀਆਂ ਵੱਲੋਂ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਬੀਜ ਦੇਣ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਪੋਰਟਲ ਐਗਰੀ ਮਸੀਨਰੀ ਪੀਬੀ ਉਪਰ ਪਹਿਲਾਂ ਰਜਿਸਟ੍ਰੇਸ਼ਨ ਕੀਤੀ ਗਈ ਤਾਂ ਜੁ ਕੋਈ ਵੀ ਕਿਸਾਨ ਬੀਜ ਤੋਂ ਵਾਂਝਾ ਨਾ ਰਹਿ ਸਕੇ।ਉਨ੍ਹਾਂ ਵੱਲੋਂ ਅਪੀਲ ਕੀਤੀ ਗਈ ਕਿ ਜੇ ਕੋਈ ਕਿਸਾਨ ਬੀਜ ਲੈਣ ਤੋਂ ਰਹਿ ਗਿਆ ਹੈ ਤਾਂ ਉਹ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ।

## ਸ਼ੈਲੀ ਸ਼ਰਮਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਲੌਂਗੋਵਾਲ (ਪ੍ਰਦੀਪ ਸੱਪਲ)** ਫੂਡ ਸਪਲਾਈ ਵਿਭਾਗ ਦੇ ਸਾਬਕਾ ਇੰਸਪੈਕਟਰ ਰਾਜ ਕੁਮਾਰ ਸ਼ਰਮਾ ਲੌਂਗੋਵਾਲ ਤੇ ਮਾਸਟਰ ਨਰਿੰਦਰ ਸ਼ਰਮਾ ਲੌਂਗੋਵਾਲ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੇ ਵੱਡੇ ਭਰਾ ਸ਼ੈਲੀ ਸ਼ਰਮਾ ਦਾ ਦਿਹਾਂਤ ਹੋ ਗਿਆ।ਇਸ ਅਚਾਨਕ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ, ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ, ਕਾਂਗਰਸ ਦੇ ਮੀਤ ਪ੍ਰਧਾਨ ਬੁੱਧ ਰਾਮ, ਸ਼੍ਰੋਮਣੀ ਅਕਾਲੀ ਦਲ (ਅ) ਦੇ ਅਮਰਜੀਤ ਸਿੰਘ ਗਿੱਲ, ਮੇਲਾ ਸਿੰਘ ਸੂਬੇਦਾਰ, ਮੰਗਤ ਰਾਏ ਮੰਗੂ, ਭਾਜਪਾ ਦੇ ਪ੍ਰਧਾਨ ਰਤਨ ਕੁਮਾਰ ਮੰਗੂ, ਸੋਨੂੰ-ਮੋਨੂੰ, ਨਿਟੂ ਸ਼ਰਮਾ, ਵਿਜੇ ਗੋਇਲ, ਕਾਲਾ ਮਿੱਤਲ, ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ, ਸ਼ਹਿਰੀ ਪ੍ਰਧਾਨ ਵਿੱਕੀ ਵਸ਼ਿਸ਼ਟ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਸੁਖਪਾਲ ਬਾਜਵਾ, ਗੁਰਜੰਟ ਖਾਂ, ਹਰਮੇਸ਼ ਸ਼ਰਮਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## 517 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫ਼ਤਾਰ, ਮਾਮਲਾ ਦਰਜ

**ਫਿਰੋਜ਼ਪੁਰ, (ਅਸ਼ੋਕ ਸ਼ਰਮਾ)** ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਐੱਸਐੱਸਪੀ ਫਿਰੋਜ਼ਪੁਰ ਭੁਪਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗਸ਼ਤ ਤੇ ਚੈਕਿੰਗ ਦੌਰਾਨ ਦੋ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 517 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਨੇ ਉਕਤ ਦੋਸ਼ੀਅਨ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ। ਥਾਣਾ ਸਦਰ ਫਿਰੋਜ਼ਪੁਰ ਦੇ ਏਐੱਸਆਈ ਬਲਦੇਵ ਰਾਜ ਨੇ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਨੇ ਪੁਲਿਸ ਪਾਰਟੀ ਨਾਲ ਗਸ਼ਤ ਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਅਧਾਰ 'ਤੇ ਵਿਕਰਮ ਸਿੰਘ ਉਰਫ਼ ਵਿੱਕੀ ਪੁੱਤਰ ਕਿੱਕਰ ਸਿੰਘ ਵਾਸੀ ਝੁੱਗੇ ਛੀਨੇ ਵਾਲੇ ਦਾਖ਼ਲੀ ਚਾਂਦੀ ਵਾਲਾ ਨੂੰ ਰੇਲਵੇ ਲਾਈਨ ਸ਼ਾਂਤੀ ਨਗਰ ਤੋਂ ਗ੍ਰਿਫ਼ਤਾਰ ਕਰਕੇ ਉਸਦੇ ਕਬਜ਼ੇ ਵਿੱਚੋਂ 4 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਏਐੱਸਆਈ ਜੋਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਬੀਤੇ ਦਿਨ ਪੁਲਸ ਪਾਰਟੀ ਨਾਲ ਗਸ਼ਤ ਤੇ ਚੈਕਿੰਗ ਦੌਰਾਨ ਸੂਚਨਾ ਮਿਲੀ ਸੀ ਕਿ ਮਨਪ੍ਰੀਤ ਸਿੰਘ ਉਰਫ਼ ਮੰਨੀ ਪੁੱਤਰ ਸਤਨਾਮ ਸਿੰਘ ਵਾਸੀ ਜੱਲੋਕੇ ਹੈਰੋਇਨ ਵੇਚਣ ਦਾ ਆਦੀ ਹੈ ਅਤੇ ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਨੂੰ ਸ਼ਮਸ਼ਾਨਘਾਟ ਦੇ ਨਜ਼ਦੀਕੋਂ ਹੈਰੋਇਨ ਸਮੇਤ ਕਾਬੂ ਕੀਤਾ ਜਾ ਸਕਦਾ ਹੈ, ਜਿਸ 'ਤੇ ਪੁਲਸ ਨੇ ਛਾਪੇਮਾਰੀ ਕਰਕੇ ਮਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਉਸਦੇ ਕਬਜ਼ੇ ਵਿੱਚੋਂ 513 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

## ਸ਼ਹੀਦਾਂ ਨੂੰ ਯਾਦ ਕਰਦਿਆਂ ਫ਼ਰੀਦਕੋਟ ਪੁਲਸ ਵੱਲੋਂ ਹਥਿਆਰਾਂ ਦੀ ਵਿਸ਼ੇਸ਼ ਪ੍ਰਦਰਸ਼ਨੀ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** ਸ਼ਹੀਦ ਪੁਲਸ ਜਵਾਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਅਤੇ ਨਵੀਂ ਪੀੜ੍ਹੀ ਨੂੰ ਪੁਲਸ ਦੀ ਆਧੁਨਿਕ ਤਿਆਰੀ ਤੋਂ ਜਾਣੂ ਕਰਾਉਣ ਦੇ ਉਦੇਸ਼ ਨਾਲ ਪੁਲਸ ਲਾਈਨ ਵਿਖੇ ਹਥਿਆਰਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਗਈ।ਇਹ ਸਮਾਗਮ 21 ਅਕਤੂਬਰ ਤੋਂ 31 ਅਕਤੂਬਰ ਤੱਕ ਚੱਲ ਰਹੇ ਸ਼ਹੀਦੀ ਯਾਦ ਸਮਾਗਮਾਂ ਦੀ ਲੜੀ ਦਾ ਹਿੱਸਾ ਹੈ।ਪ੍ਰਦਰਸ਼ਨੀ ਦੌਰਾਨ ਪੁਲਿਸ ਵੱਲੋਂ ਵਰਤੇ ਜਾ ਰਹੇ ਆਧੁਨਿਕ ਹਥਿਆਰਾਂ, ਡਰੋਨ ਪ੍ਰਣਾਲੀਆਂ ਅਤੇ ਨਵੀਨਤਮ ਸੁਰੱਖਿਆ ਤਕਨੀਕਾਂ ਬਾਰੇ ਲੋਕਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਡਿਊਟੀਆਂ ਦੌਰਾਨ ਵਰਤੇ ਜਾਣ ਵਾਲੇ ਸੁਰੱਖਿਆ ਉਪਕਰਣਾਂ, ਵਾਹਨਾਂ ਤੇ ਤਕਨੀਕੀ ਸਾਧਨਾਂ ਦੀ ਵਰਤੋਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।ਡਾ. ਪ੍ਰਗਿਆ ਜੈਨ, ਐਸ.ਐਸ.ਪੀ. ਨੇ ਕਿਹਾ ਕਿ ਇਸ ਪ੍ਰਦਰਸ਼ਨੀ ਦਾ ਮੁੱਖ ਮਕਸਦ ਨਾ ਸਿਰਫ ਨਵੀਂ ਪੀੜ੍ਹੀ ਨੂੰ ਪੁਲਸ ਦੀ ਆਧੁਨਿਕ ਤਿਆਰੀ ਤੇ ਸੁਰੱਖਿਆ ਪ੍ਰਣਾਲੀਆਂ ਨਾਲ ਜਾਣੂ ਕਰਾਉਣਾ ਹੈ, ਬਲਕਿ ਉਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਵੀ ਹੈ, ਜਿਨ੍ਹਾਂ ਨੇ ਲੋਕਾਂ ਦੀ ਰੱਖਿਆ ਲਈ ਆਪਣਾ ਜੀਵਨ ਨਿਛਾਵਰ ਕੀਤਾ।

## ਅੱਖਾਂ ਦਾ ਮੁਫਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਅੱਜ



**ਨਾਭਾ (ਵਰਿੰਦਰ ਵਰਮਾ)** ਧੰਨ ਧੰਨ ਬਾਬਾ ਸ੍ਰੀ ਚੰਦ ਜੀ ਅਖਾੜਾ ਘਮੰਡਾ ਦਾਸ ਜੀ ਅਲਾਸ ਬੇਰੀ ਵਾਲਾ ਅੰਮ੍ਰਿਤਸਰ ਸਾਹਿਬ ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ 27 ਅਕਤੂਬਰ ਨੂੰ ਪਿੰਡ ਸੁੱਖੇਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ 10 ਤੋਂ 2 ਵਜੇ ਤੱਕ ਲਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਮੁਕੰਮਲ ਤੌਰ 'ਤੇ ਪੂਰੀਆਂ ਹੋ ਚੁੱਕੀਆਂ ਹਨ। ਪੰਜਾਬ ਪਬਲਿਕ ਸਕੂਲ ਦੇ ਸਾਬਕਾ ਵਿਦਿਆਰਥੀ ਤੇ ਸਾਬਕਾ ਸਰਪੰਚ ਧਰਮਿੰਦਰ ਸਿੰਘ ਸੁੱਖੇਵਾਲ ਨੇ ਦੱਸਿਆ ਕਿ ਸੰਕਾਰਾ ਆਈ ਹਸਪਤਾਲ ਲੁਧਿਆਣਾ ਦੇ ਮਸ਼ਹੂਰ ਡਾਕਟਰ ਕੈਂਪ ਵਿੱਚ ਚੈੱਕਅਪ ਕਰਨ ਉਪਰੰਤ ਮਰੀਜ਼ਾਂ ਦੇ ਅਪ੍ਰੇਸ਼ਨ ਕਰਨਗੇ।ਉਨ੍ਹਾਂ ਦੱਸਿਆ ਕਿ ਸ਼ੂਗਰ ਤੇ ਬੀ.ਪੀ ਦੇ ਟੈਸਟ ਫਰੀ ਕੀਤੇ ਜਾਣਗੇ।ਮੁੱਖ ਪ੍ਰਬੰਧਕ ਧਰਮਿੰਦਰ ਤੇ ਯਾਦਵਿੰਦਰ ਸਿੰਘ ਯਾਦੂ ਨੇ ਦੱਸਿਆ ਕਿ 'ਆਪ' ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਸ੍ਰੀ ਮਹੰਤ ਪ੍ਰਤਾਪ ਦਾਸ ਜੀ ਅੰਮ੍ਰਿਤਸਰ ਵਾਲੇ ਵਿਸ਼ੇਸ਼ ਤੌਰ 'ਤੇ ਇਸ ਵਿਸ਼ਾਲ ਕੈਂਪ 'ਚ ਸ਼ਿਰਕਤ ਕਰਨਗੇ।ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਝਿਜਕ ਦੇ ਸਵੇਰੇ 9 ਤੋਂ 3 ਵਜੇ ਪਹੁੰਚੋ ਤੇ ਆਪਣੇ ਨਾਂਅ ਦਰਜ ਕਰਾਓ।ਐਨਕਾਂ ਸਮੇਤ ਦਵਾਈਆਂ ਵੀ ਫਰੀ ਦਿੱਤੀਆਂ ਜਾਣਗੀਆਂ।ਧਰਮਿੰਦਰ ਸਿੰਘ ਸੁੱਖੇਵਾਲ ਨੇ ਕਿਹਾ ਕਿ ਮਰੀਜ਼ ਆਪਣਾ ਆਧਾਰ ਕਾਰਡ ਤੇ ਫੋਟੋ ਨਾਲ ਜ਼ਰੂਰ ਲੈ ਕੇ ਆਉਣ।ਵਿਧਾਇਕ ਦੇਵ ਮਾਨ ਤੇ ਧਰਮਿੰਦਰ ਸੁੱਖੇਵਾਲ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਇਹ ਹੈ ਕਿ ਰਿਜ਼ਰਵ ਹਲਕੇ ਦੇ ਤੰਦਰੁਸਤ ਲੋਕਾਂ ਦੀ ਸਮੇਂ ਸਿਰ ਜਾਂਚ ਹੋਵੇ ਤਾਂ ਜੁ ਅੱਖਾਂ ਦੀ ਘਟ ਰਹੀ ਰੌਸ਼ਨੀ ਦੇ ਲੱਛਣ ਸ਼ੁਰੂਆਤੀ ਦੌਰ 'ਚ ਹੀ ਪਛਾਣ ਕੇ ਇਲਾਜ ਆਸਾਨੀ ਨਾਲ ਕਰਾਇਆ ਜਾ ਸਕੇ।

## ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਭਲਕ ਤੋਂ ਸ਼ੁਰੂ

**ਸ੍ਰੀ ਮੁਕਤਸਰ ਸਾਹਿਬ ਅਕਤੂਬਰ (ਸ਼ਮਿੰਦਰ ਪਾਲ/ਪੂਜਾ)**-ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਪਰਗਟ ਸਿੰਘ ਜੰਬਰ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ. ਸਿੱਖਿਆ) ਸ੍ਰੀ ਯਾਦਵਿੰਦਰ ਸਿੰਘ ਮਾਨ ਦੀ ਅਗਵਾਈ ਹੇਠ 28 ਅਕਤੂਬਰ ਤੋਂ 30 ਅਕਤੂਬਰ ਤੱਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਣਗੀਆਂ।ਇਹ ਖੇਡਾਂ ਸ੍ਰੀ ਸੁਰਿੰਦਰ ਸਿੰਘ ਜ਼ਿਲ੍ਹਾ ਖੇਡ ਅਫ਼ਸਰ ਦੇ ਸਹਿਯੋਗ ਨਾਲ ਹੋਣਗੀਆਂ।ਜ਼ਿਲ੍ਹਾ ਪ੍ਰਾਇਮਰੀ ਖੇਡਾਂ ਦੇ ਕਨਵੀਨਰ ਜਗਦੀਪ ਸਿੰਘ ਬੀਪੀਈਓ ਮੁਕਤਸਰ ਸਾਹਿਬ ਨੇ ਦੱਸਿਆ ਕਿ ਖੇਡਾਂ ਦੀ ਤਿਆਰੀ ਹੋ ਚੁੱਕੀ ਹੈ।ਖੇਡਾਂ ਦੀ ਸਮਾਂ ਸਾਰਨੀ ਜਾਰੀ ਕਰ ਦਿੱਤੀ ਗਈ ਹੈ। ਖੇਡਾਂ ਸਵੇਰੇ 9 ਵਜੇ ਸ਼ੁਰੂ ਹੋਣਗੀਆਂ।ਸਾਰੇ ਖਿਡਾਰੀਆਂ ਕੋਲ ਸ਼ਨਾਖ਼ਤੀ ਕਾਰਡ ਹੋਣੇ ਚਾਹੀਦੇ ਹਨ।ਖਿਡਾਰੀਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

## ਨਿਵੇਸ਼ ਦੇ ਨਵੇਂ ਮੌਕੇ ਸਿਰਜਣ ਲਈ ਨਿਵੇਸ਼ਕ ਸੰਮੇਲਨ ਕਰਵਾਇਆ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਵਿੱਚ ਜਨਤਕ-ਨਿੱਜੀ ਭਾਈਵਾਲੀ (ਪੀ.ਪੀ.ਪੀ.) ਰਾਹੀਂ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਖੇਤਰ ਦੇ ਬੁਨਿਆਦੀ ਢਾਂਚੇ ਸਬੰਧੀ ਪ੍ਰੋਜੈਕਟਾਂ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਉਦੇਸ਼ ਨਾਲ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਦੀ ਅਗਵਾਈ ਹੇਠ ਚੰਡੀਗੜ੍ਹ ਵਿਖੇ ਨਿਵੇਸ਼ਕ ਸੰਮੇਲਨ ਕਰਵਾਇਆ ਗਿਆ।ਇਸ ਸਮਾਗਮ ਦੌਰਾਨ ਪੀ ਆਈ ਡੀ ਬੀ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਅਧਿਕਾਰੀ, ਸੰਭਾਵੀ ਪ੍ਰੋਜੈਕਟ ਨਿਵੇਸ਼ਕ ਅਤੇ ਡਿਵੈਲਪਰ ਅਤੇ ਟਰਾਂਜੈਕਸ਼ਨ ਐਡਵਾਈਜ਼ਰਾਂ ਸਮੇਤ ਪ੍ਰਮੁੱਖ ਭਾਈਵਾਲਾਂ ਨੇ ਸੰਭਾਵੀ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਪ੍ਰੋਜੈਕਟਾਂ ਦੀ ਰੂਪ-ਰੇਖਾ ਬਾਰੇ ਵਿਚਾਰ-ਚਰਚਾ ਕੀਤੀ। ਇਸ ਦਾ ਉਦੇਸ਼ ਨਿਵੇਸ਼ ਦੇ ਨਵੇਂ ਮੌਕੇ ਪੈਦਾ ਕਰਨਾ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਰਾਹੀਂ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਖੇਤਰ ਵਿੱਚ ਸਥਾਈ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਮੀਟਿੰਗ ਦੌਰਾਨ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਪੀ ਪੀ ਪੀ ਰਾਹੀਂ ਸ਼ੁਰੂ ਕੀਤੇ ਜਾਣ ਵਾਲੇ 6 ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਪ੍ਰੋਜੈਕਟਾਂ ਬਾਰੇ ਪੇਸ਼ਕਾਰੀ ਦਿੱਤੀ ਗਈ ਜਿਸ ਵਿੱਚ ਅੰਮ੍ਰਿਤਸਰ ਵਿਖੇ ਅਰਬਨ ਰੋਪਵੇਅ ਪ੍ਰੋਜੈਕਟ, ਸਰਹਿੰਦ ਦੇ ਆਮ-ਖਾਸ ਬਾਗ ਵਿਖੇ ਵਿਰਾਸਤੀ ਹੋਟਲ, ਰੋਪੜ ਦੇ ਆਮ ਖਾਸ ਬਾਗ ਵਿਖੇ ਪਿੰਕਾਸੀਆ ਟੂਰਿਸਟ ਕੰਪਲੈਕਸ, ਕਪੂਰਥਲਾ ਦੇ ਦਰਬਾਰ ਹਾਲ ਵਿਖੇ ਵਿਰਾਸਤੀ ਹੋਟਲ, ਮੋਹਾਲੀ ਵਿਖੇ ਕਨਵੈਨਸ਼ਨ ਸੈਂਟਰ ਕਮ ਪ੍ਰਦਰਸ਼ਨੀ ਕੇਂਦਰ ਅਤੇ ਲੁਧਿਆਣਾ ਵਿਖੇ ਕਨਵੈਨਸ਼ਨ ਸੈਂਟਰ ਕਮ ਪ੍ਰਦਰਸ਼ਨੀ ਕੇਂਦਰ ਸਬੰਧੀ ਕਾਰਜ ਸ਼ੁਰੂ ਕਰਨਾ ਹੈ।



ਨਿਹਾਲ ਸਿੰਘ ਵਾਲਾ ਦੇ ਮਧੇਕੇ ਰੋਡ ਉੱਪਰ ਕਬਾੜਖਾਨੇ ਨੂੰ ਲੱਗੀ ਭਿਆਨਕ ਅੱਗ 'ਤੇ ਕਾਬੂ ਪਾਉਂਦੇ ਹੋਏ ਫਾਇਰ ਬ੍ਰਿਗੇਡ ਦੇ ਕਰਮਚਾਰੀ, ਨਗਰ ਕੌਂਸਲ ਦੇ ਕਰਮਚਾਰੀ ਅਤੇ ਲੋਕ। ਤਸਵੀਰ : ਲਵਲੀ ਕੁਮਾਰ

## ਪੁੰਨਾਵਾਲ ਦੀ ਡੇਢ ਕਰੋੜ ਨਾਲ ਬਦਲੀ ਨੁਹਾਰ



**ਧੂਰੀ, (ਮਨੋਹਰ ਸਿੰਘ ਸੱਗੂ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਨਾਲ ਲੈਸ ਕਰਨ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ ਉਤੇ ਪਿੰਡਾਂ ਵਿੱਚ ਵਿਕਾਸ ਕਾਰਜ ਅਰੰਭੇ ਹੋਏ ਹਨ।ਇਸੇ ਲੜੀ ਤਹਿਤ ਪਿੰਡ ਪੁੰਨਾਵਾਲ ਵਿੱਚ ਕਰੀਬ 1 ਕਰੋੜ 50 ਲੱਖ ਰੁਪਏ ਨਾਲ ਪਿੰਡ ਵਿੱਚ ਟਿਊਬਵੈਲ, ਸੜਕਾਂ ਤੇ ਗਲੀਆਂ ਦੀ ਉਸਾਰੀ ਤੇ ਪ੍ਰਾਇਮਰੀ ਸਕੂਲ ਵਿੱਚ ਸਕੂਲ ਆਫ਼ ਹੈਪੀਨੈਸ ਵਰਗੀਆਂ ਪਹਿਲਕਦਮੀਆਂ ਨੇ ਪਿੰਡ ਨੂੰ ਨਵੀਂ ਪਛਾਣ ਦਿੱਤੀ ਹੈ। ਪੁੰਨਾਵਾਲ ਪਿੰਡ ਦੇ ਸਰਪੰਚ ਸ੍ਰੀਮਤੀ ਰਾਜ ਰਾਣੀ ਨੇ ਦੱਸਿਆ ਕਿ ਪਿੰਡ ਦੀਆਂ ਗਲੀਆਂ ਵਿੱਚ ਬਲਾਕ ਟਾਈਲ ਲਾਉਣ ਦਾ ਕੰਮ ਚੱਲ ਰਿਹਾ ਹੈ, ਜਦਕਿ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ 25 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹਾਲ, 24 ਲੱਖ ਰੁਪਏ ਨਾਲ ਗਲੀਆਂ ਦੀ ਉਸਾਰੀ, 13 ਲੱਖ ਰੁਪਏ ਨਾਲ ਟਿਊਬਵੈੱਲ, 25 ਲੱਖ ਰੁਪਏ ਨਾਲ ਛੱਪੜ ਦੀ ਉਸਾਰੀ ਸਮੇਤ 40 ਲੱਖ ਰੁਪਏ ਪ੍ਰਾਇਮਰੀ ਸਕੂਲ ਨੂੰ ਸਕੂਲ ਆਫ਼ ਹੈਪੀਨੈਸ ਤਹਿਤ ਮਿਲੇ ਹਨ, ਜਿਸ ਨਾਲ ਸਕੂਲ ਵਿੱਚ ਤਿੰਨ ਹੋਰ ਕਮਰਿਆਂ ਦੀ ਉਸਾਰੀ ਕਰਾਈ ਗਈ ਹੈ।ਉਨ੍ਹਾਂ ਦੱਸਿਆ ਕਿ ਪਿੰਡ ਦੇ ਸ਼ਮਸ਼ਾਨਘਾਟ ਦੀ ਚਾਰਦੀਵਾਰੀ, ਸੈਕੰਡਰੀ ਸਕੂਲ ਦੀ ਚਾਰਦੀਵਾਰੀ ਦੀ ਮੁਰੰਮਤ ਤੋਂ ਇਲਾਵਾ ਪਿੰਡਾਂ ਦੀਆਂ ਸੜਕਾਂ ਅਤੇ ਗਲੀਆਂ ਦੀ ਉਸਾਰੀ ਕਰਾਈ ਗਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੇ ਵਿਕਾਸ ਲਈ ਲਗਾਤਾਰ ਫ਼ੰਡ ਮਿਲਣ ਸਦਕਾ ਪੁੰਨਾਵਾਲ ਦਾ ਵਿਕਾਸ ਤੇਜ਼ੀ ਨਾਲ ਹੋਇਆ ਹੈ ਤੇ ਪਿੰਡ ਵਿੱਚ ਸ਼ਹਿਰ ਵਾਲੀ ਹਰੇਕ ਸਹੂਲਤ ਉਪਲਬਧ ਹੋ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਵੱਲ ਦਿੱਤੀ ਜਾ ਰਹੀ ਵਿਸ਼ੇਸ਼ ਤਵੱਜੋਂ ਲਈ ਧੰਨਵਾਦ ਕਰਦਿਆਂ ਕਿਹਾ ਕਿ ਪਿੰਡਾਂ ਦਾ ਵਿਕਾਸ ਹੋਣ ਨਾਲ ਸੂਬੇ ਦਾ ਵਿਕਾਸ ਵੀ ਤੇਜ਼ੀ ਨਾਲ ਹੋਵੇਗਾ।


### ਕਲਾਸੀਫਾਈਡ ਇਸ਼ਤਿਹਾਰ

### Change of Name

I, Kajal Kaur w/o Lakhwinder Singh r/o VPO. Ghuman, Distt. SBS Nagar have changed my name to Given name as Kajal & Surname as Kaur.

I, Sahil s/o Anil Kumar r/o 46/47, New Rasila Nagar, Basti Danishmanda, Jalandhar have changed my name from Sahil to Sahil Kanjia (Surname as Kanjia)

### ਬੇਦਖਲੀ ਨੋਟਿਸ

ਮੈਂ ਲਖਵਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਵਾੜਾਦਰਾਕਾ (ਫਰੀਦਕੋਟ) ਆਪਣੇ ਲੜਕੇ ਪਵਨਦੀਪ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਹ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਬੁਰੀ ਸੰਗਤ ਦਾ ਸ਼ਿਕਾਰ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ ਉਸ ਨਾਲ ਮੇਰਾ ਜਾਂ ਮੇਰੇ ਪਰਵਾਰ ਦਾ ਕੋਈ ਤਲੱਕ ਵਾਸਤਾ ਨਹੀਂ ਹੈ।

ਅਸੀਂ ਨਿਰਮਲਾ ਪਤਨੀ ਅਜੀਤ ਰਾਮ ਅਤੇ ਅਜੀਤ ਰਾਮ ਪੁੱਤਰ ਮੰਗਤ ਰਾਮ ਵਾਸੀ ਪਿੰਡ ਧੀਣਾਂ ਜਿਲ੍ਹਾ ਜਲੰਧਰ ਇਸ ਨੋਟਿਸ ਰਾਹੀਂ ਆਮ ਜੰਨਤਾਂ ਨੂੰ ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਜਸਵੀਰ ਸਿੰਘ ਉਸਦੀ ਪਤਨੀ ਪੁਸ਼ਪਾ, ਦੂਸਰਾ ਪੁੱਤਰ ਰਾਜਨ ਉਸ ਦੀ ਪਤਨੀ ਸਮੀਤ ਕੌਰ ਸਾਡੇ ਕਹਿਣੇਂ ਕਾਰ ਨਹੀਂ ਹਨ ਅਤੇ ਆਪਣੀ ਮੰਨਮਰਜੀ ਕਰਦੇ ਹਨ। ਲਿਹਾਜਾ ਅਸੀਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦੱਖਲ ਕਰਦੇ ਹਾਂ। ਉਹਨਾਂ ਵਲੋਂ ਕੀਤੇ ਗਏ ਕਿਸੇ ਵੀ ਚੰਗੇ ਮਾੜੇ ਕੰਮ ਕਾਰ ਜਾਂ ਲੈਣ ਦੇਣ ਦੇ ਅਸੀਂ ਤੇ ਸਾਡਾ ਪਰਿਵਾਰ ਜਿਮੇਂਵਾਰ ਨਹੀਂ ਹੋਵਾਂਗੇ।

ਮੈਂ, ਸ਼ਿਵ ਕੁਮਾਰ ਪੁੱਤਰ ਰੋਸ਼ਨ ਲਾਲ, ਵਾਸੀ ਬਾਗ ਕਾਲੋਨੀ, ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੀਸੂ ਗੁਗਲਾਨੀ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

### ਆਮ ਸੂਚਨਾ

ਮੈਂ ਕਾਂਤਾ ਦੇਵੀ ਉਰਫ਼ ਸਰਬਜੀਤ ਕੌਰ ਪਤਨੀ ਮਨਜੀਤ ਰਾਮ ਵਾਸੀ ਲਾਡਬੰਜਾਰਾ ਤਹਿਸੀਲ ਦਿੜ੍ਹਬਾ (ਸੰਗਰੂਰ) ਬਿਆਨ ਕਰਦੀ ਹਾਂ ਕਿ ਮੇਰੇ ਕੁਝ ਕਾਗਜ਼ਾਤਾਂ ਵਿੱਚ ਮੇਰਾ ਨਾਮ ਕਾਂਤਾ ਦੇਵੀ ਅਤੇ ਕੁਝ ਵਿੱਚ ਸਰਬਜੀਤ ਕੌਰ ਦਰਜ ਹੈ। ਇਹ ਦੋਵੇਂ ਨਾਮ ਮੇਰੇ ਇੱਕ ਹੀ ਔਰਤ ਦੇ ਹਨ। ਕੋਈ ਗਲਤ ਬਿਆਨਬਾਜ਼ੀ ਨਹੀਂ ਕੀਤੀ ਗਈ। ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇਗਾ ਤਾਂ ਮੈਂ ਖੁਦ ਜ਼ਿੰਮੇਵਾਰ ਹੋਵਾਂਗੀ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### ਨਿਲਾਮੀ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਚੱਕ ਖੇਲਾ ਬਲਾਕ ਭੂੰਗਾ ਜਿਲ੍ਹਾ ਹੁਸ਼ਿਆਰਪੁਰ ਦੀ ਖੜੇ ਰੁੱਖਾਂ ਦੀ ਬੋਲੀ ਹੋਣੀ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-ਬੋਲੀ 10 ਨਵੰਬਰ 25 ਨੂੰ ਦੁਪਹਿਰ 12 ਵਜੇ ਪਿੰਡ ਦੇ ਸਕੂਲ ਵਿੱਖੇ ਹੋਵੇਗੀ। ਬੂਟੇ ਇਸ ਪ੍ਰਕਾਰ ਹਨ ਜਿੰਨਾ ਵਿੱਚ 102 ਬੂਟਿਆਂ ਦੀ ਨਿਲਾਮੀ ਹੋਵੇਗੀਜਿੰਨਾ ਵਿੱਚ 9 ਡੇਕਾਂ,75ਬੂਟੇ ਸਫੈਦੇ ਦੇ, ਪਾਪੂਲਰ ਦੇ 6 ਬੂਟੇ, ਰਜੇਂਨ ਦੇ 6 ਬੂਟੇ ਹਨ ਚਾਹਵਾਨ ਵਿਅਕਤੀ ਬਣਦੀ ਰਕਮ ਦਾ ਚੌਥਾ ਹਿੱਸਾ ਮੌਕੇ ਤੇ ਜਮਾ ਕਰਵਾਉਣਾ ਜਰੂਰੀ ਹੈ।

ਸਰਪੰਚ ਚੱਕ ਖੇਲਾ

### COURT NOTICE

(U/o 5 Rule 20 CPC)
In The Court of
Ms. Navneet Kaur
Civil Judge (Junior Division)
Ludhiana

Next Date, Purpose of Case, Orders and Judgments as well as other case information is available on http://ecourts.gov.in

CNR No. PBLD02-012457-2024
Next Date :18.11.2025

Surinder Pal Singh
Vs
Sukhwinder Kaur

Publication Issued To:
Sukhwinder Kaur
Spouse : Sukhdev Singh
R/o Bhainiala, Ludhiana, Sri Bhaini Sahib, District Ludhiana-141126

2. Malkit Singh S/o Pyara Singh R/o Bhainiala, Ludhiana, Sri Bhaini Sahib, District Ludhiana-141126

3. Paramjit Singh S/o Pyara Singh, R/o Bhainiala, Ludhiana, Sri Bhaini Sahib, District Ludhiana-141126.

Alternative Address : Village Macchian Kalan, District Ludhiana.

Whereas it has been proved to the satisfaction of the court that the defendant(S)/respondent(s) above named cannot be served in the ordinary way of service. Hence this proclamation Under order 5 Rule 20 CPC is hereby issued against him/them and should appear personally or through their counsel on 18.11.2025 at 10.00 A.M.

Take notice that, in default of his/their appearance on the day above before mentioned, the above said case will be heard and determined in his/their absence according to law.

Given under my hand and the seal of the court, this 18-10-2025

Civil Judge (Junior Division)
Ludhiana

## ਡਾ. ਤਰੁਨਜੀਤ ਸਿੰਘ ਬੁਤਾਲੀਆ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ

ਚੰਡੀਗੜ੍ਹ (ਗੁਰਜੀਤ ਬਿੱਲਾ)- ਰਿਲੀਜਨਜ਼ ਫਾਰ ਪੀਸ ਅਮਰੀਕਾ ਦੇ ਕਾਰਜਕਾਰੀ ਨਿਰਦੇਸ਼ਕ ਡਾ. ਤਰੁਨਜੀਤ ਸਿੰਘ ਬੁਤਾਲੀਆ ਨੂੰ ਮਿਨਹਾਜ ਯੂਨੀਵਰਸਿਟੀ, ਲਾਹੌਰ ਵਿਖੇ ਆਯੋਜਿਤ ਅੰਤਰ-ਧਰਮ ਸਦਭਾਵਨਾ ਅਤੇ ਸਿੱਖ ਵਿਰਾਸਤ ਦੀ ਸੰਭਾਲ ਪ੍ਰਤੀ ਉਨ੍ਹਾਂ ਦੀ ਜੀਵਨ ਭਰ ਦੀ ਵਚਨਬੱਧਤਾ ਦੇ ਸਨਮਾਨ ਵਿੱਚ ਜੀਵਨ ਭਰ ਦੀ ਪ੍ਰਾਪਤੀ (ਲਾਈਫਟਾਈਮ ਅਚੀਵਮੈਂਟ) ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਹੈਰਿਹ ਪੁਰਸਕਾਰ ਵਿਸ਼ਵ ਧਰਮਾਂ ਦੇ 8ਵੀਂ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਪੇਸ਼ ਕੀਤਾ ਗਿਆ ਜਿੱਥੇ ਮਿਨਹਾਜ ਯੂਨੀਵਰਸਿਟੀ ਦੇ ਚੇਅਰਮੈਨ ਡਾ. ਹੁਸੈਨ ਕਾਦਰੀ ਅਤੇ ਵਾਈਸ-ਚਾਂਸਲਰ ਡਾ. ਐਸ.ਐਮ. ਸ਼ਹਿਜ਼ਾਦ ਨੇ ਡਾ. ਬੁਤਾਲੀਆ ਨੂੰ ਸਨਮਾਨਤ ਕੀਤਾ। ਸਮਾਰੋਹ ਵਿੱਚ ਕ੍ਰਿਸ਼ਚੀਅਨ ਸਟੱਡੀ ਸੈਂਟਰ, ਰਾਵਲਪਿੰਡੀ ਦੇ ਡਾਇਰੈਕਟਰ ਬਿਸ਼ਪ ਸੈਮੂਅਲ ਰਾਬਰਟ ਅਜ਼ਾਰੀਆ ਨੂੰ ਵੀ ਰਾਸ਼ਟਰੀ ਲਾਈਫਟਾਈਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵਿਸ਼ਵ ਪੱਧਰੀ ਇਸ ਕਾਨਫਰੰਸ ਨੇ 'ਲਚਕੀਲੇ ਸਮਾਜਾਂ ਦਾ ਨਿਰਮਾਣ : ਕੱਟੜਤਾ ਨੂੰ ਜੜ੍ਹਾਂ ਤੋਂ ਰੋਕਣਾ' ਵਿਸ਼ੇ ਹੇਠ



ਪ੍ਰਮੁੱਖ ਧਾਰਮਿਕ ਵਿਦਵਾਨਾਂ ਅਤੇ ਵਿਸ਼ਵਵਿਆਪੀ ਧਾਰਮਿਕ ਸ਼ਖਸੀਅਤਾਂ ਨੂੰ ਇਕੱਠਾ ਕੀਤਾ। ਦੋ ਦਿਨਾਂ ਦੇ ਵਿਚਾਰ-ਵਟਾਂਦਰੇ ਦੌਰਾਨ ਵਧ ਰਹੇ ਧਰੁਵੀਕਰਨ ਅਤੇ ਅਸਹਿਣਸ਼ੀਲਤਾ ਦੇ ਯੁੱਗ ਵਿੱਚ ਅੰਤਰ-ਧਰਮ ਸੰਵਾਦ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਕੀਤਾ ਗਿਆ।ਪੁਰਸਕਾਰ ਪ੍ਰਾਪਤ ਕਰਨ ਉਪਰੰਤ ਡਾ. ਬੁਤਾਲੀਆ ਨੇ ਯੂਨੀਵਰਸਿਟੀ ਅਤੇ ਕਾਨਫਰੰਸ ਆਯੋਜਕਾਂ ਦਾ ਧੰਨਵਾਦ ਕਰਦਿਆਂ ਇਸ ਪੁਰਸਕਾਰ ਨੂੰ ਦੁਨੀਆ ਭਰ ਵਿੱਚ ਅੰਤਰ-ਧਰਮ ਸਹਿਯੋਗ ਨੂੰ ਅੱਗੇ ਵਧਾਉਣ ਵਾਲਿਆਂ ਦੇ ਸਮੂਹਿਕ ਯਤਨਾਂ ਲਈ ਹੌਸਲਾ ਅਫਜ਼ਾਈ ਦੱਸਿਆ। ਉਨ੍ਹਾਂ ਨੇ ਵੱਖ-ਵੱਖ ਭਾਈਚਾਰਿਆਂ ਵਿੱਚ ਪਈਆਂ ਵੰਡਾਂ ਨੂੰ ਦਰੁਸਤ ਕਰਨ ਅਤੇ ਆਪਸੀ ਸਤਿਕਾਰ-ਸਹਿਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਦੁਵੱਲੇ ਸੰਵਾਦ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ।ਇਸ ਸਮਾਗਮ ਵਿੱਚ ਡਾ. ਬੁਤਾਲੀਆ ਵੱਲੋਂ ਸ਼ਾਂਤੀ ਦੇ ਇੱਕ ਵਿਸ਼ਵਵਿਆਪੀ ਰਾਜਦੂਤ, ਸਹਿਯੋਗਾਂ ਦੇ ਨਿਰਮਾਤਾ ਵਜੋਂ ਸਥਾਈ ਪ੍ਰਭਾਵ ਪਾਉਣ ਅਤੇ ਅੰਤਰ-ਧਰਮ ਲੀਡਰਸ਼ਿਪ ਦੇ ਖੇਤਰ ਵਿੱਚ ਉਨ੍ਹਾਂ ਦੇ ਵਿਲੱਖਣ ਸਥਾਨ ਦੀ ਸਰਾਹਨਾ ਕੀਤੀ।

## ਛਿੰਞ ਮੇਲਾ 30,31 ਨੂੰ, ਕਮੇਟੀ ਨੇ ਪੋਸਟਰ ਕੀਤਾ ਰਿਲੀਜ਼



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿਹਦੀ)- ਬਲਾਕ ਦੇ ਨਾਮਵਰ ਪਿੰਡ ਅੰਗਮਪੁਰ ਵਿਚ ਲਖ ਦਾਤਾ ਪੀਰ ਜੀ ਤੇ ਸਿਧ ਚਾਨੋ ਦਾ 51ਵਾਂ ਛਿੰਞ ਮੇਲਾ 30,31 ਅਕਤੂਬਰ ਨੂੰ ਸਰਕਾਰੀ ਹਾਈ ਸਕੂਲ ਦੀ ਗਰਾਊਂਡ ਵਿਚ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ 26 ਅਕਤੂਬਰ ਨੂੰ ਛਿੰਞ ਕਮੇਟੀ ਵਲੋਂ ਪੋਸਟਰ ਰਿਲੀਜ਼ ਕੀਤਾ ਗਿਆ। ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਦੋ ਦਿਨਾਂ ਛਿੰਞ ਮੇਲੇ ਵਿਚ ਸਿਧੀ ਫਾਈਨਲ ਕੁਸ਼ਤੀ ਮਿਰਜਾ ਇਰਾਨ ਤੇ ਪਰਿਤਪਾਲ ਫਗਵਾੜਾ ਵਿਚਕਾਰ ਹੋਵੇਗੀ ਜੋ ਕਿ 1 ਲੱਖ 71000 ਰੁਪਏ ਦੀ ਹੈ ਜਦਕਿ ਦੂਜੀ ਕੁਸ਼ਤੀ ਰੂਬਲ ਖੰਨਾ ਤੇ ਗੋਰਵ ਮਾਛੀਵਾੜਾ ਵਿਚਕਾਰ 1 ਲੱਖ 1000 ਰੁਪਏ ਲਈ ਹੋਵੇਗੀ। ਇਸੇ ਤਰ੍ਹਾਂ ਤੀਜੀ ਕੁਸ਼ਤੀ ਵਿਸ਼ਾਲ ਮੁਕਾਰੀ ਤੇ ਦੀਪਾ ਮੁਲਾਂਪੁਰ ਵਿਚਕਾਰ 25000 ਰੁਪਏ ਲਈ ਹੋਵੇਗੀ। ਇਸ ਮੌਕੇ ਸਤਵੀਰ ਸਿੰਘ ਰਾਣਾ, ਰਣ ਬਹਾਦਰ ਸਿੰਘ, ਰਾਮ ਕੁਮਾਰ, ਕੁਲਭੂਸ਼ਣ ਰਾਣਾ, ਸੁਰਿੰਦਰ ਸ਼ਾਹ, ਤਲਵਿੰਦਰ ਸਿੰਘ ਪਪੂ, ਕਿਰਨਦੀਪ ਸਿੰਘ ਬਬਲੂ, ਠਾਕੁਰ ਰਾਣਾ ਪੰਚ, ਦਵਿੰਦਰ ਵਰਮਾ, ਗੋਪਾਲ ਰਾਣਾ, ਪਰਮਜੀਤ ਸਿੰਘ, ਸੰਜੀਵ ਕੁਮਾਰ ਆਦਿ ਹਾਜਰ ਸਨ।

## ਸੰਤ ਨਾਮਦੇਵ ਦਾ ਜੀਵਨ ਪ੍ਰੇਮ, ਭਗਤੀ ਤੇ ਸਮਾਨਤਾ ਦਾ ਪ੍ਰਤੀਕ : ਮੁੱਖ ਮੰਤਰੀ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਸਰਕਾਰ ਵੱਲੋਂ ਸੰਤਾਂ ਤੇ ਮਹਾਂਪੁਰਖਾਂ ਦੇ ਉਪਦੇਸ਼ਾਂ ਨੂੰ ਜਨ-ਜਨ ਤੱਕ ਪਹੁੰਚਾਉਣ ਦੇ ਟੀਚੇ ਨਾਲ ਚਲਾਈ ਜਾ ਰਹੀ ਸੰਤ-ਮਹਾਂਪੁਰਖ ਵਿਚਾਰ ਸਨਮਾਨ ਅਤੇ ਪ੍ਰਸਾਰ ਯੋਜਨਾ ਤਹਿਤ 26 ਅਕਤੂਬਰ ਨੂੰ ਹਿਸਾਰ ਵਿੱਚ ਸੰਤ ਨਾਮਦੇਵ ਜੀ ਮਹਾਰਾਜ ਰਾਜ ਪੱਧਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਗੁਰੂ ਜੰਭੇਸ਼ਵਰ ਯੂਨੀਵਰਸਿਟੀ ਆਫ਼ ਸਾਇੰਸ ਐਂਡ ਤਕਨਾਲੋਜੀ ਦੇ ਅਹਾਤੇ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਮੁੱਖ ਮੰਤਰੀ ਨੇ ਸੰਤ ਨਾਮਦੇਵ ਜੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਜੀਵਨ ਪ੍ਰੇਮ, ਭਗਤੀ ਅਤੇ ਸਮਾਨਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਆਪਕ ਭੇਦਭਾਵ, ਛੁਆਛੂਤ ਅਤੇ ਅਸਮਾਨਤਾ ਨੂੰ ਮਿਟਾ ਕੇ ਮਨੁੱਖਤਾ ਨੂੰ ਏਕਤਾ ਦੇ ਸੂਤਰ ਵਿੱਚ ਪਿਰੋਣ ਦਾ ਕੰਮ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸਮਾਜ ਦੀ ਮੰਗ ਅਨੁਸਾਰ ਸੂਬੇ ਵਿੱਚ ਕਿਸੇ ਇੱਕ ਸਰਕਾਰੀ ਸੰਸਥਾਨ ਦਾ ਨਾਮ ਸੰਤ ਨਾਮਦੇਵ ਜੀ ਮਹਾਰਾਜ ਦੇ ਨਾਂਅ 'ਤੇ ਰਖਣ ਦਾ ਐਲਾਨ ਕੀਤਾ। ਇਸ ਦੇ ਇਲਾਵਾ, ਸਮਾਜ ਦੀ ਵੱਖ-ਵੱਖ ਧਰਮਸ਼ਾਲਾਵਾਂ ਦੇ ਰੱਖ ਰਖਾਓ ਅਤੇ ਸੋਲਰ ਪੈਨਲ ਲਗਾਉਣ ਲਈ 51 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਭਿਵਾਨੀ, ਪਾਣੀਪਤ ਅਤੇ ਨਾਰਨੌਲ ਵਿੱਚ ਸਮਾਜ ਵੱਲੋਂ ਜ਼ਮੀਨ ਲਈ ਅਰਜ਼ੀ ਕਰਨ 'ਤੇ ਨਿਯਮ ਅਨੁਸਾਰ ਭੂਮੀ ਮੁਹੱਈਆ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਦੇ ਇਲਾਵਾ ਸਮਾਜ ਵੱਲੋਂ ਦਿੱਤੀ ਗਈ ਹੋਰ ਮੰਗਾਂ ਨੂੰ ਸਬੰਧਿਤ ਵਿਭਾਗਾਂ ਨੂੰ ਭੇਜ ਕੇ ਪੂਰਾ ਕਰਵਾਉਣ ਦਾ ਕੰਮ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਸਦਭਾਵਨਾ, ਸਮਾਨ ਵਿਕਾਸ, ਸਮਰਸਤਾ ਨਾਲ ਅਜਿਹੇ ਬਦਲਾਅ ਕੀਤੇ ਹਨ ਜਿਸ ਨਾਲ ਆਮ ਨਾਗਰਿਕ ਦਾ ਜੀਵਨ ਵੱਧ ਸਰਲ, ਸੁਗਮ ਅਤੇ ਸੁਰੱਖਿਅਤ ਹੋਇਆ ਹੈ। ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਲੈਣ ਲਈ ਦਫ਼ਤਰਾਂ ਦੇ ਚੱਕਰ ਕੱਟਣ ਦੀ ਲੋੜ ਨਹੀਂ ਪੈਂਦੀ। ਅੱਜ ਹਰਿਆਣਾ ਵਿੱਚ ਆਮ ਆਦਮੀ ਦੀ ਆਸ ਅਤੇ ਇੱਛਾਵਾਂ ਪੂਰੀ ਹੋ ਰਹੀਆਂ ਹਨ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸਰਕਾਰ ਦਾ ਪਹਿਲਾ ਅਤੇ ਪ੍ਰਮੁੱਖ ਟੀਚਾ ਸਮਾਜ ਦੇ ਸਭ ਤੋਂ ਗਰੀਬ ਵਿਅਕਤੀ ਦੇ ਜੀਵਨ ਪੱਧਰ ਨੂੰ ਉੱਚਾ ਚੁਕਣਾ ਹੈ ਤਾਂ ਜੋ ਵਿਕਾਸ ਦਾ ਲਾਭ ਅੰਤਮ ਵਿਅਕਤੀ ਤੱਕ ਪਹੁੰਚੇ। ਮੁੱਖ ਮੰਤਰੀ ਨੇ ਕਿਹਾ ਕਿ ਮਹਾਂਪੁਰਖਾਂ ਨੇ ਜੋ ਸਮਾਨਤਾ ਦਾ ਸੰਦੇਸ਼ ਦਿੱਤਾ ਹੈ ਉਸ ਨੂੰ ਪੂਰਾ ਕਰਨ ਲਈ ਸਰਕਾਰ ਨੇ ਕਈ ਅਜਿਹੀ ਯੋਜਨਾਵਾਂ ਬਣਾਈ ਗਈਆਂ ਹਨ ਜਿਸ ਨਾਲ ਗਰੀਬ ਤੋਂ ਗਰੀਬ ਵਿਅਕਤੀ ਦਾ ਜੀਵਨ ਪੱਧਰ ਉੱਚਾ ਉੱਠ ਸਕੇ। ਰਾਜ ਸਰਕਾਰ ਪੰਡਿਤ ਦੀਨਦਿਆਲ ਉਪਾਧਿਆਏ ਦੇ ਅੰਤਯੋਦਿਆ ਦੇ ਦਰਸ਼ਨ 'ਤੇ ਚਲਦੇ ਹੋਏ ਅੰਤਯੋਦਿਆ ਮੁਹਿਮ ਵਿੱਚ ਉਨ੍ਹਾਂ ਪਰਵਾਰਾ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰ ਰਹੀ ਹੈ ਜੋ ਕਿਨ੍ਹਾਂ ਕਾਰਣਾਂ ਨਾਲ ਪਿਛੜ ਰਹ ਗਏ। ਮੁੱਖ ਮੰਤਰੀ ਨੇ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ 2014 ਤੋਂ ਪਹਿਲਾਂ ਕਮਿਸ਼ਨ ਹੀ ਨਹੀਂ ਸੀ। ਉਸ ਸਮੇਂ ਦੀ ਸਰਕਾਰ ਓ ਬੀ ਸੀ ਸਮਾਜ ਨੂੰ ਸਿਰਫ਼ ਵੋਟ ਬੈਂਕ ਦੇ ਰੂਪ ਵਿੱਚ ਇਸਤੇਮਾਲ ਕਰਦੀ ਸੀ ਪਰ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰ ਕਦੇ ਨਹੀਂ ਮਿਲੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓ ਬੀ ਸੀ ਕਮੀਸ਼ਨ ਬਣਾ ਕੇ ਓ ਬੀ ਸੀ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਦੇਣ ਦਾ ਕੰਮ ਕੀਤਾ ਹੈ।

## 42 ਲੱਖ ਦੀ ਲਾਗਤ ਨਾਲ ਬਣੇਗੀ ਬਹਾਦਰਪੁਰ ਤੋਂ ਬਸੀ ਗੁਲਾਮ ਹੁਸੈਨ ਨੂੰ ਜਾਣ ਵਾਲੀ ਸੜਕ : ਜਿੰਪਾ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਵਿਕਾਸ ਕਾਰਜਾਂ ਨੂੰ ਗਤੀ ਦਿੰਦੇ ਹੋਏ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ 26 ਅਕਤੂਬਰ ਨੂੰ ਅਲਮਾਰੀ ਵਾਲੇ ਚੌਂਕ ਬਹਾਦਰਪੁਰ ਵਿਖੇ ਬਹਾਦਰਪੁਰ ਤੋਂ ਨਰਾਇਣ ਨਗਰ ਹੁੰਦੇ ਹੋਏ ਬਸੀ ਗੁਲਾਮ ਹੁਸੈਨ ਤੱਕ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਦੱਸਿਆ ਕਿ ਕਰੀਬ 42 ਲੱਖ ਰੁਪਏ ਦੀ ਲਾਗਤ ਨਾਲ ਇਹ ਸੜਕ ਤਿਆਰ ਕੀਤੀ ਜਾਵੇਗੀ ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਆਉਣ-ਜਾਣ ਵਿਚ ਵੱਡੀ ਸੁਵਿਧਾ ਮਿਲੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਸੜਕ ਦਾ ਨਿਰਮਾਣ ਕਾਰਜ ਪੂਰੀ ਗੁਣਵੱਤਾ ਅਤੇ ਪਾਰਦਰਸ਼ਤਾ ਨਾਲ ਕੀਤਾ ਜਾਵੇਗਾ ਅਤੇ ਕੰਮ ਵਿਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰਾਜ ਦੇ ਹਰ ਹਲਕੇ ਵਿਚ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦੇ ਰਹੀ ਹੈ। ਲੋਕਾਂ ਦੀ ਸਹੂਲਤ ਲਈ ਅਧੂਰੇ ਪ੍ਰੋਜੈਕਟ ਪੂਰੇ ਕੀਤਾ ਜਾ ਰਹੇ ਹਨ ਅਤੇ ਨਵੇਂ ਪ੍ਰੋਜੈਕਟ ਵੀ ਤੇਜ਼ੀ ਨਾਲ ਸ਼ੁਰੂ ਕੀਤੇ ਜਾ ਰਹੇ ਹਨ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਜੋਗਿੰਦਰ ਰਾਜਾ, ਸੁਮੇਸ਼ ਸੋਨੀ, ਵਰਿੰਦਰ ਵੈਦ, ਸੁਰਿੰਦਰ ਭੋਗਲ, ਰਾਕੇਸ਼ ਕੁਮਾਰ ਬਿੱਲਾ, ਹਰਮਿੰਦਰ ਸਿੰਘ ਗੋਪੀ ਅਤੇ ਅਵਤਾਰ ਸਿੰਘ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।

## ਹੜ੍ਹਾਂ, ਬਾਰਸ਼ਾਂ ਕਾਰਨ ਡਿੱਗੇ ਘਰਾਂ ਲਈ ਮੁਆਵਜ਼ਾ ਦੇਣ ਦੀ ਮੰਗ

ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਹੜ੍ਹਾਂ ਤੇ ਬਾਰਸ਼ਾਂ ਕਾਰਨ ਹੋਏ ਲੋਕਾਂ ਦੇ ਭਾਰੀ ਨੁਕਸਾਨ ਦੀ ਭਰਪਾਈ ਲਈ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਦੇਣ ਸਬੰਧੀ ਮੁੱਖ ਮੰਤਰੀ ਪੰਜਾਬ ਦੁਆਰਾ ਹੜ੍ਹਾਂ ਤੇ ਬਾਰਿਸ਼ਾਂ ਨਾਲ ਡਿੱਗੇ ਘਰਾਂ ਲਈ 1 ਲੱਖ 20 ਹਜ਼ਾਰ ਅਤੇ ਨੁਕਸਾਨੇ ਗਏ ਘਰਾਂ ਲਈ 40 ਹਜ਼ਾਰ ਰੁਪਏ ਦੇਣ ਦੇ ਕੀਤੇ ਐਲਾਨ ਉੱਤੇ ਫੌਰੀ ਅਮਲ ਕਰੇ। ਹੜ੍ਹਾਂ ਅਤੇ ਬਾਰਸ਼ਾਂ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਸਰਵੇਖਣ ਦੇ ਨਾਂਅ ਉੱਤੇ ਪ੍ਰਭਾਵਿਤ ਲੋਕਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਅਤੇ ਜਿਨ੍ਹਾਂ ਪਿੰਡਾਂ ਵਿੱਚ ਹੜ੍ਹਾਂ ਅਤੇ ਬਰਸਾਤਾਂ ਨਾਲ ਨੁਕਸਾਨ ਹੋਇਆ ਹੈ ਜਿਨ੍ਹਾਂ ਦੇ ਘਰਾਂ ਦੀਆਂ ਛੱਤਾਂ ਘਰ ਪੂਰੀ ਤਰ੍ਹਾਂ ਮਲਬੇ ਦੇ ਢੇਰ ਵਿੱਚ ਤਬਦੀਲ ਹੋ ਚੁੱਕੇ ਹਨ, ਉਹ ਅਸਮਾਨ 'ਚ ਤਰਪਾਲਾਂ ਹੇਠਾਂ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹਨ, ਸਰਕਾਰ ਵੱਲੋਂ ਪਿੰਡਾਂ ਵਿੱਚ ਸਰਵੇ ਟੀਮ ਵਲੋਂ ਡਿੱਗੀਆਂ ਛੱਤਾਂ ਅਤੇ ਨੁਕਸਾਨੇ ਗਏ ਘਰਾਂ ਵਿੱਚ ਜਾ ਕੇ ਸਰਵੇਖਣ ਕੀਤਾ ਜਾਣਾ ਸੀ ਇਹ ਸਾਰੀ ਪ੍ਰਕਿਰਿਆਂ 28 ਸਤੰਬਰ ਤੱਕ ਮੁਕੰਮਲ ਕਰਨੀ ਸੀ ਅਤੇ ਯੂਨੀਅਨ ਵਲੋਂ ਦਿੱਤੀਆਂ ਵੱਖ ਵੱਖ ਪਿੰਡਾਂ ਦੀਆਂ ਲਿਸਟਾਂ ਮੁਤਾਬਿਕ ਹਰ ਪਿੰਡ ਨੂੰ ਕਵਰ ਕਰਕੇ ਪੀੜਤਾਂ ਨੂੰ ਮੁਆਵਜ਼ਾ ਦੇਣ ਸਬੰਧੀ ਵੈਰੀ ਫਿਕੇਸ਼ਨ ਕੀਤੇ ਜਾਣੇ ਸਨ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ ਨੇ ਕਿਹਾ ਕਿ ਡਿੱਗੇ ਅਤੇ ਨੁਕਸਾਨੇ ਘਰਾਂ ਲਈ ਮੁੱਖ ਮੰਤਰੀ ਵਲੋਂ



ਐਲਾਨ ਕੀਤੇ ਮੁਆਵਜ਼ੇ ਦੇ ਮਾਮਲੇ ਨੂੰ ਵੀ ਠੰਡੇ ਬਸਤੇ ਪਾਇਆ ਹੋਇਆ ਹੈ। ਇਸ ਉੱਤੇ 15 ਸਤੰਬਰ ਤੋਂ ਅਮਲ ਕਰਨ ਦੀ ਥਾਂ ਸੰਬਧਿਤ ਅਧਿਕਾਰੀ ਹੋਏ ਨੁਕਸਾਨ ਦਾ ਮੁਲੰਕਣ ਕਰਨ ਲਈ ਬਹੁਤ ਸਾਰੇ ਪਿੰਡਾਂ ਵਿੱਚ ਅਜੇ ਤੱਕ ਨਹੀਂ ਪਹੁੰਚੇ। ਸਰਕਾਰ ਤੋਂ ਉਮੀਦ ਲਾਈ ਬੈਠੇ ਹੜ੍ਹਾਂ ਅਤੇ ਬਰਸਾਤਾਂ ਦੇ ਝੰਬੇ ਪੀੜਤ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਲੋੜ ਤੋਂ ਕੀਤੇ ਗਏ ਘੱਟ ਐਲਾਨੇ ਮੁਆਵਜ਼ਾ ਵੀ ਨਾ ਦੇਣ ਪ੍ਰਤੀ ਢਿੱਲੀ ਕਾਰਗੁਜਾਰੀ ਦੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਉਨ੍ਹਾਂ ਕਿਹਾ ਕਿ ਸਤੰਬਰ ਮਹੀਨੇ 'ਚ ਪੇਂਡੂ ਅਤੇ ਖੇਤ ਮਜ਼ਦੂਰ ਮੋਰਚੇ ਦੇ ਸੱਦੇ ਤੇ ਪੰਜਾਬ ਭਰ ਵਿੱਚ ਜ਼ਿਲ੍ਹਾ, ਤਹਿਸੀਲ ਕੇਂਦਰਾਂ ਉੱਤੇ ਧਰਨੇ ਮੁਜ਼ਾਹਰੇ ਕਰਨ ਉਪਰੰਤ ਹੀ ਮੁੱਖ ਮੰਤਰੀ ਨੇ ਭਾਵੇਂ ਮਜ਼ਦੂਰਾਂ ਦੇ ਡਿੱਗੇ ਘਰਾਂ ਲਈ 1 ਲੱਖ 20 ਹਜ਼ਾਰ ਅਤੇ ਨੁਕਸਾਨੇ ਗਏ ਘਰਾਂ ਲਈ 40 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਸੀ। ਐਨੀਂ ਰਾਸ਼ੀ ਨਾਲ ਮਕਾਨ ਬਣਨਾ ਸੰਭਵ ਨਹੀਂ। ਘਰ ਬਣਾਉਣ ਲਈ ਘੱਟੋ ਘੱਟ 15 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਣੀ ਚਾਹੀਦੀ ਹੈ ਅਤੇ ਗਾਡਰ, ਬਾਲਿਆਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦਿੱਤੇ ਜਾਣ। ਜਥੇਬੰਦੀ ਨੇ ਹੜ੍ਹਾਂ, ਬਾਰਸ਼ਾਂ ਕਾਰਨ ਟੁੱਟੀਆਂ ਦਿਹਾੜੀਆਂ ਲਈ ਹਰ ਪਰਵਾਰ ਨੂੰ 50 ਹਜ਼ਾਰ ਰੁਪਏ, ਮਗਨਰੇਗਾ ਤਹਿਤ ਰੁਜ਼ਗਾਰ ਦੇਣ ਤੇ ਦਿਹਾੜੀ ਵਧਾਉਣ ਦੀ ਮੰਗ ਵੀ ਕੀਤੀ।ਇਸ ਮੌਕੇ ਵਫ਼ਦ 'ਚ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਜਸਪਾਲ ਸਿੰਘ, ਰਣਜੀਤ ਸਿੰਘ ਰਾਣਾ, ਅਵਤਾਰ ਸਿੰਘ, ਮਲਕੀਤ ਸਿੰਘ, ਬਿੰਦਰ ਕੌਰ ਰਾਮਪੁਰ ਜਗੀਰ, ਮਹਿੰਦਰ ਕੌਰ ਆਦਿ ਹਾਜ਼ਰ ਸਨ।

## ਜਸਵੀਰ ਰਾਜਾ ਨੇ ਫਸਲਾਂ ਦੀ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਕੀਤੇ ਭੇਟ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)- ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਹਰ ਔਖੇ ਸਮੇਂ ਵਿੱਚ ਆਪਣੇ ਲੋਕਾਂ ਨਾਲ ਖੜੇ ਹੋ ਕੇ ਉਹਨਾਂ ਦੀ ਬਣਦੀ ਯੋਗ ਮਦਦ ਕੀਤੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਸਵੀਰ ਸਿੰਘ ਰਾਜਾ ਨੇ ਪਾਰਟੀ ਦਫਤਰ ਵਿਖੇ ਹੋਏ ਇੱਕ ਸਮਾਗਮ ਵਿੱਚ ਕੀਤਾ। ਇਸ ਮੌਕੇ ਵਿਧਾਇਕ



ਜਸਬੀਰ ਸਿੰਘ ਰਾਜਾ ਪਿਛਲੇ ਸਮੇਂ ਦੌਰਾਨ ਹੜਾ ਦੇ ਕਾਰਨ ਬਰਬਾਦ ਹੋਈਆਂ ਫਸਲਾਂ ਦੇ ਮੁਆਵਜੇ ਵਜੋਂ ਵੱਖ ਵੱਖ ਲਾਭਪਾਤਰੀਆਂ ਨੂੰ 3.12 ਲੱਖ ਦੀ ਰਾਸ਼ੀ ਦੇ ਮਨਜ਼ੂਰੀ ਪੱਤਰ ਭੇਟ ਕੀਤੇ। ਇਸ ਮੌਕੇ ਵਿਧਾਇਕ ਰਾਜਾ ਗਿੱਲ ਨੇ ਕਿਹਾ ਮੁੱਖ ਮੰਤਰੀ ਪੰਜਾਬ ਨੇ ਜੋ ਹੜਾਂ ਦੌਰਾਨ ਲੋਕਾਂ ਨਾਲ ਵਾਅਦੇ ਕੀਤੇ ਸਨ, ਉਨਾਂ ਨੂੰ ਪੂਰਿਆਂ ਕਰਦੇ ਹੋਏ ਸਮੁੱਚੇ ਪੰਜਾਬ ਵਿੱਚ ਫਸਲਾਂ ਦੀ ਖਰਾਬੇ ਦੀ ਰਾਸ਼ੀ ਕਿਸਾਨਾਂ ਨੂੰ ਦਿੱਤੀ ਹੈ ਤਾਂ ਜੋ ਉਹ ਫਿਰ ਤੋਂ ਆਪਣੀਆਂ ਫਸਲਾਂ ਦੀ ਸਹੀ ਤਰੀਕੇ ਨਾਲ ਬਿਜਾਈ ਕਰ ਸਕਣ। ਇਸ ਸਮੇਂ ਵਿਧਾਇਕ ਰਾਜਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇਗੀ। ਉਨਾਂ ਸਰਕਾਰ ਵੱਲੋਂ ਕੀਤੇ ਜਾ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਉਸਾਰੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਸੰਗਠਨ ਇੰਚਾਰਜ ਟਾਂਡਾ ਕੇਸ਼ਵ ਸਿੰਘ ਸੈਣੀ, ਨਾਈਬ ਤਹਿਸੀਲਦਾਰ ਮਨਪ੍ਰੀਤ ਸਿੰਘ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਪ੍ਰੇਮ ਪਡਵਾਲ, ਹਰਮੀਤ ਵੜੈਚ, ਸੋਨੂ ਖੰਨਾ, ਸੇਠ ਰਾਮ ਸੇਠੀ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਸਰਪੰਚ ਗੋਲਡੀ ਨਰਵਾਲ ਵੀ ਹਾਜ਼ਰ ਸਨ।

## ਨੌਜਵਾਨ ਸਮਾਜ ਦੀ ਤਾਕਤ ਹੁੰਦੇ ਹਨ : ਮਲਵਿੰਦਰ ਕੰਗ

ਬੰਗਾ (ਅਵਤਾਰ ਕਲੇਰ)- ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਜ਼ੋਨਲ ਯੁਵਕ ਮੇਲੇ ਵਿੱਚ ਮਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਨੇ ਸ਼ਿਰਕਤ ਕੀਤੀ। ਮਲਵਿੰਦਰ ਸਿੰਘ ਕੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਸਮਾਜ ਦੀ ਤਾਕਤ ਹੁੰਦੇ ਹਨ । ਨੌਜਵਾਨ ਖੇਡਾਂ ਅਤੇ ਸਮਾਜਿਕ ਸੇਵਾ ਵਿੱਚ ਸਰਗਰਮ ਰਹਿਣ। ਸਾਡੀ ਪਵਿੱਤਰ ਧਰਤੀ ਹੈ ਜਿੱਥੇ ਸਾਡਾ ਵਿਰਸਾ ਹੈ, ਸਾਡਾ ਧਰਮ ਹੈ, ਸਾਡੀ ਬੋਲੀ ਹੈ, ਸਾਡਾ ਕਲਚਰ ਹੈ,ਅਸੀਂ ਉਸ ਪਵਿੱਤਰ ਧਰਤੀ ਨੂੰ ਛੱਡ ਬਾਹਰ ਭੱਜ ਰਹੇ ਹਾਂ ਜਿਹੜਾ ਬੱਚਾ ਤੁਹਾਡੇ 'ਚੋਂ ਆਈ ਏ ਐੱਸ, ਪ੍ਰਿੰਸੀਪਲ, ਵਾਈਸ ਚਾਂਸਲਰ, ਪੀ ਸੀ ਐੱਸ, ਜੱਜ ਬਣ ਸਕਦਾ, ਪਰ ਸਾਡੀ ਸੋਚ ਇੱਥੇ ਤੱਕ ਸੀਮਤ ਹੈ ਪਲੱਸ ਟੂ ਕਰਕੇ ਬਾਹਰ ਭੱਜਣ ਤੱਕ ਉਥੇ ਜਾ ਕੇ ਟੈਕਸੀ ਚਲਾਉਂਦੇ ਹੋ।ਉਨ੍ਹਾਂ ਕਿਹਾ ਅੱਜ ਦਾ ਨੌਜਵਾਨ ਦੇਸ਼ ਦਾ ਭਵਿੱਖ ਹੈ। ਸਰਕਾਰ ਵੱਲੋਂ ਖੇਡਾਂ, ਸਿੱਖਿਆ ਤੇ ਰੋਜ਼ਗਾਰ ਦੇ ਖੇਤਰ ਵਿੱਚ ਕਈ ਨਵੀਆਂ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ ਤਾਂ ਜੋ ਨੌਜਵਾਨ ਆਪਣਾ ਭਵਿੱਖ ਮਜ਼ਬੂਤ ਕਰ ਸਕਣ। ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ, ਸਿਹਤਮੰਦ ਜੀਵਨ ਜੀਣ ਅਤੇ ਸਮਾਜਕ ਸੇਵਾ ਵਿੱਚ ਅਗਵਾਈ ਕਰਨ। ਇਸ ਮੌਕੇ ਤੇ ਕੁਲਜੀਤ ਸਰਹਾਲ ਨੇ ਬੋਲਦਿਆਂ ਕਿਹਾ ਕਿ ਯੁਵਕ ਮੇਲੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇਹ ਪਲੇਟਫਾਰਮ ਹਨ ਜਿੱਥੇ ਟੈਲੈਂਟ ਨੂੰ ਅੱਗੇ ਲਿਆਇਆ ਜਾਂਦਾ ਹੈ। ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਕਿਹਾ ਕਿ ਯੂਥ ਫੈਸਟਵਿਲ ਵਿਦਿਆਰਥੀਆਂ ਨੂੰ ਆਪਣੇ ਅੰਦਰ ਲੁਕੇ ਟੈਲੈਂਟ ਨੂੰ ਪ੍ਰਗਟ ਕਰਨ ਦਾ ਉੱਤਮ ਮੰਚ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਸਾਰੇ ਭਾਗ ਲੈਣ ਵਾਲਿਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਸਾਂਝ, ਸੱਭਿਆਚਾਰਕ ਜਾਗਰੂਕਤਾ ਅਤੇ ਆਤਮ ਵਿਸ਼ਵਾਸ ਪੈਦਾ ਕਰਦੇ ਹਨ। ਕਾਲਜ ਦੀ ਪ੍ਰਬੰਧਕੀ ਕਮੇਟੀ, ਸਟਾਫ ਮੈਂਬਰਾਂ, ਵਿਦਿਆਰਥੀਆਂ ਅਤੇ ਮਹਿਮਾਨਾਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲੈ ਕੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਮੌਕੇ ਤੇ ਸੈਨਿਕ ਭਲਾਈ ਬੋਰਡ ਦੇ ਚੇਅਰਮੈਨ ਮਨਜੀਤ ਸਿੰਘ ਘੁੰਮਣ, ਚੇਅਰਮੈਨ ਮਾਰਕੀਟ ਕਮੇਟੀ ਬਲਵੀਰ ਕਰਨਾਣਾ, ਮੀਡੀਆ ਇੰਚਾਰਜ ਮਨਜੀਤ ਸਿੰਘ ਨਾਮਧਾਰੀ, ਸਹਿ ਇੰਚਾਰਜ ਖੁਸ਼ਵਿੰਦਰ ਸਿੰਘ, ਦਲਜੀਤ ਖਟਕੜ,ਐੱਮ ਸੀ ਸਾਗਰ ਅਰੋੜਾ, ਕੁਲਵੀਰ ਸਿੰਘ ਪਾਬਲਾ,ਬਲਵੀਰ ਪਾਬਲਾ ,ਗੋਰਵ ਬੰਗਾ, ਸਤਨਾਮ ਸਿੰਘ ਝਿੱਕਾ, ਮੋਹਣ ਲਾਲ, ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ , ਪ੍ਰੋ. ਕਰਮਜੀਤ ਸਿੰਘ ਚਾਹਲ, ਕਰਨਲ ਜਸਮੇਰ ਸਿੰਘ ਬਾਲਾ, ਗੁਰਬੀਰ ਸਿੰਘ,ਐਡਵੋਕੇਟ ਕਰਨਦੀਪ ਸਿੰਘ ਚੀਮਾ, ਸਮੂਹ ਸਟਾਫ ਵਿਦਿਆਰਥੀ ਆਦਿ ਹਾਜ਼ਰ ਸਨ।



## ਪੌਲੀ ਹਾਊਸ ਖੇਤੀ ਤੋਂ 14 ਲੱਖ ਦਾ ਮੁਨਾਫਾ ਕਮਾ ਰਿਹਾ ਲੁਧਿਆਣੇ ਦਾ ਕਿਸਾਨ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੇ ਬਾਗ਼ਬਾਨੀ ਮੰਤਰੀ ਮੋਹਿੰਦਰ ਭਗਤ ਦੇ ਨਿਰਦੇਸ਼ਾਂ ਹੇਠ ਬਾਗ਼ਬਾਨੀ ਵਿਭਾਗ ਸੂਬੇ ਵਿੱਚ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਸੂਬਾ ਸਰਕਾਰ ਦੀਆਂ ਕਿਸਾਨ ਪੱਖੀ ਸਕੀਮਾਂ ਉਨ੍ਹਾਂ ਲਈ ਵਰਦਾਨ ਸਾਬਿਤ ਹੋ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਬਾਗਬਾਨੀ ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਸਰਕਾਰੀ ਸਕੀਮਾਂ ਦਾ ਲਾਭ ਲੈਂਦਿਆਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਦਾ ਕਿਸਾਨ ਹਰਬੀਰ ਸਿੰਘ ਅੱਜ ਪੌਲੀਹਾਊਸ ਖੇਤੀ ਤੋਂ ਵਧੀਆ ਮੁਨਾਫਾ ਕਮਾ ਰਿਹਾ ਹੈ ਅਤੇ ਹੋਰਨਾਂ ਕਿਸਾਨਾਂ ਲਈ ਪ੍ਰੇਰਣਾ ਦਾ ਸਰੋਤ ਬਣ ਚੁੱਕਾ ਹੈ। ਉਨ੍ਹਾ ਦੱਸਿਆ ਕਿ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਹਰਬੀਰ ਨੇ ਨੌਕਰੀ ਦੀ ਥਾਂ ਖੇਤੀ ਨੂੰ ਆਪਣਾ ਮੁੱਖ ਕਿੱਤਾ ਚੁਣਿਆ ਅਤੇ ਰਵਾਇਤੀ ਖੇਤੀ ਨੂੰ ਆਧੁਨਿਕ ਤਰੀਕਿਆਂ ਨਾਲ ਜੋੜ ਕੇ ਨਵੇਂ ਮਾਪਦੰਡ ਸਥਾਪਤ ਕੀਤੇ। ਕਿਸਾਨ ਹਰਬੀਰ ਸਿੰਘ ਦਾ ਕਹਿਣਾ ਹੈ ਕਿ ਬਾਗ਼ਬਾਨੀ ਵਿਭਾਗ ਵੱਲੋਂ ਉਸ ਨੂੰ ਪੌਲੀਹਾਉਸ ਸਬੰਧੀ ਪੂਰੀ ਜਾਣਕਾਰੀ ਦਿੱਤੀ ਗਈ । ਕਿਸਾਨ ਨੇ ਦੱਸਿਆ ਕਿ ਅੱਜ ਉਹ ਪੋਲੀਹਾਊਸ ਅਧੀਨ ਬੀਜ ਰਹਿਤ ਖੀਰਾ, ਰੰਗਦਾਰ ਸ਼ਿਮਲਾ ਮਿਰਚ, ਖਰਬੂਜੇ, ਆਲੂ ਅਤੇ ਮੈਂਥਾ ਦੀ ਕਾਸ਼ਤ ਕਰਕੇ ਔਸਤਨ 12 ਲੱਖ ਤੋਂ 14 ਲੱਖ ਤੱਕ ਦਾ ਸਾਲਾਨਾ ਮੁਨਾਫਾ ਕਮਾ ਰਿਹਾ ਹੈ।ਕਿਸਾਨ ਹਰਬੀਰ ਸਿੰਘ ਦੱਸਿਆ ਕਿ ਸੰਨ 2014 ਵਿੱਚ ਰਵਾਇਤੀ ਢੰਗ ਨਾਲ ਸਬਜੀਆਂ ਦੀ ਕਾਸ਼ਤ ਦੇ ਵਿੱਚ ਬਦਲਾਅ ਕਰਦਿਆਂ ਉਸ ਨੇ ਸੈਂਟਰ ਆਫ ਐਕਸੀਲੈਂਸ (ਸਬਜੀਆਂ) ਕਰਤਾਰਪੁਰ ਤੋਂ ਟ੍ਰੇਨਿੰਗ ਪ੍ਰਾਪਤ ਕੀਤੀ। ਉਸਨੇ ਦੱਸਿਆ ਕਿ ਬਾਗਬਾਨੀ ਵਿਭਾਗ ਅਧੀਨ ਚੱਲ ਰਹੀ ਸਕੀਮ ਕੌਮੀ ਬਾਗਬਾਨੀ ਮਿਸ਼ਨ ਅਧੀਨ ਸਬਸਿਡੀ ਲੈ ਕੇ ਪੌਲੀਹਾਊਸ ਲਗਾਇਆ। ਇਸ ਪੌਲੀਹਾਊਸ ਅਧੀਨ ਰੰਗਦਾਰ ਸ਼ਿਮਲਾ ਮਿਰਚ ਅਤੇ ਬੀਜ ਰਹਿਤ ਖੀਰੇ ਦੀ ਕਾਸ਼ਤ ਕਰਨੀ ਸ਼ੁਰੂ ਕੀਤੀ । ਇਸ ਖੇਤੀ ਅਧੀਨ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਉਸ ਨੇ ਸਮੇਂ-ਸਮੇਂ 'ਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨਾਲ ਰਾਬਤਾ ਕੀਤਾ ਗਿਆ । ਕਿਸਾਨ ਨੇ ਦੱਸਿਆ ਕਿ ਖੇਤੀ ਦੇ ਕੰਮ ਵਿੱਚ ਪੂਰੀ ਮਿਹਨਤ , ਕੰਮ ਪ੍ਰਤੀ ਸਮਰਪਣ, ਸਮੱਸਿਆ ਨੂੰ ਬਰੀਕੀ ਨਾਲ ਸਮਝਣਾ ਅਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਉਸਨੂੰ ਮਿਲੀ ਮਦਦ ਉਸਦੀ ਸਫਲਤਾ ਦੀ ਕੁੰਜੀ ਹੈ ।

## ਵੈੱਲਫੇਅਰ ਸੁਸਾਇਟੀ ਨੇ ਤਿੰਨ ਸਕੂਲਾਂ ਦੇ ਲੋੜਵੰਦ ਬੱਚਿਆਂ ਦੀ 1,49,000 ਰੁਪਏ ਬੋਰਡ ਫੀਸ ਦਿੱਤੀ

ਮਾਹਿਲਪੁਰ (ਸ.ਫਰੀ)- ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਮਾਹਿਲਪੁਰ ਦੇ ਤਿੰਨ ਸਕੂਲਾਂ ਦੇ ਲੋੜਵੰਦ ਬੱਚਿਆਂ ਦੀ ਹਕੂਮਤਪੁਰੀ ਵੈਲਫੇਅਰ ਸੁਸਾਇਟੀ ਨੇ 149000 ਰੁਪਏ ਬੋਰਡ ਦੀ ਫੀਸ ਦਿੱਤੀ।ਪ੍ਰਾਪਤ ਜਾਣਕਾਰੀ ਅਨੁਸਾਰ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਵਿਵੇਕ ਕੁਮਾਰ ਨੇ ਆਪਣੇ ਮੈਂਬਰਾਂ ਨਾਲ ਬਲਾਕ ਮਾਹਿਲਪੁਰ ਦੇ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਲੋੜਵੰਦ ਬੱਚਿਆਂ ਦੇ ਬੋਰਡ ਦੀ ਫੀਸ ਸਕੂਲ ਇੰਚਾਰਜ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਬੱਚੇ ਪੜ੍ਹਾਈ ਵਿਚ ਹੁਸ਼ਿਆਰ ਹਨ ਪਰ ਆਰਥਿਕ ਤੰਗੀ ਕਾਰਨ ਆਪਣੇ ਸਕੂਲ ਦੀ ਬੋਰਡ ਦੀ ਫੀਸ ਦੇਣ ਤੋਂ ਅਸਮੱਰਥ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪੜ੍ਹਾਈ ਅਤੇ ਆਰਥਿਕ ਹਾਲਤ ਦੇਖਦੇ ਹੋਏ ਸੰਸਥਾ ਨੇ ਉਨ੍ਹਾਂ ਦੀ ਬੋਰਡ ਫੀਸ ਅਤੇ ਸਕੂਲ ਫੀਸ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸੰਸਥਾਂ ਵਲੋਂ ਲੋੜਵੰਦ ਬੱਚਿਆਂ ਦੀ ਪੜ੍ਹਾਈ ਵਿੱਚ ਆਰਥਿਕ ਅਤੇ ਉਨ੍ਹਾਂ ਨੂੰ ਕਿਤਾਬਾਂ, ਕਾਪੀਆਂ, ਬੂਟ ਜੁਰਾਬਾਂ ਵਰਦੀਆਂ ਦੀ ਵੀ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਸੰਸਥਾਂ ਲੋੜਵੰਦ ਮਰੀਜ਼ਾਂ ਦਾ ਇਲਾਜ ਤੇ ਲੋੜਵੰਦ ਪਰਵਾਰ ਨੂੰ ਮਹੀਨਾਵਾਰ ਰਾਸ਼ਨ ਵੀ ਦਿੱਤਾ ਜਾਦਾ ਹੈ।ਉਨ੍ਹਾਂ ਦੱਸਿਆ ਕਿ ਹੁਣ ਸੰਸਥਾ ਵੱਲੋਂ ਹੜ੍ਹਾਂ ਦੀ ਲੁਪੇਟ ਵਿਚ ਆਏ ਪਿੰਡਾਂ ਵਿੱਚ ਲੋੜਵੰਦਾਂ ਨੂੰ ਸੁੱਕਾ ਰਾਸ਼ਨ, ਦਵਾਈਆਂ ਅਤੇ ਰਜਾਈਆਂ ਵੀ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਹ ਸਾਰਾ ਕੁਝ



ਡੈਲਿਸ ਟੀਮ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ 26 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਬੇਲੀ, ਸਰਕਾਰੀ ਹਾਈ ਸਕੂਲ ਲਲਵਾਣ, ਸਰਕਾਰ ਹਾਈ ਸਕੂਲ ਟੂਟੋ ਮਜਾਰਾ ਦੇ ਲੋੜਵੰਦ ਬੱਚਿਆਂ ਦੀ 1,49,000 ਰੁਪਏ ਬੋਰਡ ਦਿੱਤੀ ਗਈ। ਡੈਲਿਸ ਟੀਮ ਦੇ ਮੈਂਬਰ ਅਵਤਾਰ ਸਿੰਘ ਪੜਬੱਗਾ, ਨਰਿੰਦਰ ਸਿੰਘ ਸੈਣੀ, ਨਿਸ਼ਾ ਮਲਹੋਤਰਾ, ਇੰਦਰਜੀਤ ਸਿੰਘ, ਰੋਬਿਨ ਸਹੋਤਾ, ਸੁਦੀਪ ਸਿੰਘ, ਜੋਗਾ ਸੰਧੂ, ਮੇਜਰ ਸਹੋਤਾ, ਗਿਆਨੀ ਮਲਕੀਤ ਸਿੰਘ, ਅਮਾਨਿਤ ਪੜਬੱਗਾ, ਰਾਵਿੰਦਰ ਕੁਮਾਰ, ਟੋਨੀ ਮਲਹੋਤਰਾ, ਤਹਿਸੀਲ ਸਿੰਘ ਧਾਲੀਵਾਲ, ਰਾਮਿਤ ਸੈਣੀ,ਮਾਤਾ ਚਰਨ ਕੌਰ, ਪ੍ਰਤਾਮ ਸਿੰਘ ਤੇ ਦਾਨੀਵੀਰ ਸੱਜਣਾਂ ਪਦਮਾਵਤੀ ਚਾਵਲਾ, ਰਿਚਾ ਹੁਸ਼ਿਆਰਪੁਰ, ਰਾਮ ਲੁਭਾਇਆ, ਮਹੇਸ਼ ਇੰਦਰ ਸਿੰਘ, ਬਾਬੂ ਗੁਰਮਿੰਦਰ ਸਿੰਘ, ਵੀਨੂੰ, ਮਨਦੀਪ ਕੌਰ, ਮਨੋਜ਼ ਕੁਮਾਰ ਰਾਣਾ, ਹਰਵਿੰਦਰ ਸਿੰਘ, ਰਾਜ ਰਾਣੀ, ਹਰਦੇਵ ਸਿੰਘ, ਭੁਪਿੰਦਰ ਸਿੰਘ, ਸੰਦੀਪ ਸਿੰਘ, ਸੰਤੋਸ਼ ਕੁਮਾਰੀ ਜਸਵਾਲ,ਬਾਲ ਕਿਸ਼ਨ, ਹਰਮੇਸ਼ ਲਾਲ, ਸੰਦੀਪ ਕੌਰ ਗੜ੍ਹਦੀਵਾਲ, ਰਾਜ ਰਾਣੀ, ਮਨਜਿੰਦਰ ਸਿੰਘ ਦੇ ਆਦਿ ਦੇ ਸਹਿਯੋਗ ਨਾਲ ਲੋੜਵੰਦਾਂ ਦੀ ਮਦਦ ਕੀਤੀ ਜਾ ਰਹੀ ਹੈ।

## ਅਯਾਨ ਰਾਣਾ ਨੇ ਆਪਣਾ ਜਨਮ ਦਿਨ ਬੂਟੇ ਲਗਾ ਕੇ ਮਨਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਆਪਣੇ ਸਾਥੀਆਂ ਲਈ ਇੱਕ ਪ੍ਰੇਰਨਾਦਾਇਕ ਮਿਸਾਲ ਕਾਇਮ ਕਰਦਿਆਂ, ਪਿੰਡ ਮਜ਼ਾਰੀ ਦੇ ਚੌਥੀ ਜਮਾਤ ਦੇ ਵਿਦਿਆਰਥੀ 11 ਸਾਲਾ ਅਯਾਨ ਰਾਣਾ ਨੇ ਆਪਣਾ ਜਨਮਦਿਨ ਪਿੰਡ ਵਿੱਚ ਬੂਟੇ ਲਗਾ ਕੇ ਮਨਾਇਆ। ਆਪਣੇ ਪਿੰਡ ਦੀਆਂ ਉਘੀਆਂ ਸਖਸ਼ੀਅਤਾਂ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ, ਅਯਾਨ ਨੇ ਪਿੰਡ ਦੀ ਵਧਦੀ ਹਰਿਆਲੀ ਵਿੱਚ ਯੋਗਦਾਨ ਪਾ ਕੇ ਆਪਣਾ ਖਾਸ ਦਿਨ ਮਨਾਉਣ ਦੀ ਚੋਣ ਕੀਤੀ। ਪਿੰਡ ਦੇ ਵਾਤਾਵਰਣ ਪ੍ਰੇਮੀਆਂ ਨੇ ਹੌਲੀ-ਹੌਲੀ ਮਜ਼ਾਰੀ ਨੂੰ ਇੱਕ ਹਰੇ ਭਰੇ ਅਤੇ ਵਾਤਾਵਰਣ-ਅਨੁਕੂਲ ਪਿੰਡ ਵਿੱਚ ਬਦਲ ਦਿੱਤਾ ਹੈ। ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਅਯਾਨ ਨੇ ਕਿਹਾ ਕਿ ਉਹ ਆਪਣੇ ਦੁਆਰਾ ਲਗਾਏ ਗਏ ਬੂਟੇ ਨੂੰ ਨਿੱਜੀ ਤੌਰ 'ਤੇ ਅਪਣਾਏਗਾ ਅਤੇ ਇਸ ਦੀ ਸਹੀ ਦੇਖਭਾਲ ਅਤੇ ਵਿਕਾਸ ਨੂੰ ਯਕੀਨੀ ਬਣਾਏਗਾ। ਉਸ ਨੇ ਗਲੋਬਲ ਵਾਰਮਿੰਗ ਅਤੇ ਪ੍ਰਦੂਸ਼ਣ ਦਾ ਮੁਕਾਬਲਾ ਕਰਨ ਲਈ ਅਜਿਹੇ ਛੋਟੇ ਪਰ ਅਰਥਪੂਰਨ ਕਦਮਾਂ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ 'ਮੈਂ ਇਸ ਬੂਟੇ ਨੂੰ



ਆਪਣੇ ਨਾਲ ਵਧਦਾ ਦੇਖਾਂਗਾ'। ਉਸ ਨੇ ਆਪਣੇ ਦੋਸਤਾਂ ਨੂੰ ਵੀ ਅਪੀਲ ਕੀਤੀ ਕਿ ਹਰ ਕਿਸੇ ਨੂੰ ਆਪਣੇ ਜੀਵਨ ਕਾਲ ਵਿੱਚ ਘੱਟੋ-ਘੱਟ ਇੱਕ ਬੂਟਾ ਲਗਾਉਣਾ ਚਾਹੀਦਾ ਹੈ ਅਤੇ ਇੱਕ ਭੈਣ-ਭਰਾ ਵਾਂਗ ਇਸਦਾ ਪਾਲਣ-ਪੋਸ਼ਣ ਕਰਨਾ ਚਾਹੀਦਾ ਹੈ।

## 42ਵਾਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ

### ਇੰਡੀਅਨ ਏਅਰ ਫੋਰਸ ਨੇ ਪੰਜਾਬ ਪੁਲਸ ਨੂੰ 3-2 ਨਾਲ ਹਰਾਇਆ



ਜਲੰਧਰ (ਸ਼ੈਲੀ ਐਲਬਰਟ)- ਉਲੰਪੀਅਨ ਖਿਡਾਰੀਆਂ ਨਾਲ ਸਜੀ ਪੰਜਾਬ ਪੁਲਸ ਨੂੰ 42ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਇੰਡੀਅਨ ਏਅਰ ਫੋਰਸ ਹੱਥੋਂ 2-3 ਨਾਲ ਹਾਰ ਦਾ ਮੂੰਹ ਦੇਖਣਾ ਪਿਆ। ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿੱਚ ਚਲ ਰਹੇ ਇਸ ਟੂਰਨਾਮੈਂਟ ਦੇ ਤੀਜੇ ਦਿਨ ਲੀਗ ਦੌਰ ਦੇ ਦੂਜੇ ਮੈਚ ਵਿੱਚ ਸੀ ਆਰ ਪੀ ਐੱਫ ਦਿੱਲੀ ਅਤੇ ਭਾਰਤੀ ਰੇਲਵੇ ਦਿੱਲੀ ਦੀਆਂ ਇੱਕ ਇੱਕ ਦੀ ਬਰਾਬਰੀ ਤੇ ਰਹੀਆਂ। ਪਹਿਲਾ ਮੈਚ ਪੂਲ ਬੀ ਵਿੱਚ ਇੰਡੀਅਨ ਏਅਰ ਫੋਰਸ ਅਤੇ 10 ਉਲੰਪੀਅਨ ਖਿਡਾਰੀਆਂ ਨਾਲ ਸਜੀ ਪੰਜਾਬ ਪੁਲਿਸ ਜਲੰਧਰ ਦਰਮਿਆਨ ਖੇਡਿਆ ਗਿਆ। ਪੰਜਾਬ ਪੁਲਿਸ ਵਲੋਂ ਪਹਿਲਾ ਗੋਲ ਖੇਡ ਦੇ 7ਵੇਂ ਮਿੰਟ ਵਿੱਚ ਪ੍ਰਭਦੀਪ ਸਿੰਘ ਨੇ ਕਰਕੇ ਸਕੋਰ 1-0 ਕੀਤਾ। ਜਦਕਿ 9ਵੇਂ ਮਿੰਟ ਵਿੱਚ ਇੰਡੀਅਨ ਏਅਰ ਫੋਰਸ ਦੇ ਸੁਮਿਤ ਨੇ ਗੋਲ ਕਰਕੇ ਸਕੋਰ 1-1 ਕੀਤਾ।ਖੇਡ ਦੇ 35ਵੇਂ ਮਿੰਟ ਵਿੱਚ ਪੰਜਾਬ ਪੁਲਿਸ ਦੇ ਉਲੰਪੀਅਨ ਦਿਲਪ੍ਰੀਤ ਸਿੰਘ ਨੇ ਭਾਰਤੀ ਟੀਮ ਦੇ ਸਾਬਕਾ ਕਪਤਾਨ ਮਨਪ੍ਰੀਤ ਸਿੰਘ ਦੇ ਪਾਸ ਤੇ ਗੋਲ ਕਰਕੇ ਸਕੋਰ 2-1 ਕੀਤਾ। ਖੇਡ ਦੇ 39ਵੇਂ ਮਿੰਟ ਵਿੱਚ ਏਅਰ ਫੋਰਸ ਦੇ ਐਮ ਕ੍ਰਿਅੱਪਾ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 2-2 ਕੀਤਾ। ਖੇਡ ਦੇ 41ਵੇਂ ਮਿੰਟ ਵਿੱਚ ਏਅਰ ਫੋਰਸ ਦੇ ਸਾਗਰ ਸਿੰਗਡੇ ਨੇ ਗੋਲ ਕਰਕੇ ਸਕੋਰ 3-2 ਕੀਤਾ। ਮੈਚ ਦੌਰਾਨ ਪੰਜਾਬ ਪੁਲਸ ਨੂੰ 13 ਪੈਨਲਟੀ ਕਾਰਨਰ ਮਿਲੇ ਪਰ ਏਅਰ ਫੋਰਸ ਦੇ ਗੋਲਕੀਪਰ ਪੁਨੰਨਾ ਪਾਲਨਗਡੇ ਨੇ ਭਾਰਤੀ ਟੀਮ ਦੇ ਕਪਤਾਨ ਉਲੰਪੀਅਨ ਹਰਮਨਪ੍ਰੀਤ ਸਿੰਘ ਅਤੇ ਉਲੰਪੀਅਨ ਰੁਪਿੰਦਰਪਾਲ ਸਿੰਘ ਵੱਲੋਂ ਲਾਏ ਸਾਰੇ ਪੈਨਲਟੀ ਕਾਰਨਰ ਬੇਕਾਰ ਕਰ ਦਿੱਤੇ। ਪੰਜਾਬ ਪੁਲਸ ਦੇ ਦੋ ਲੀਗ ਮੈਚਾਂ ਤੋਂ ਤਿੰਨ ਅੰਕ ਹਨ। ਪੰਜਾਬ ਪੁਲਿਸ ਨੇ ਪਹਿਲੇ ਮੈਚ ਵਿੱਚ ਪੰਜਾਬ ਐਂਡ ਸਿੰਧ ਬੈਂਕ ਦਿੱਲੀ ਨੂੰ ਹਰਾਇਆ ਸੀ। ਦੂਜਾ ਮੈਚ ਪੂਲ ਏ ਵਿੱਚ ਸੀ ਆਰ ਪੀ ਐੱਫ ਦਿੱਲੀ ਅਤੇ ਭਾਰਤੀ ਰੇਲਵੇ ਦਿੱਲੀ ਦਰਮਿਆਨ ਖੇਡਿਆ ਗਿਆ।ਖੇਡ ਦੇ ਅੱਧੇ ਸਮੇਂ ਤੱਕ ਦੋਵੇਂ ਟੀਮਾਂ 0-0 ਤੇ ਬਰਾਬਰ ਸਨ। ਖੇਡ ਦੇ 57ਵੇਂ ਮਿੰਟ ਵਿੱਚ ਭਾਰਤੀ ਰੇਲਵੇ ਦੇ ਸ੍ਰੀਆਸ ਭਾਵਿਕਦਾਸ ਦੂਬੇ ਨੇ ਮੈਦਾਨੀ ਗੋਲ ਕਰਕੇ ਸਕੋਰ 1-0 ਕੀਤਾ। 59ਵੇਂ ਮਿੰਟ ਵਿੱਚ ਸੀਆਰਪੀਐਫ ਦੇ ਸ਼ਮਸ਼ੇਰ ਨੇ ਪੈਨਲਟੀ ਸਟਰੋਕ ਰਾਹੀਂ ਗੋਲ ਕਰਕੇ ਸਕੋਰ 1-1 ਕੀਤਾ। ਮੈਚ ਬਰਾਬਰੀ ਤੇ ਰਹਿਣ ਕਰਕੇ ਦੋਵੇਂ ਟੀਮਾਂ ਨੂੰ ਇਕ ਇਕ ਅੰਕ ਮਿਲਿਆ। ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਗੁਰਮੇਲ ਸਿੰਘ, ਅਰਜੁਨ ਐਵਾਰਡੀ ਰਾਜਬੀਰ ਕੌਰ, ਮੇਅਰ ਨਗਰ ਨਿਗਮ ਜਲੰਧਰ ਵਨੀਤ ਧੀਰ, ਐਨਆਰਆਈ ਰਣਜੀਤ ਸਿੰਘ ਟੁੱਟ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਤੇ ਉਲੰਪੀਅਨ ਰਜਿੰਦਰ ਸਿੰਘ, ਉਲੰਪੀਅਨ ਮੁਖਬੈਨ ਸਿੰਘ, ਮੁੱਖਵਿੰਦਰ ਸਿੰਘ, ਲਖਵਿੰਦਰ ਪਾਲ ਸਿੰਘ ਖਹਿਰਾ, ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ, ਗੁਰਵਿੰਦਰ ਸਿੰਘ ਗੁੱਲੂ, ਕੁਲਵਿੰਦਰ ਸਿੰਘ ਥਿਆੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਜ਼ਿਮਨੀ ਚੋਣ 'ਚ ਸਰਕਾਰ ਵੱਲੋਂ ਕੀਤੇ ਹੋਏ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇਗਾ : ਰੰਧਾਵਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਲੋਕ ਹਿਤੈਸ਼ੀ ਕੰਮਾਂ ਨੂੰ ਪਹੁੰਚਾਉਣ ਲਈ ਮੀਡੀਆ ਦਾ ਅਹਿਮ ਰੋਲ ਹੋਵੇਗਾ। ਇਹ ਵਿਚਾਰ ਹਲਕਾਂ ਨਕੋਦਰ ਤੋਂ ਆਮ ਆਦਮੀ ਪਾਰਟੀ ਦੇ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ ਰੰਧਾਵਾ ਅਤੇ ਵਾਈਸ ਕੋ-ਆਰਡੀਨੇਟਰ ਵੇਦ ਪ੍ਰਕਾਸ਼ ਸਿਧਮ ਨੇ ਪ੍ਰੈੱਸ ਬਿਆਨ ਵਿੱਚ ਕਿਹਾ ਲੋਕਤੰਤਰ ਵਿੱਚ ਮੀਡੀਆ ਨੂੰ ਚੌਥਾ ਥੰਮ ਮੰਨਿਆ ਗਿਆ ਹੈ। ਇਸ ਲਈ ਭਗਵੰਤ ਮਾਨ ਦੀ ਸਰਕਾਰ ਵੱਲੋਂ ਕੀਤੇ ਲੋਕ ਕਲਿਆਣੀ ਕੰਮਾਂ ਨੂੰ ਲੋਕਾਂ ਤੱਕ ਪਹੁੰਚਾ ਕੇ ਤਰਨਤਾਰਨ ਦੀ ਜ਼ਿਮਨੀ ਚੋਣ ਨੂੰ ਜਿੱਤ ਕੇ ਭਗਵੰਤ ਮਾਨ ਦੀ ਝੋਲੀ ਵਿੱਚ ਪਾਇਆ ਜਾਵੇਗਾ। ਸਰਕਾਰ ਵੱਲੋਂ ਚਲਾਈਆਂ ਤਰਨ ਤਾਰਨ ਦੀ ਜ਼ਿਮਨੀ ਚੋਣ ਨੂੰ ਸਰਕਾਰ ਦੇ ਕੰਮਾਂ ਦੇ ਅਧਾਰ ਤੇ ਜਿੱਤਿਆ ਜਾਵੇਗਾ। ਤਰਨ ਤਾਰਨ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੜਕਾਂ ਦੀ ਮੁਰੰਮਤ, ਸਿਹਤ ਕੇਂਦਰਾਂ ਦਾ ਵਧੀਆ ਪ੍ਰਬੰਧ, ਨੌਜਵਾਨਾਂ ਲਈ ਨੌਕਰੀਆਂ ਦੇ ਕੇ ਲੋਕਾਂ ਦਾ ਮਨ ਜਿੱਤਿਆ ਹੈ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਨਾਲ ਇਸ ਵਿਕਾਸ ਨੂੰ ਹੋਰ ਮਜ਼ਬੂਤ ਕਰਨ ਅਤੇ ਭ੍ਰਿਸ਼ਟਾਚਾਰ ਵਾਲੀਆਂ ਪਾਰਟੀਆਂ ਨੂੰ ਸਖ਼ਤ ਸਬਕ ਸਿਖਾਉਣ।



## ਫਿਲੌਰ ਤੇ ਇਸ ਦੀਆਂ ਸਹਾਇਕ ਮੰਡੀਆਂ 'ਚ 4,47104 ਕਵਿੰਟਲ ਝੋਨਾ ਪੁੱਜਾ

ਫਿਲੌਰ (ਨਿਰਮਲ)- ਮਾਰਕੀਟ ਕਮੇਟੀ ਫਿਲੌਰ ਦੇ ਸਕੱਤਰ ਸ੍ਰੀ ਦਲਬੀਰ ਸਿੰਘ ਨੇ ਦੱਸਿਆ ਕਿ ਫਿਲੌਰ ਅਨਾਜ ਮੰਡੀ ਅਤੇ ਇਸ ਦੀਆਂ ਸਹਿਯੋਗੀ ਮੰਡੀਆਂ ਅਪਰਾ, ਲਸਾੜਾ, ਮੁਠੱਡਾ ਅਤੇ ਤੇਂਹਿਗ ਵਿੱਚ 26 ਅਕਤੂਬਰ ਨੂੰ 4,47104 ਕਵਿੰਟਲ ਝੋਨਾ ਪੁੱਜ ਚੁੱਕਾ ਹੈ ਜੋ ਸਾਰੇ ਦਾ ਸਾਰਾ ਖਰੀਦਿਆ ਜਾ ਚੁੱਕਾ ਹੈ। ਇਸ ਵਾਰ ਝੋਨੇ ਦਾ ਭਾਅ 2389 ਰੁਪਏ ਪ੍ਰਤੀ ਕੁਇੰਟਲ ਹੈ ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਝੋਨਾ ਸੁਕਾ ਕੇ ਹੀ ਲਿਆਉਣ ਤਾਂ ਜੋ ਮੰਡੀਆਂ ਵਿੱਚ ਨਾਲੋ ਨਾਲ ਖਰੀਦ ਹੋ ਸਕੇ। ਕਿਸਾਨਾਂ ਨੂੰ ਭੁਗਤਾਨ ਵੀ ਨਾਲੋ ਨਾਲ ਕੀਤਾ ਜਾ ਰਿਹਾ ਹੈ।

## 'ਟੈਰਰਿਸਟ ਕੀ ਪ੍ਰੇਮਿਕਾ' ਨੇ ਸੀ ਟੀ ਗਰੁੱਪ 'ਚ ਜਗਾਈ ਸੋਚ ਦੀ ਚਿੰਗਾਰੀ

ਜਲੰਧਰ (ਸ਼ੈਲੀ ਐਲਬਰਟ)- ਸੀਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਵਿੱਚ ਹਿੰਦੀ ਨਾਟਕ ਟੈਰਰਿਸਟ ਕੀ ਪ੍ਰੇਮਿਕਾ ਦਾ ਬਕਮਾਲ ਮੰਚਨ ਕੀਤਾ ਗਿਆ, ਜਿਸ ਨੇ ਆਪਣੀ ਜ਼ਬਰਦਸਤ ਅਦਾਕਾਰੀ ਅਤੇ ਡੂੰਘੀ ਭਾਵਨਾ ਨਾਲ ਦਰਸ਼ਕਾਂ ਨੂੰ ਮੋਹ ਲਿਆ। ਇਹ ਨਾਟਕ ਪਾਲੀ ਬੁਪਿੰਦਰ ਸਿੰਘ ਵੱਲੋਂ ਲਿਖਿਆ ਗਿਆ ਅਤੇ ਲਖਨਊ ਦੇ ਅਭਿਸ਼ੇਕ ਤਿਵਾਰੀ ਵੱਲੋਂ ਨਿਰਦੇਸ਼ਿਤ ਸੀ। ਇੱਕ ਘੰਟਾ ਤੇ ਤੀਹ ਮਿੰਟ ਦੀ ਇਸ ਪ੍ਰਸਤੁਤੀ ਨੇ ਪ੍ਰੇਮ, ਟਕਰਾਅ ਤੇ ਵਿਚਾਰਧਾਰਾ ਦੇ ਨਾਜ਼ੁਕ ਮਨੁੱਖੀ ਪੱਖਾਂ ਨੂੰ ਸੁੰਦਰ ਢੰਗ ਨਾਲ ਦਰਸਾਇਆ। ਮੁੱਖ ਕਲਾਕਾਰ ਸਾਵਨ ਰੁਪੋਵਾਲੀ, ਉਤਕਰਸ਼ ਸਿੰਘ ਤੇ ਹੋਰ ਕਲਾਕਾਰਾਂ ਦੀ ਸ਼ਾਨਦਾਰ ਅਦਾਕਾਰੀ ਨੇ ਦਰਸ਼ਕਾਂ ਉੱਤੇ ਡੂੰਘਾ ਪ੍ਰਭਾਵ ਛੱਡਿਆ।ਕਹਾਣੀ ਅਨੀਤ ਨਾਮਕ ਇਕ ਸੰਵੇਦਨਸ਼ੀਲ ਔਰਤ ਦੀ ਹੈ, ਜਿਸ ਦਾ ਜੀਵਨ ਕਵਿਤਾ, ਸੰਗੀਤ ਅਤੇ ਪ੍ਰੇਮ ਦੀਆਂ ਭਾਵਨਾਵਾਂ ਨਾਲ ਭਰਿਆ ਸੀ। ਉਸ ਦਾ ਸੰਸਾਰ, ਜੋ ਆਪਣੇ ਪੁਲਸ ਅਧਿਕਾਰੀ ਪਤੀ ਪ੍ਰਤੀ ਸਮਰਪਣ 'ਤੇ ਟਿਕਿਆ ਸੀ, ਉਦੋਂ ਹਿਲ ਗਿਆ ਜਦੋਂ ਇੱਕ ਅੱਤਵਾਦੀ ਪੁਰਾਣਾ ਹਿਸਾਬ ਚੁਕਾਉਣ ਲਈ ਉਸ ਦੇ ਘਰ ਆ ਗਿਆ। ਪ੍ਰੇਮ ਨਾਲ ਸ਼ੁਰੂ ਹੋਈ ਕਹਾਣੀ ਹੌਲੀ-ਹੌਲੀ ਹਿੰਮਤ, ਟਕਰਾਅ ਅਤੇ ਜਾਗਰੂਕਤਾ ਦੀ ਕਥਾ ਬਣ ਗਈ — ਅਨੀਤ ਦੇ ਪ੍ਰੇਮ ਤੋਂ ਪ੍ਰਤੀਰੋਧ ਤੱਕ ਦੇ ਸਫ਼ਰ ਦੀ ਪ੍ਰੇਰਕ ਦਰਸ਼ਨਕਾਰੀ। ਇਸ ਮੌਕੇ ਨੇ ਇਹ ਦਰਸਾਇਆ ਕਿ ਰੰਗਮੰਚ, ਕਲਾ ਅਤੇ ਸਭਿਆਚਾਰ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸੀ ਟੀ ਗਰੁੱਪ ਵਿੱਚ ਇਸ ਤਰ੍ਹਾਂ ਦੇ ਉਪਰਾਲੇ ਮਨੋਰੰਜਨ ਤੋਂ ਉਪਰ ਉੱਠ ਕੇ ਸੋਚ, ਰਚਨਾਤਮਕਤਾ ਅਤੇ ਸੰਵੇਦਨਸ਼ੀਲਤਾ ਨੂੰ ਪ੍ਰੋਤਸ਼ਾਹਿਤ ਕਰਦੇ ਹਨ। ਥੀਏਟਰ ਰਾਹੀਂ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ ਅਤੇ ਭਾਵਨਾਤਮਕ ਬੁੱਧੀ ਦਾ ਵਿਕਾਸ ਹੁੰਦਾ ਹੈ, ਜੋ ਉਨ੍ਹਾਂ ਦੇ ਸਰਵਾਂਗੀਣ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਸ ਮੌਕੇ 'ਤੇ ਕੋ-ਚੇਅਰਪਰਸਨ ਸ਼੍ਰੀਮਤੀ ਪਰਮਿੰਦਰ ਕੌਰ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਡਾਇਰੈਕਟਰ ਡੀ ਐੱਸ ਡਬਲਯੂ ਦਵਿੰਦਰ ਸਿੰਘ ਅਤੇ ਡੀਨ ਡੀ ਐੱਸ ਡਬਲਯੂ ਡਾ. ਅਰਜਨ ਸਿੰਘ ਨੇ ਕਲਾਕਾਰਾਂ ਤੇ ਆਯੋਜਕਾਂ ਦੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ।ਜ਼ਿਲ੍ਹਾ ਭਾਸ਼ਾ ਅਧਿਕਾਰੀ ਮੈਡਮ ਜਸਪ੍ਰੀਤ ਕੌਰ ਨੇ ਇਸ ਉਪਰਾਲੇ ਨੂੰ ਭਾਸ਼ਾਈ ਤੇ ਸਭਿਆਚਾਰਕ ਮੁੱਲਾਂ ਦੇ ਸੰਰੱਖਣ ਵੱਲ ਵਧੀਆ ਯਤਨ ਕਰਾਰ ਦਿੱਤਾ। ਮੰਚ ਸੰਜਾਲਨ ਦੀ ਜਿੰਮੇਵਾਰੀ ਗੁਰਵਿੰਦਰ ਸਿੰਘ ਦੁਆਰਾ ਕੀਤੀ ਗਈ।



## ਤਰਨ ਤਾਰਨ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ 'ਚ ਜਿੱਤ ਯਕੀਨੀ : ਡਿਪਟੀ ਸਪੀਕਰ




ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵੀ ਪਹਿਲੀਆਂ ਚੋਣਾਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਸ਼ਾਨਦਾਰ ਢੰਗ ਨਾਲ ਜਿੱਤੇਗੀ। ਇਸ ਮੌਕੇ ਹਲਕੇ ਦੇ ਆਪ ਆਗੂ ਤੇ ਵਰਕਰਾਂ ਦਾ ਇਕੱਠ ਦੇਖਣ ਨੂੰ ਮਿਲਿਆ । ਇਹ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਗੜ੍ਹਸ਼ੰਕਰ ਤੋਂ ਡਿਪਟੀ ਸਪੀਕਰ ਅਤੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਵਲੋਂ ਆਪਣੇ ਵਰਕਰਾਂ ਸਮੇਤ ਤਰਨਤਾਰਨ ਵਿਖੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿਚ ਚੋਣ ਪ੍ਰਚਾਰ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਪ ਦੀ ਸਰਕਾਰ ਆਮ ਵਰਗ ਦੇ ਲੋਕਾਂ ਦੀ ਸਰਕਾਰ ਹੈ, ਪਿਛਲੇ ਸਾਢੇ ਤਿੰਨ ਸਾਲਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਕੀਤੇ ਲੋਕ ਪੱਖੀ ਕਾਰਜ ਕਰਨ 'ਚ ਪੰਜਾਬ ਸਰਕਾਰ ਨਾਲ ਪੱਕੇ ਤੌਰ ਤੇ ਜੁੜ ਚੁੱਕੇ ਹਨ ਜਿਸ ਨਾਲ ਪੰਜਾਬ ਦੇ ਲੋਕ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੁਆਰਾ ਕੀਤੇ ਹੋਏ ਕੰਮਾਂ ਤੋਂ ਲੋਕ ਬਹੁਤ ਖੁਸ਼ ਹਨ।ਉਨ੍ਹਾਂ ਕਿਹਾ ਕਿ ਇਸ ਚੋਣ ਵਿੱਚ ਸਾਡੀਆਂ ਜੋ ਵੀ ਡਿਊਟੀਆਂ ਬਣਦੀਆਂ ਹਨ ਉਸ ਨੂੰ ਅਸੀਂ ਸਾਰੇ ਰਲ ਮਿਲ ਕੇ ਪੂਰੀ ਤਨਦੇਹੀ ਨਾਲ ਨਿਭਾਵਾਂਗੇ ਅਤੇ ਉਹਨਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਦਿਨ ਰਾਤ ਮਿਹਨਤ ਕਰਾਂਗੇ। ਉਨ੍ਹਾਂ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਆਪਣੀ ਲੜਾਈ ਜ਼ਿਮਨੀ ਚੋਣ ਹੀ ਨਹੀਂ ਬਲਕਿ ਅੱਗੇ ਵੀ ਜਾਰੀ ਰਹੇਗੀ। ਇਸ ਮੌਕੇ ਮਾਰਕੀਟ ਕਮੇਟੀ ਗੜ੍ਹਸ਼ੰਕਰ ਤੋਂ ਬਲਦੀਪ ਸਿੰਘ ਸੈਣੀ, ਸੰਗਠਨ ਇੰਚਾਰਜ ਅਤੇ ਓ ਐੱਸ ਡੀ ਚਰਨਜੀਤ ਸਿੰਘ ਚੰਨੀ, ਯੂਥ ਪ੍ਰਧਾਨ ਪ੍ਰਿੰਸ ਚੌਧਰੀ, ਸੁਖਦੇਵ ਸਿੰਘ ਢਾਡਾ ਖੁਰਦ, ਸਰਪੰਚ ਦਲਜੀਤ ਸਿੰਘ ਸੈਲਾ ਕਲਾਂ, ਅਵਤਾਰ ਸਿੰਘ ਨਮੋਲੀਆਂ, ਗੁਰਮੀਤ ਟਿੱਬੀਆ, ਸਰਪੰਚ ਗੁਲਸ਼ਨ ਠਾਕੁਰ ਖੁਸ਼ੀ ਪੱਦੀ, ਪਰਮਜੀਤ ਕੌਰ ਚਾਂਦਸੂ ਜੱਟਾਂ, ਸਰਪੰਚ ਅਸ਼ੋਕ ਸੌਲੀ, ਪ੍ਰਧਾਨ ਐੱਸ ਸੀ ਵਿੰਗ ਸਤਵੀਰ ਸਿੰਘ, ਸਰਪੰਚ ਰਣਦੀਪ ਸਿੰਘ ਨਾਜਰਪੁਰ, ਹਰਜਿੰਦਰ ਸਿੰਘ ਧੰਜਲ, ਪਰਵੀਨ ਕੁਮਾਰ ਸਮੇਤ ਪਾਰਟੀ ਵਰਕਰ ਅਤੇ ਸੀਨੀਅਰ ਆਗੂ ਸ਼ਾਮਿਲ ਸਨ।

## ਪੱਤਰਕਾਰ ਚੰਦਰਪਾਲ ਅਤਰੀ ਦੇ ਪਿਤਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਨੰਗਲ (ਨ ਜ ਸ)- 26 ਅਕਤੂਬਰ ਨੂੰ ਇੱਥੇ ਲਾਲੜੂ ਤੋਂ ਪੱਤਰਕਾਰ ਅਤੇ ਸੀ ਪੀ ਆਈ ਐੱਮ ਦੇ ਜ਼ਿਲ੍ਹਾ ਸਕੱਤਰ ਚੰਦਰਪਾਲ ਅੱਤਰੀ ਦੇ ਪਿਤਾ ਚੌਧਰੀ ਮੋਲੂ ਰਾਮ ਦੀ ਮੌਤ ਤੇ ਵੱਖ ਵੱਖ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਸਤਨਾਮ ਸਿੰਘ ਸ਼ੇਰਾ, ਗੁਰਦੇਵ ਸਿੰਘ ਬਾਗੀ, ਪਵਨ ਕੁਮਾਰ ਚੱਕ ਕਰਮਾ, ਤਰਸੇਮ ਸਿੰਘ ਭੱਲੜੀ, ਤਰਲੋਚਨ ਸਿੰਘ ਹੁਸੈਨਪੁਰ, ਦਲੀਪ ਸਿੰਘ ਘਨੋਲਾ, ਕਰਨੈਲ ਸਿੰਘ ਬਜਰੁੜ, ਗੀਤਾ ਰਾਮ, ਭਜਨ ਸਿੰਘ ਸੰਦੋਆ, ਡਾਕਟਰ ਰਵਿੰਦਰ ਨਾਥ, ਰਘਬੀਰ ਸਿੰਘ ਦਰਸ਼ੀ, ਮਹਿੰਦਰ ਸਿੰਘ ਸੰਗਤਪੁਰ, ਰਕੇਸ਼ ਬਾਲੀ ਕਲਸੇੜਾ, ਸੁਖਦੇਵ ਸਿੰਘ ਨੰਗਲ ਨੇ ਅੱਤਰੀ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਪੱਤਰਕਾਰ ਭਾਈਚਾਰੇ ਵੱਲੋਂ ਰਕੇਸ਼ ਸੈਣੀ, ਗੁਰਭਾਗ ਸਿੰਘ, ਅਵੀ ਰਾਣਾ, ਸ਼ਿਵ ਰਾਣਾ, ਅਸ਼ੋਕ ਚੋਪੜਾ, ਗੁਰਪ੍ਰੀਤ ਗਰੇਵਾਲ, ਰਣਬੀਰ ਸਿੰਘ ਸੈਣੀ, ਹਰਭਜਨ ਸਿੰਘ ਢਿੱਲੋਂ,ਜੁਝਾਰ ਸਿੰਘ ਭੱਲੜੀ, ਧਰਮ ਪਾਲ ਸੁਖਸਾਲ, ਤਰਲੋਚਨ ਸਿੰਘ, ਕੁਲਦੀਪ ਸ਼ਰਮਾ, ਬਲਵਿੰਦਰ ਸਿੰਘ ਰੈਂਤ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।

27 Oct Page 9.qxd 10/26/2025 10:11 PM Page 1



## ਫਲਾਇੰਗ ਸੁਕਐਡ ਸੜਕਾਂ ਦੀ ਗੁਣਵੱਤਾ ਚੈੱਕ ਕਰੇਗਾ : ਇੰਦਰਜੀਤ ਕੌਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਦੇ ਪਿੰਡਾਂ ਦੀਆਂ ਸੰਪਰਕ ਸੜਕਾਂ ਦਾ ਨਿਰਮਾਣ ਬੜਾ ਜ਼ੋਰਾਂ ਤੇ ਚੱਲ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹਨਾਂ ਸੜਕਾਂ ਦੀ ਗੁਣਵੱਤਾ ਚੈੱਕ ਕਰਨ ਲਈ ਇਕ ਫਲਾਇੰਗ ਸੁਕਐਡ ਨਿਗਰਾਨੀ ਕਰੇਗਾ ਇਹ ਪਹਿਲੀ ਵਾਰ ਹੈ। ਹਲਕਾ ਨਕੋਦਰ ਦੇ ਪਿੰਡਾਂ ਦੀਆਂ 18 ਕਿਲੋਮੀਟਰ ਸੰਪਰਕ ਸੜਕਾਂ ਦਾ ਉਦਘਾਟਨ ਕਰਨ ਸਮੇਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆ ਕਿਹਾ ਕਿ 261 ਕਰੋੜ ਦੀ ਲਾਗਤ ਇਹਨਾਂ ਸੜਕਾਂ ਤੇ ਆਵੇਗੀ। ਜਿਹਨਾਂ ਵਿੱਚ ਜਲੰਧਰ ਨਕੋਦਰ ਰੋਡ ਤੋਂ ਥਾਬਲਕੇ 1.25 ਕਿਲੋਮੀਟਰ ਜਿਸਦੀ ਲਾਗਤ 20. 54 ਲੱਖ ਰੁਪਏ, ਜੰਡਿਆਲਾ ਤੋਂ ਬਜੂਹਾ ਕਲਾਂ 5.60 ਕਿਲੋਮੀਟਰ ਜਿਸ ਦੀ 78.09 ਲੱਖ, ਜੰਡਿਆਲਾ ਤੋਂ ਨਕੋਦਰ ਰੋਡ ਤੋਂ ਧਾਲੀਵਾਲ 1.72 ਕਿਲੋਮੀਟਰ ਦੀ 20. 80 ਲੱਖ ਰੁਪਏ, ਪਿੰਡ ਸਰਕਪੁਰ ਤੋਂ ਮੁੱਜੱਫਰ 1. 35 ਕਿਲੋਮੀਟਰ ,ਜਿਸ ਤੇ ਲਾਗਤ 20.08 ਲੱਖ ਰੁਪਏ। ਬੋਪਾਰਾਏ ਕਲਾਂ ਤੋਂ ਚੱਕ ਕਲਾਂ 1.94 ਕਿਲੋਮੀਟਰ, ਜਿਸ ਤੇ ਲਾਗਤ 24.79 ਲੱਖ ਰੁਪਏ, ਰੇਰਾ ਤੋਂ ਕੰਟਲਾ ਜੰਗਾ 2.55 ਕਿਲੋਮੀਟਰ ਜਿਸ ਤੇ ਲਾਗਤ 32. 85 ਲੱਖ ਰੁਪਏ, ਤਲਵੰਡੀ ਸਲੇਮ ਤੋਂ ਖੀਵਾ 3.64 ਕਿਲੋਮੀਟਰ ਜਿਸ ਤੇ ਲਾਗਤ 64.41 ਲੱਖ ਰੁਪਏ ਆਵੇਗੀ। ਬੀਬੀ ਮਾਨ ਨਾਲ ਇਸ ਮੌਕੇ ਤੇ ਜਸਬੀਰ ਸਿੰਘ ਧੰਜਲ ਹਲਕਾ ਸੰਗਠਨ ਇੰਚਾਰਜ, ਕਰਨੈਲ ਰਾਮ ਬਾਲੂ ਚੇਅਰਮੈਨ ਮਾਰਕੀਟ ਕਮੇਟੀ ਨਕੋਦਰ, ਸੰਹਟ ਲਾਲ ਬਲਾਕ ਪ੍ਰਧਾਨ, ਅਮਨਦੀਪ ਬਿੱਟੂ ਬਲਾਕ ਪ੍ਰਧਾਨ, ਮੰਗਜੀਤ ਸਿੰਘ ਬਲਾਕ ਪ੍ਰਧਾਨ, ਧਰਮਪਾਲ ਬਲਾਕ ਪ੍ਰਧਾਨ, ਸੋਨੀ ਗਿੱਲ ਬਲਾਕ ਪ੍ਰਧਾਨ, ਸੁਰਿੰਦਰ ਉੱਗੀ ਬਲਾਕ ਪ੍ਰਧਾਨ, ਬੂਟਾ ਸਿੰਘ ਬਲਾਕ ਪ੍ਰਧਾਨ, ਕੁਲਦੀਪ ਸਿੰਘ ਕਾਂਗਣਾ ਬਲਾਕ ਪ੍ਰਧਾਨ ਅਤੇ ਪਿੰਡਾਂ ਦੇ ਪੰਚ ਸਰਪੰਚ ਮੋਹਤਬਰ ਵਿਅਕਤੀ ਇਸ ਮੌਕੇ ਤੇ ਹਾਜ਼ਰ ਸਨ।



## ਜੀ ਟੀ ਯੂ ਦੀ 8 ਨੂੰ ਹੋ ਰਹੀ ਜਨਰਲ ਕੌਂਸਲ ਦਾ ਪੋਸਟਰ ਰਿਲੀਜ਼



ਜਲੰਧਰ 26 ਅਕਤੂਬਰ (ਰਾਜੇਸ਼ ਥਾਪਾ)- ਗੌਰਮਿੰਟ ਟੀਚਰਜ਼ ਯੂਨੀਅਨ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਵੇਦ ਰਾਜ ਨੇ ਦੱਸਿਆ ਕਿ ਮੀਟਿੰਗ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸਤਾਰਵੀਂ ਜਨਰਲ ਕੌਂਸਲ ਦਾ ਦੂਸਰਾ ਜਨਰਲ ਇਜਲਾਸ ਜੋ ਕਿ 8 ਨਵੰਬਰ ਨੂੰ ਜਲੰਧਰ ਵਿਖੇ ਹੋ ਰਿਹਾ ਹੈ,ਉਸ ਦੀਆਂ ਤਿਆਰੀਆਂ ਸਬੰਧੀ ਜਾਇਜ਼ਾ ਲਿਆ ਗਿਆ। ਮੀਟਿੰਗ ਦੀ ਕਾਰਵਾਈ ਚਲਾਉਂਦੇ ਹੋਏ ਜ਼ਿਲ੍ਹਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਮੱਕੜ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਰਜਿਸਟਰੇਸ਼ਨ ਕਮੇਟੀ ਦੀ ਨਿਗਰਾਨੀ ਬਲਜੀਤ ਸਿੰਘ ਕੁਲਾਰ, ਜਸਬੀਰ ਸਿੰਘ ਅਤੇ ਮੁਲਕ ਰਾਜ ਨੂੰ ਸੌਂਪੀ ਗਈ। ਪ੍ਰੈੱਸ ਕਮੇਟੀ ਦੇ ਇੰਚਾਰਜ ਕਰਨੈਲ ਫਿਲੌਰ ਅਤੇ ਵੇਦ ਰਾਜ ਨੂੰ ਬਣਾਇਆ ਗਿਆ।ਡੈਕੋਰੇਸ਼ਨ ਕਮੇਟੀ ਦੇ ਇੰਚਾਰਜ ਸੁਖਵਿੰਦਰ ਸਿੰਘ ਮੱਕੜ ਹੋਣਗੇ। ਮੀਟਿੰਗ ਵਿੱਚ ਲੰਗਰ ਕਮੇਟੀ ਦੇ ਇੰਚਾਰਜ ਕੁਲਵੰਤ ਰੁੜਕਾ ਅਤੇ ਸੁਖਵਿੰਦਰ ਰਾਮ ਨੂੰ ਬਣਾਇਆ ਗਿਆ। ਮੀਟਿੰਗ ਸਮੇਂ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਪੋਸਟਰ ਰਿਲੀਜ਼ ਕੀਤਾ ਗਿਆ।ਮੀਟਿੰਗ ਵਿੱਚ ਬਲਜੀਤ ਸਿੰਘ ਕੁਲਾਰ,ਗੁਰਮੇਲ ਸਿੰਘ ਕੁਲਰੀਆ, ਵੇਦ ਰਾਜ,ਵਿਨੋਦ ਭੱਟੀ,ਗੁਰਿੰਦਰ ਸਿੰਘ, ਜਸਬੀਰ ਸਿੰਘ ਬਲਵੀਰ ਭਗਤ, ਰਗਜੀਤ ਸਿੰਘ,ਕੁਲਵੰਤ ਰਾਮ ਰੁੜਕਾ, ਜੋਗਿੰਦਰ ਸਿੰਘ ਜੋਗੀ, ਮਨੋਜ ਕੁਮਾਰ ਸਰੋਏ, ਸੰਦੀਪ ਰਾਜੋਵਾਲ, ਅਮਰਜੀਤ ਭਗਤ, ਲੇਖ ਰਾਜ ਪੰਜਾਬੀ, ਰਤਨ ਸਿੰਘ, ਬਲਵੀਰ ਸਿੰਘ, ਕੁਲਦੀਪ ਸਿੰਘ ਕੌੜਾ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਹਾਜ਼ਰ ਸਨ।

## ਗਰਲਜ਼ ਸਕੂਲ 'ਚ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੀਨੀਅਰ ਪੁਲਸ ਕਪਤਾਨ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 25 ਅਕਤੂਬਰ ਨੂੰ ਏ ਐਸ ਆਈ ਤੇਜਿੰਦਰ ਕੌਰ ਅਤੇ ਏ ਐਸ ਆਈ ਮਨੋਹਰ ਚੰਦ ਟ੍ਰੈਫਿਕ ਐਜੂਕੇਸ਼ਨ ਸੈਲ ਹੁਸ਼ਿਆਰਪੁਰ ਅਤੇ ਵਿਜੇ ਅਰੋੜਾ ਮੈਂਬਰ ਰੋਡ ਸੇਫਟੀ ਕਮੇਟੀ ਪੰਜਾਬ ਚੰਡੀਗੜ੍ਹ ਵੱਲੋਂ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਮਾਡਲ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਸ ਰਾਜਨ ਅਰੋੜਾ ਦੀ ਅਗਵਾਈ ਹੇਠ ਵਿਦਿਆਰਥੀਆ ਨਾਲ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਲਗਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਪੰਜਾਬ ਸਰਕਾਰ ਵੱਲੋਂ ਆਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਜਿਵੇਂ ਕਿ ਟਰੈਫਿਕ ਦੇ ਨਵੇਂ ਕਾਨੂੰਨ ਅਨੁਸਾਰ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਵਿਦਿਆਰਥੀ ਕੋਈ ਵੀ ਗੇਅਰ ਵਾਲਾ ਵਹੀਕਲ ਨਾ ਚਲਾਏ, ਉਲੰਘਣਾ ਕਰਨ ਵਾਲੇ ਬੱਚਿਆਂ ਦੇ ਨਾਲ ਨਾਲ ਮਾਤਾ/ਪਿਤਾ ਜਾਂ ਵਹੀਕਲ ਦੇ ਮਾਲਕ ਨੂੰ ਭਰਨਾ ਪਵੇਗਾ ਭਾਰੀ ਜੁਰਮਾਨਾ ਅਤੇ ਨਾਲ ਮਿਲੇਗੀ ਤਿੰਨ ਸਾਲ ਦੀ ਸਜ਼ਾ ਬਾਰੇ ਜਾਣਕਾਰੀ ਦਿੱਤੀ ਅਤੇ ਸਾਈਕਲ 'ਤੇ ਚੱਲਦੇ ਸਮੇਂ ਚੌਕਾਂ ਵਿੱਚ ਲੱਗੀਆਂ ਲਾਈਟਾਂ ਦੀ ਪਾਲਣਾ ਕਰਦੇ ਹੋਏ ਚੌਕ ਨੂੰ ਪਾਰ ਕਰਨਾ ਅਤੇ ਕਿਸੇ ਵੀ ਕਿਸਮ ਦਾ ਨਸ਼ਾ ਦਾ ਪ੍ਰਯੋਗ ਨਾ ਕਰਨ ਦੀ ਸਖ਼ਤ ਹਦਾਇਤ ਕੀਤੀ ਅਤੇ ਫਰਿਸ਼ਤੇ ਸਕੀਮ 2024 ਅਧੀਨ ਰੋਡ ਐਕਸੀਡੈਂਟ ਵਿਚ ਜ਼ਖ਼ਮੀਆਂ ਵਿਆਕਤੀਆਂ ਨੂੰ ਮੁਢਲੀ ਸਹਾਇਤਾ ਦੇਣ ਅਤੇ ਹਸਪਤਾਲ ਵਿਚ ਦਾਖਲ ਕਰਵਾਉਣ ਸੰਬੰਧੀ ਜਾਗਰੂਕ ਕੀਤਾ ਗਿਆ। ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਵੀ ਟਰੈਫਿਕ ਨਿਯਮਾਂ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਕਿਸੇ ਵੀ ਵਹੀਕਲ ਨੂੰ ਚਲਾਉਂਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰਨ ਬੱਸ ਚਲਾਉਂਦੇ ਸਮੇਂ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਾ ਕਰਨ ਦੀ ਹਦਾਇਤ ਕੀਤੀ ਅਤੇ ਸਾਈਬਰ ਕ੍ਰਾਈਮ ਦੁਆਰਾ ਹੋ ਰਹੀਆਂ ਠੱਗੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।



## ਨਰਸਿੰਗ ਕਾਲਜ ਢਾਹਾਂ ਕਲੇਰਾਂ ਵਿਖੇ ਦਾਖਲ ਨਵੇਂ ਵਿਦਿਆਰਥੀਆਂ ਲਈ ਜਾਣ-ਪਛਾਣ ਸਮਾਗਮ

**ਬੰਗਾ (ਅਵਤਾਰ ਕਲੇਰ)** ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਬੀ ਐਸ ਸੀ ਨਰਸਿੰਗ ਅਤੇ ਜੀ ਐਨ ਐਮ ਨਰਸਿੰਗ ਕੋਰਸ ਵਿੱਚ ਦਾਖਲ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਉਹਨਾਂ ਲਈ ਜਾਣ ਪਛਾਣ ਸਮਾਗਮ ਕਰਵਾਇਆ ਗਿਆ।ਸਮਾਗਮ ਦਾ ਆਰੰਭ ਗੁਰਬਾਣੀ ਸ਼ਬਦ ਨਾਲ ਹੋਇਆ। ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸ਼ਮਾ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਡਾ. ਢਾਹਾਂ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਹੋਏ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਨੂੰ ਯਾਦ ਕਰਦੇ ਹੋਏ ਸੰਸਥਾ ਦੇ ਸ਼ਾਨਾਮੱਤੀ ਇਤਿਹਾਸ ਤੋਂ ਜਾਣੂੰ ਕਰਵਾਇਆ। ਮੈਡਮ ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਦੱਸਿਆ ਕਿ ਕਾਲਜ ਵਿਚ ਆਧੁਨਿਕ ਤਰੀਕਿਆਂ ਨਾਲ ਪੜ੍ਹਾਈ ਕਰਵਾਈ ਜਾਂਦੀ ਹੈ।ਨਰਸਿੰਗ ਵਿਦਿਆਰਥੀਆਂ ਮਨਪ੍ਰੀਤ ਕੌਰ ਢਿੱਲੋਂ ਅਤੇ ਹਿਨਾ ਵੱਲੋਂ ਸਲਾਈਡ ਸ਼ੋਅ ਰਾਹੀ ਕਾਲਜ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਜੀ ਐਨ ਐਮ ਤੀਜਾ ਸਾਲ ਦੇ ਵਿਦਿਆਰਥੀਆਂ ਦਮਨਪ੍ਰੀਤ ਕੌਰ ਅਤੇ ਜਸਪ੍ਰੀਤ ਨੇ ਨਿੱਜੀ ਤਜਰਬੇ ਸਾਂਝੇ ਕਰਦੇ ਹੋਏ ਕਿਹਾ ਕਿ ਢਾਹਾਂ ਕਲੇਰਾਂ ਨਰਸਿੰਗ ਕਾਲਜ ਵਿਚ ਪੜ੍ਹਾਈ ਕਰਕੇ ਉਹਨਾਂ ਨੂੰ ਜੀਵਨ ਵਿਚ ਕਾਮਯਾਬ ਹੋਣ ਲਈ ਨਵੀਂ ਦਿਸ਼ਾ ਮਿਲੀ ਹੈ।ਇਸ ਮੌਕੇ ਸਮੂਹ ਕਾਲਜ ਸਟਾਫ ਅਤੇ ਨਵੇਂ ਬੀ ਐਸ ਸੀ ਨਰਸਿੰਗ ਅਤੇ ਜੀ ਐਨ ਐਮ ਨਰਸਿੰਗ ਵਿਦਿਆਰਥੀਆਂ ਵੱਲੋਂ ਆਪਣੀ ਜਾਣ ਪਛਾਣ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਜੀ ਐਨ ਐਮ (ਪਹਿਲਾ ਸਾਲ) ਦੀ ਵਿਦਿਆਰਥੀ ਨਵਜੋਤ ਕੌਰ ਨੇ ਸਮੂਹ ਵਿਦਿਆਰਥੀਆਂ ਲਈ ਰੱਖੇ ਸਮਾਗਮ ਲਈ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਮੈਡਮ ਗੁਰਦੀਪ ਕੌਰ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਮਨਿੰਦਰ ਕੌਰ, ਮੈਡਮ ਵੰਦਨਾ ਬਸਰਾ,ਮੈਡਮ ਰਾਬੀਆ ਹਾਟਾ, ਮੈਡਮ ਸਰਬਜੀਤ ਕੌਰ, ਮੈਡਮ ਨੇਹਾ ਰਾਣੀ, ਮੈਡਮ ਸ਼ਿਵਾਨੀ ਭਰਦਵਾਜ, ਗੁਰਮੀਤ ਸਿੰਘ, ਮੈਡਮ ਰਣਜੀਤ ਕੌਰ ਲਾਇਬ੍ਰੇਰੀਅਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਬੇਲਾ ਕਾਲਜ ਦਾ ਕੁਸ਼ਤੀ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਖਿਡਾਰੀਆਂ ਨੇ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਦੋ ਦਿਨਾ ਹੋਏ ਵੱਖੋ-ਵੱਖਰੇ ਕੁਸ਼ਤੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਲੈਫਟੀਨੈਂਟ ਪ੍ਰਿਤਪਾਲ ਸਿੰਘ ਅਤੇ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਅਧੀਨ ਖਿਡਾਰੀਆਂ ਨੇ ਫ੍ਰੀ ਸਟਾਈਲ ਅਤੇ ਗਰੀਕੋ ਰੋਮਨ (ਪੁਰਸ਼) ਮੁਕਾਬਲਿਆਂ ਵਿੱਚ ਭਾਗ ਲਿਆ। ਖਿਡਾਰੀਆਂ ਨੇ ਆਪਣੀ ਬੇਮਿਸਾਲ ਪ੍ਰਤਿਭਾ ਦਿਖਾਉਂਦਿਆਂ ਇਨ੍ਹਾਂ ਦੋਹਾਂ ਮੁਕਾਬਲਿਆਂ ਵਿੱਚ ਓਵਰਆਲ ਦੂਜੀ ਪੁਜੀਸ਼ਨ ਹਾਸਲ ਕੀਤੀ। ਫ੍ਰੀ ਸਟਾਈਲ ਮੁਕਾਬਲੇ ਵਿੱਚ ਖਿਡਾਰੀ ਤਾਲਬ ਹੁਸੈਨ ਨੇ 125 ਕਿਲੋਗ੍ਰਾਮ ਵਰਗ ਵਿੱਚ ਲਗਾਤਾਰ ਪੰਜਵੀਂ ਵਾਰ ਸੋਨ ਤਮਗਾ ਆਪਣੇ ਨਾਂਅ ਕੀਤਾ। ਇਸ ਦੇ ਨਾਲ 70 ਕਿਲੋਗ੍ਰਾਮ ਵਰਗ ਵਿੱਚ ਬਲਦੇਵ ਸਿੰਘ ਨੇ ਸੋਨ ਤਮਗਾ ਅਤੇ 92 ਕਿਲੋਗ੍ਰਾਮ ਵਰਗ ਵਿੱਚ ਬਰਕਤ ਅਲੀ ਨੇ ਚਾਂਦੀ ਦਾ ਤਮਗਾ ਆਪਣੀ ਝੋਲੀ ਪਵਾਇਆ। ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਗਰੀਕੋ ਰੋਮਨ ਕੁਸ਼ਤੀ ਵਿੱਚ ਕਾਲਜ ਦਾ ਨਾਂਅ ਰੋਸ਼ਨ ਕਰਦਿਆਂ 77 ਕਿਲੋ ਵਰਗ ਵਿੱਚ ਗਗਨਦੀਪ ਸਿੰਘ ਨੇ ਸੋਨ ਤਮਗਾ ਅਤੇ 55 ਕਿਲੋ ਵਰਗ ਵਿੱਚ ਆਰਜੂ ਨੇ ਚਾਂਦੀ ਦਾ ਮੈਡਲ ਹਾਸਲ ਕੀਤਾ। ਇਸ ਤੋਂ ਬਿਨਾਂ ਹੋਰ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ 4 ਕਾਂਸੀ ਦੇ ਮੈਡਲ ਜਿੱਤ ਕੇ ਓਵਰਆਲ ਟ੍ਰਾਫੀ ਦੀ ਦੂਜੀ ਪੁਜੀਸ਼ਨ 'ਤੇ ਕਬਜ਼ਾ ਕੀਤਾ। ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਕਿਹਾ ਕਿ ਇਹ ਸਾਰੇ ਖਿਡਾਰੀ ਪੰਜਾਬੀ ਹਨ ਅਤੇ ਬਹੁਤੇ ਇਲਾਕੇ ਨਾਲ ਸੰਬੰਧਤ ਹਨ। ਉਨ੍ਹਾਂ ਲਗਾਤਾਰ 125 ਕਿਲੋ ਵਰਗ ਭਾਰ ਵਿੱਚ ਪੰਜਵੀਂ ਵਾਰ ਸੋਨ ਤਮਗਾ ਜਿੱਤ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਡ ਵਰਗ ਵਿੱਚ ਰਿਕਾਰਡ ਦਰਜ ਹੋਣ 'ਤੇ ਵੀ ਸਮੂਹ ਕਾਲਜ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰੋ. ਸੁਨੀਤਾ ਰਾਣੀ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਇੰਦੂ ਬਾਲਾ ਅਤੇ ਜਸਵੀਰ ਕੌਰ ਆਦਿ ਹਾਜ਼ਰ ਸਨ।



## ਤਰਨ ਤਾਰਨ ਜ਼ਿਮਨੀ ਚੋਣ ਭਾਰੀ ਬਹੁਮਤ ਨਾਲ ਜਿਤਾਂਗੇ : ਮਦਨ ਸਿੰਘ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਆਮ ਆਦਮੀ ਪਾਰਟੀ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਸਕੱਤਰ ਮਦਨ ਸਿੰਘ ਨੇ 26 ਅਕਤੂਬਰ ਨੂੰ ਤਰਨ ਤਾਰਨ ਦੇ ਪਿੰਡ ਭੋਜੀਆਂ ਵਿਖੇ ਡੋਰ ਟੂ ਡੋਰ ਕੰਪੇਨਿੰਗ ਦੌਰਾਨ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਮਨੀ ਹਲਕੇ ਦੀ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਨੂੰ ਸ਼ਾਨੋ ਸ਼ੌਕਤ ਨਾਲ ਭਾਰੀ ਬਹੁਮਤ ਨਾਲ ਜਿੱਤ ਹਾਸਲ ਹੋਵੇਗੀ। ਮਦਨ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕੰਮਾਂ ਨੇ ਲੋਕਾਂ ਦਾ ਭਰੋਸਾ ਜਿੱਤ ਲਿਆ ਹੈ ਉਨ੍ਹਾਂ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਚੋਣਾਂ 'ਚ ਵੱਧ ਚੜ੍ਹ ਕਿ ਭਾਗ ਲੈਣ ਤੇ ਵੋਟ ਦੇ ਕੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਮਿਲ ਰਹੇ ਭਰੋਸੇ ਨੇ ਆਮ ਆਦਮੀ ਪਾਰਟੀ ਦਾ ਵਿਸ਼ਵਾਸ਼ ਹੋਰ ਵਧਾ ਦਿੱਤਾ ਹੈ। ਇਸ ਮੁਹਿੰਮ ਵਿੱਚ ਪਾਰਟੀ ਕਾਰਜਕਰਤਾਵਾ ਤੇ ਵਾਸੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ।



## ਧਾਰਮਿਕ ਪ੍ਰੀਖਿਆ ਕਰਵਾਈ

**ਸੁਲਤਾਨਪੁਰ ਲੋਧੀ (ਹਨੀ)** ਸਿੱਖ ਮਿਸ਼ਨ ਅਕੈਡਮੀ ਵੱਲੋਂ ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਧਾਰਮਿਕ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ। ਇਹ ਪ੍ਰੀਖਿਆ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋ, ਡਾਇਰੈਕਟਰ ਨਵਦੀਪ ਕੌਰ ਢਿੱਲੋ ਤੇ ਪ੍ਰਿੰਸੀਪਲ ਰਵਿੰਦਰਜੀਤ ਕੌਰ ਦੀ ਅਗਵਾਈ ਵਿਚ ਕਰਵਾਈ ਗਈ। ਐਕਟੀਵਿਟੀ ਇੰਚਾਰਜ ਚੰਚਲ ਤੇ ਪੂਜਾ ਸਹੋਤਾ ਵੱਲੋਂ ਇਨਵੀਜੀਲੇਟਰ ਅਤੇ ਸਿੱਖ ਮਿਸ਼ਨ ਅਕੈਡਮੀ ਸਕੂਲ ਦੀ ਅਧਿਆਪਕਾ ਦਲਜੀਤ ਕੌਰ ਵੱਲੋਂ ਅਬਜ਼ਰਵਰ ਦੀ ਭੂਮਿਕਾ ਨਿਭਾਈ ਗਈ। ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋ ਅਤੇ ਪ੍ਰਿੰਸੀਪਲ ਰਵਿੰਦਰਜੀਤ ਕੌਰ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਇਹੋ ਜਿਹੀਆਂ ਧਾਰਮਿਕ ਤੇ ਸਿੱਖਿਆਤਮਕ ਗਤੀਵਿਧੀਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



## 6.5 ਕਰੋੜ ਨਾਲ ਬਦਲੇਗੀ ਹੁਸ਼ਿਆਰਪੁਰ ਦੇ ਪਿੰਡਾਂ ਦੀ ਨੁਹਾਰ : ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ਼ਨੀਵਾਰ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਸ਼ਹਿਰੀ ਖੇਤਰ ਦੇ ਨਾਲ-ਨਾਲ ਪਿੰਡਾਂ ਵਿਚ ਵੀ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਵਿਚ 6.5 ਕਰੋੜ ਰੁਪਏ ਦੀ ਲਾਗਤ ਨਾਲ 38 ਕਿਲੋਮੀਟਰ ਲੰਬੀਆਂ 23 ਸੜਕਾਂ ਦਾ ਨਿਰਮਾਣ ਕਾਰਜ ਕੀਤਾ ਜਾ ਰਿਹਾ ਹੈ, ਜਿਸ ਨਾਲ ਵਿਧਾਨ ਸਭਾ ਹਲਕੇ ਦੇ ਗ੍ਰਾਮੀਣ ਕਨੈਕਟੀਵਿਟੀ ਵਿਚ ਵੱਡਾ ਸੁਧਾਰ ਆਵੇਗਾ।ਵਿਧਾਇਕ ਜਿੰਪਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਕਰੀਬ ਸਾਰੇ ਪਿੰਡਾਂ ਦੀਆਂ ਸੜਕਾਂ ਨੂੰ ਕਵਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਸੜਕਾਂ ਸਾਲ 2015-16 ਤੋਂ ਪੈਂਡਿੰਗ ਸਨ, ਜਿਸ 'ਤੇ ਇਸ ਦੌਰਾਨ ਦੋ ਸਰਕਾਰਾਂ ਬਦਲ ਜਾਣ ਦੇ ਬਾਵਜੂਦ ਕਿਸੇ ਨੇ ਧਿਆਨ ਨਹੀਂ ਦਿੱਤਾ। ਵਿਧਾਇਕ ਨੇ ਦੱਸਿਆ ਕਿ ਸੜਕ ਨਿਰਮਾਣ ਤਹਿਤ ਸ਼ਾਮਲ ਮੁੱਖ ਸੜਕਾਂ ਵਿਚ ਹੁਸ਼ਿਆਰਪੁਰ-ਊਨਾ ਰੋਡ ਨਾਰਾ ਤੋਂ ਡੱਲੇਵਾਲ ਠਰੋਲੀ, ਹੁਸ਼ਿਆਰਪੁਰ-ਬਹਾਦਰਪੁਰ ਰੋਡ ਤੋਂ ਬੱਸੀ ਗੁਲਾਮ ਹੁਸੈਨ, ਬੱਸੀ ਪੁਰਾਣੀ ਤੋਂ ਐਮ.ਸੀ. ਲਿਮਟ ਤੱਕ, ਨਵੀਂ ਆਬਾਦੀ ਆਦਮਵਾਲ ਤੋਂ ਬਹਾਦਪੁਰ-ਬੱਸੀ ਗੁਲਾਮ ਹੁਸੈਨ ਲਿੰਕ ਰੋਡ, ਸ਼ੇਰਗੜ੍ਹ ਪੁਰਹੀਰਾਂ ਤੋਂ ਢੋਲਣਵਾਲ, ਹੁਸ਼ਿਆਰਪੁਰ ਬਾਈਪਾਸ ਫੇਸ-1 ਤੋਂ ਬਜਵਾੜਾ, ਡੱਲੇਵਾਲ-ਠਰੋਲੀ ਤੋਂ ਪਟਿਆੜੀਆਂ ਵਾਇਆ ਹਾਈ ਸਕੂਲ, ਬੱਸੀ ਦਾਊਦ ਖਾਂ ਤੋਂ ਨਾਰੂ ਨੰਗਲ ਪੁਰਾਣਾ, ਸ਼ੇਰਗੜ੍ਹ ਤੋਂ ਛਾਉਣੀ ਕਲਾਂ, ਹੁਸ਼ਿਆਰਪੁਰ-ਊਨਾ ਰੋਡ ਤੋਂ ਚੱਕ ਸਾਧੂ-ਖੜਕਾਂ ਬੇਸ ਕੈਂਪ, ਗੁੱਜਰ ਬੱਸੀ ਤੋਂ ਐਮ.ਸੀ ਲਿਮਟ ਤੱਕ, ਮੰਨਣ ਤੋਂ ਪਟਿਆੜੀ, ਆਦਮਵਾਲ-ਸ਼ੇਰਪੁਰ ਰੋਡ ਤੋਂ ਬੱਸੀ ਗ਼ੁਲਾਮ ਹੁਸੈਨ, ਹੁਸ਼ਿਆਰਪੁਰ-ਧਰਮਸ਼ਾਲਾ ਤੋਂ ਥੱਥਲ, ਮਾਂਝੀ ਤੋਂ ਨਾਰਾ ਸਕੂਲ ਅਤੇ ਸ਼ਮਸ਼ਾਨਘਾਟ, ਪੁਰਾਣੀ ਬੱਸੀ ਮੰਦਰ ਵਾਲੀ ਗਲ਼ੀ, ਬੱਸੀ ਕਿੱਕਰਾਂ ਤੋਂ ਸਤਿਆਲ, ਬਿਲਾਸਪੁਰ ਬੱਸੀ ਬਾਹੀਆਂ ਵਾਇਆ ਸਿੰਘਪੁਰ ਅਤੇ ਬੱਸੀ ਮੁਸਤਫ਼ਾ ਤੋਂ ਮਹਿਲਾਂਵਾਲੀ ਰੋਡ ਸ਼ਾਮਲ ਹੈ।ਵਿਧਾਇਕ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੇ ਪੂਰਾ ਹੋਣ ਨਾਲ ਟ੍ਰੈਫਿਕ ਦਾ ਦਬਾਅ ਘੱਟ ਹੋਵੇਗਾ। ਇਸ ਮੌਕੇ ਅਮਰਜੋਤ ਸੈਣੀ, ਕੁਲਵਿੰਦਰ ਸਿੰਘ ਹੁੰਦਲ, ਪ੍ਰੀਤਪਾਲ ਸਿੰਘ, ਤਲਵਿੰਦਰ ਬਿੰਦੀ, ਪਵਨ ਕੁਮਾਰ, ਰਾਜਨ ਸੈਣੀ, ਜਤਿੰਦਰ ਸਰਪੰਚ, ਹਰਵਿੰਦਰ ਠਰੋਲੀ, ਰਵੀ ਡੱਲੇਵਾਲ, ਸਾਧੂ ਰਾਮ, ਰਾਜਿੰਦਰ ਕੁਮਾਰ, ਪਰਿਆਗਦੀਪ, ਗ੍ਰਾਮ ਪੰਚਾਇਤ ਨਾਰਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



## 2 ਦੇ ਝੰਡਾ ਮਾਰਚ 'ਚ ਅਧਿਆਪਕ ਵਧ-ਚੜ੍ਹ ਕੇ ਹਿੱਸਾ ਲੈਣਗੇ : ਜੀ ਟੀ ਯੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ 'ਤੇ 2 ਨਵੰਬਰ ਨੂੰ ਤਰਨ ਤਾਰਨ ਵਿਖੇ ਝੰਡਾ ਮਾਰਚ ਵਿੱਚ ਅਧਿਆਪਕ ਵੱਧ ਚੜ੍ਹ ਕੇ ਹਿੱਸਾ ਲੈਣਗੇ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁਲਾਜ਼ਮ ਤੇ ਲੋਕ ਵਿਰੋਧੀ ਚਿਹਰਾ ਜ਼ਿਮਨੀ ਚੋਣ ਦੌਰਾਨ ਵੋਟਰਾਂ ਦੀ ਕਚਹਿਰੀ ਵਿੱਚ ਨਸ਼ਰ ਕਰਨਗੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਪ੍ਰਿਤਪਾਲ ਸਿੰਘ ਚੌਟਾਲਾ ਜ਼ਿਲ੍ਹਾ ਪ੍ਰਧਾਨ ਜਸਵੀਰ ਤਲਵਾੜਾ ਜਨਰਲ ਸਕੱਤਰ ਗੌਰਮਿੰਟ ਟੀਚਰਜ਼ ਯੂਨੀਅਨ ਹੁਸ਼ਿਆਰਪੁਰ ਨੇ ਕਿਹਾ ਕਿ ਆਪ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਨੂੰ ਲਿਖਤੀ ਗਰੰਟੀ ਦਿੱਤੀ ਸੀ ਕਿ ਪੰਜਾਬ ਵਿੱਚ ਆਪ ਸਰਕਾਰ ਬਣਦਿਆਂ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ, ਪਰ ਪੰਜਾਬ ਸਰਕਾਰ ਦੁਆਰਾ 18 ਨਵੰਬਰ 2022 ਨੂੰ ਦਿਵਾਲੀ ਤੋਂ ਪਹਿਲਾਂ ਕੀਤਾ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਨਹੀਂ ਲਾਗੂ ਕਰ ਪਾਈ ਜਦਕਿ ਗੁਆਂਢੀ ਸੂਬੇ ਹਿਮਾਚਲ ਨੇ ਛੇ ਮਹੀਨੇ ਅੰਦਰ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਆਪਣਾ ਚੋਣ ਵਾਅਦਾ ਇਮਾਨਦਾਰੀ ਨਾਲ ਨਿਭਾਇਆ। ਪੰਜਾਬ ਦੇ ਦੋ ਲੱਖ ਕਰਮਚਾਰੀਆਂ ਦੀ ਮੁੱਖ ਮੰਤਰੀ ਦੇ ਐਲਾਨ ਤੋਂ ਚਾਰ ਸਾਲ ਬਾਅਦ ਵੀ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਅਤੇ ਕਰਮਚਾਰੀ ਐਨ ਪੀ ਐਸ ਅਧੀਨ ਹੀ ਨਿਗੂਣੀ ਪੈਨਸ਼ਨ ਦਿੱਤੀ ਜਾ ਰਹੀ। ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਜਾ ਰਹੀ ਇਸ ਧੱਕੇਸ਼ਾਹੀ ਨੂੰ ਲੋਕ ਕਚਹਿਰੀ ਵਿੱਚ ਤਰਨਤਾਰਨ ਜਿਮਨੀ ਚੋਣ ਦੌਰਾਨ ਝੰਡਾ ਮਾਰਚ ਕਰ ਕੇ ਵੋਟਰਾਂ ਨੂੰ ਦੱਸਣਗੇ। ਇਸ ਮੌਕੇ ਪ੍ਰਿੰਸ ਗੜਦੀਵਾਲ , ਸੱਚੀ ਨੂੰ ਕੁਮਾਰ ਵਿਕਾਸ ਸ਼ਰਮਾ ਦਵਿੰਦਰ ਹੁਸ਼ਿਆਰਪੁਰ ਸਰਬਜੀਤ ਸਿੰਘ ਡੱਫਰ ਰਾਜ ਕੁਮਾਰ ਹੁਸ਼ਿਆਰਪੁਰ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

## ਕਪੂਰਥਲਾ ਤੋਂ ਨਗਰ ਕੀਰਤਨ ਦੇ ਰੂਪ 'ਚ 25ਵੀਂ ਪੈਦਲ ਯਾਤਰਾ ਪਹੁੰਚੀ ਸੁਲਤਾਨਪੁਰ ਲੋਧੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਲਤਾਨਪੁਰ ਲੋਧੀ ਦੀ ਪਾਵਨ ਧਰਤੀ ਤੇ 556ਵਾਂ ਪ੍ਰਕਾਸ਼ ਗੁਰਪੁਰਬ ਮਨਾਇਆ ਜਾ ਰਿਹਾ ਹੈ ਜਿਸ ਨੂੰ ਲੈ ਕੇ 26 ਅਕਤੂਬਰ ਨੂੰ ਕਪੂਰਥਲਾ ਦੇ ਸਟੇਟ ਗੁਰਦੁਆਰਾ ਸਾਹਿਬ ਤੋਂ 25ਵੀਂ ਪੈਦਲ ਯਾਤਰਾ ਨਗਰ ਕੀਰਤਨ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰੇ ਦੀ ਅਗਵਾਈ 'ਚ ਸੁਲਤਾਨਪੁਰ ਲੋਧੀ ਦੀ ਪਾਵਨ ਧਰਤੀ ਤੇ ਗੁਰੂਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਵੇਗੀ। ਜਿੱਥੇ ਸੰਗਤਾਂ ਵੱਲੋਂ ਨਗਰ ਕੀਰਤਨ ਰੂਪੀ ਪੈਦਲ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਪੈਦਲ ਯਾਤਰਾ 'ਚ ਵੱਡੀ ਗਿਣਤੀ ਚ ਸੰਗਤਾਂ ਨੇ ਸ਼ਿਰਕਤ ਕੀਤੀ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ।ਇਸ ਮੌਕੇ ਪਾਵਨ ਨਗਰੀ ਵਿੱਚ ਵੀ ਸੰਗਤਾਂ ਲਈ ਅਲੱਗ ਅਲੱਗ ਪ੍ਰਕਾਰ ਦੇ ਲੰਗਰ ਲਗਾਏ ਗਏ।

## ਨੌਜਵਾਨਾਂ ਨੇ ਲਗਾਇਆ ਖ਼ੂਨ ਦਾਨ ਕੈਂਪ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਮਾਜਿਕ ਜ਼ਿੰਮੇਵਾਰੀ ਅਤੇ ਭਾਈਚਾਰਕ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਇੱਕ ਉੱਤਮ ਪਹਿਲ ਕਦਮੀ ਵਿੱਚ ਪਿੰਡ ਸੈਦਪੁਰਾ ਦੇ ਨੌਜਵਾਨਾਂ ਵੱਲੋਂ 26 ਅਕਤੂਬਰ ਨੂੰ ਪਿੰਡ ਵਿੱਚ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਦਾ ਉਦਘਾਟਨ ਨਿਰਮਲ ਸਿੰਘ ਨਿੰਮਾ ਅਤੇ ਸਤਿੰਦਰ ਕੁਮਾਰ ਵੱਲੋਂ ਕੀਤਾ ਗਿਆ। ਕੈਂਪ ਵਿੱਚ ਪਿੰਡ ਦੇ ਨੌਜਵਾਨਾਂ ਅਤੇ ਸਥਾਨਕ ਪਿੰਡ ਨਿਵਾਸੀਆਂ ਦੀ ਉਤਸ਼ਾਹ ਜਨਕ ਭਾਗੇਦਾਰੀ ਦੇਖਣ ਨੂੰ ਮਿਲੀ। ਕੁਲ 130 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ ਜਿਸ ਦੀ ਵਰਤੋਂ ਖੇਤਰ ਵਿੱਚ ਖ਼ੂਨ ਚੜ੍ਹਾਉਣ ਦੀ ਜ਼ਰੂਰਤ ਵਾਲੇ ਮਰੀਜ਼ਾਂ ਦੀ ਸਹਾਇਤਾ ਲਈ ਕੀਤੀ ਜਾਵੇਗੀ। ਬਲੱਡ ਕੈਂਪ ਸੈਕਟਰ 32 ਚੰਡੀਗੜ੍ਹ ਦੇ ਇੰਚਾਰਜ ਡਾਕਟਰ ਵਿਸ਼ਵਜੀਤ ਅਤੇ ਉਨ੍ਹਾਂ ਦੀ ਟੀਮ ਵੱਲੋਂ ਇਕੱਤਰ ਕੀਤਾ ਗਿਆ। ਖ਼ੂਨਦਾਨ ਕੈਂਪ ਨੂੰ ਸ਼ਾਨਦਾਰ ਸਫਲ ਬਣਾਉਣ ਵਾਲੇ ਸਾਰੇ ਲੋਕਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਨਿਰਮਲ ਸਿੰਘ ਨਿਮਾ ਨੇ ਕਿਹਾ ਕਿ ਮਾਨਵ ਸੇਵਾ ਲਈ ਕੀਤਾ ਗਿਆ ਇਹ ਉਪਰਾਲਾ ਸ਼ਲਾਘਾਯੋਗ ਹੈ। ਖ਼ੂਨਦਾਨ ਕੈਂਪ ਦੌਰਾਨ ਖ਼ੂਨਦਾਨੀਆਂ ਵਾਸਤੇ ਦੁੱਧ, ਫਰੂਟ, ਜੂਸ ਆਦੀ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।



## ਵਿਧਾਇਕ ਰੰਧਾਵਾ ਨੇ ਵਿਕਾਸ ਕੰਮ ਸ਼ੁਰੂ ਕਰਵਾਏ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵਾਰਡ ਨੰਬਰ 8 ਦੇ ਲੱਕੀ ਵਿਹਾਰ ਇਲਾਕੇ ਵਿੱਚ ਨਗਰ ਕੌਂਸਲ ਦੇ ਪ੍ਰਧਾਨ, ਬਲਾਕ ਪ੍ਰਧਾਨ, ਐਮ.ਸੀ. ਮੈਂਬਰਾਂ ਤੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਲਗਭਗ 25 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਤੇ ਸੜਕਾਂ ਦੇ ਕੰਮਾਂ ਦੀ ਸ਼ੁਰੂਆਤ ਕੀਤੀ।ਵਿਧਾਇਕ ਨੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਇਹ ਸਾਰੇ ਕੰਮ ਉੱਚ ਗੁਣਵੱਤਾ ਨਾਲ ਤੇ ਨਿਰਧਾਰਤ ਸਮੇਂ ਅੰਦਰ ਪੂਰੇ ਕੀਤੇ ਜਾਣ, ਤਾਂ ਜੋ ਵਾਰਡ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਦਾ ਲਾਭ ਜਲਦ ਤੋਂ ਜਲਦ ਮਿਲ ਸਕੇ।ਇਸ ਤੋਂ ਬਾਅਦ ਰੰਧਾਵਾ ਨੇ ਵਾਰਡ ਨੰਬਰ 19 ਦੇ ਸ੍ਰੀ ਰਵਿਦਾਸ ਮੁਹੱਲੇ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਦੇ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦਾ ਮਕਸਦ ਹਰ ਗਲੀ, ਹਰ ਮੁਹੱਲੇ ਤੱਕ ਵਿਕਾਸ ਪਹੁੰਚਾਉਣਾ ਹੈ ਅਤੇ ਕਿਸੇ ਵੀ ਇਲਾਕੇ ਨੂੰ ਅਣਡਿੱਠਾ ਨਹੀਂ ਛੱਡਿਆ ਜਾਵੇਗਾ।ਮੌਕੇ ਵਾਰਡ ਨੰਬਰ 8 ਅਤੇ 19 ਦੇ ਵਸਨੀਕਾਂ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦਾ ਤਹਿਦਿਲੋਂ ਧੰਨਵਾਦ ਕੀਤਾ ।ਉਨ੍ਹਾਂ ਕਿਹਾ ਕਿ ਉਹ ਖੁਦ ਹਰ ਵਾਰਡ ਤੇ ਹਰ ਪਿੰਡ ਦਾ ਦੌਰਾ ਕਰਦੇ ਹਨ ਤਾਂ ਜੋ ਵਿਕਾਸ ਦੇ ਕੰਮ ਨਿਰਵਿਘਨ ਜਾਰੀ ਰਹਿਣ।

## ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ ਰੋਸ ਪ੍ਰਦਰਸ਼ਨ 3 ਨੂੰ

### ਪੁਰਾਣੀ ਪੈਨਸ਼ਨ ਦੇ ਨੋਟੀਫਿਕੇਸ਼ਨ ਨੂੰ ਤੁਰੰਤ ਲਾਗੂ ਕਰੇ ਸਰਕਾਰ: ਪੀ ਪੀ ਪੀ ਐੱਫ਼



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਦਾ ਤਿੰਨ ਸਾਲ ਪਹਿਲਾਂ ਕਾਗਜ਼ੀ ਨੋਟੀਫਿਕੇਸ਼ਨ ਜਾਰੀ ਕਰਕੇ ਲਾਗੂ ਕਰਨ ਤੋਂ ਪਿੱਛੇ ਹਟੀ ਆਪ ਸਰਕਾਰ ਖਿਲਾਫ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ (ਪੀ.ਪੀ.ਪੀ.ਐੱਫ਼.) ਪੰਜਾਬ ਵੱਲੋਂ ਸੰਘਰਸ਼ੀ ਮੋਰਚਾ ਖੋਲ੍ਹਣ ਦਾ ਐਲਾਨ ਕੀਤਾ ਗਿਆ। ਜਿਸ ਤਹਿਤ ਫ਼ਰੰਟ ਵਲੋਂ 3 ਨਵੰਬਰ ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਮੂਹਰੇ ਜ਼ਿਲ੍ਹਾ ਪੱਧਰੀ ਰੋਸ ਮੁਜ਼ਾਹਰਾ ਕਰਕੇ ਸ਼ਹਿਰ ਵਿੱਚ ਰੋਸ ਮਾਰਚ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ਼.) ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਸਥਾਨਕ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਵਿਖੇ ਹੋਈ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਫ਼ਰੰਟ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਮਨਜੀਤ ਸਿੰਘ ਦਸੂਹਾ, ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਵਿੱਤ ਸਕੱਤਰ ਨੰਦ ਰਾਮ ਅਤੇ ਡੀ.ਟੀ.ਐੱਫ਼. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਆਦਿ ਆਗੂਆਂ ਨੇ ਦੱਸਿਆ ਕਿ ਪੰਜਾਬ ਦੀ ਮੌਜੂਦਾ ਆਪ ਸਰਕਾਰ ਵਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਦੇ ਤਿੰਨ ਸਾਲ ਬੀਤਣ ਮਗਰੋਂ ਵੀ ਇੱਕ ਵੀ ਐੱਨ.ਪੀ.ਐੱਸ. ਮੁਲਾਜ਼ਮ ਨੂੰ ਪੁਰਾਣੀ ਪੈਨਸ਼ਨ ਦਾ ਲਾਭ ਨਹੀਂ ਮਿਲਿਆ । ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਐਲਾਨ ਕੇਵਲ ਅਖ਼ਬਾਰੀ ਇਸ਼ਤਿਹਾਰਾਂ ਅਤੇ ਬਿਆਨਾਂ ਤੱਕ ਹੀ ਸੀਮਤ ਹੈ। ਹੁਣ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਮੁਲਾਜ਼ਮ ਮਾਮਲਿਆਂ ਨੂੰ ਲੈ ਕੇ ਗਠਿਤ ਕੈਬਨਿਟ ਸਬ ਕਮੇਟੀ ਸੂਬੇ ਦੀ ਮਾੜੀ ਵਿੱਤੀ ਹਾਲਤ ਨੂੰ ਬਹਾਨਾ ਬਣਾ ਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਬਜਾਏ ਕੇਂਦਰੀ ਯੂ.ਪੀ.ਐੱਸ. ਸਕੀਮ ਨੂੰ ਥੋਪਣ ਦੀ ਤਿਆਰੀ ਵਿੱਚ ਹਨ। ਜਿਸ ਨੂੰ ਐੱਨ.ਪੀ.ਐੱਸ. ਮੁਲਾਜ਼ਮਾਂ ਨੇ ਧੁਰੋਂ ਨਕਾਰ ਦਿੱਤਾ ਹੈ। ਉਹਨਾਂ ਕੇਂਦਰੀ ਮੋਦੀ ਹਕੂਮਤ ਦੀ ਪੁਰਾਣੀ ਪੈਨਸ਼ਨ ਵੱਲ ਵਧਣ ਵਾਲੇ ਸੂਬਿਆਂ ਦੀ ਆਰਥਿਕ ਘੇਰਾਬੰਦੀ ਕਰਕੇ ਸੂਬਾ ਸਰਕਾਰਾਂ ਨੂੰ ਪੁਰਾਣੀ ਪੈਨਸ਼ਨ ਤੋਂ ਪਿੱਛੇ ਹਟਣ ਲਈ ਮਜਬੂਰ ਕਰਨ ਦੀ ਬਾਂਹ ਮਰੋੜਨ ਵਾਲ਼ੀ ਨੀਤੀ ਦੀ ਵੀ ਸਖ਼ਤ ਨਿਖੇਧੀ ਕੀਤੀ ਹੈ।ਡੀ.ਟੀ.ਐੱਫ਼. ਦੇ ਜ਼ਿਲ੍ਹਾ ਮੀਤ ਪ੍ਰਧਾਨ ਰਜਿੰਦਰ ਹੇਜਮਾਂ, ਜੁਆਇੰਟ ਸਕੱਤਰ ਪ੍ਰਵੀਨ ਸ਼ੇਰਪੁਰ, ਬਲਜਿੰਦਰ ਸਹੋਤਾ ਤੇ ਜਸਮੀਤ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਆਪ ਸਰਕਾਰ ਦੀ ਪੈਨਸ਼ਨ ਲਾਗੂ ਕਰਨ ਦੀ ਨਾਕਾਮੀ ਖ਼ਿਲਾਫ਼ ਫ਼ਰੰਟ ਵੱਲੋਂ 3 ਨਵੰਬਰ ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਹੁਸ਼ਿਆਰਪੁਰ ਮੂਹਰੇ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕਰਕੇ ਸ਼ਹਿਰ ਅੰਦਰ ਰੋਸ ਮਾਰਚ ਕੱਢਿਆ ਜਾਵੇਗਾ। ਇਸ ਮੌਕੇ ਸੰਜੀਵ ਕਲਸੀ, ਅਸ਼ਨੀ ਕੁਮਾਰ, ਪ੍ਰਦੀਪ ਗੁਰੂ, ਬਲਕਾਰ ਸਿੰਘ ਪੁਰਿਕਾ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਜਸਵਿੰਦਰ ਝਿੰਗੜ, ਜੀਵਨ ਕੁਮਾਰ ਸੰਧੂ, ਅਮਨਦੀਪ ਚੌਹਾਨ, ਜਸਮੀਤ ਸਿੰਘ, ਸੰਦੀਪ ਸਿੰਘ ਲਾਂਬੜਾ, ਰੇਸ਼ਮ ਸਿੰਘ ਧੁੱਗਾ, ਬਲਬੀਰ ਸਿੰਘ ਧਾਮੀ, ਜਰਨੈਲ ਡਘਾਮ, ਅਜੇ ਕੁਮਾਰ, ਕਰਨੈਲ ਸਿੰਘ ਅਤੇ ਪਰਮਜੀਤ ਸਿੰਘ ਆਦਿ ਵੀ ਹਾਜ਼ਰ ਸਨ।

## 25 ਵਿਦਿਆਰਥੀਆਂ ਨੂੰ ਮੁਫ਼ਤ ਐਨਕਾਂ ਵੰਡੀਆਂ




**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਰੋਟਰੀ ਕਲੱਬ ਹੁਸ਼ਿਆਰਪੁਰ ਵੱਲੋਂ ਪ੍ਰੋਜੈਕਟ ਗੇਸਾਈਟ ਵਿਜ਼ਨ ਦੇ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਅੱਜੋਵਾਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਪ੍ਰੀਤ ਨਗਰ ਦੇ 25 ਵਿਦਿਆਰਥੀਆਂ ਨੂੰ ਮੁਫ਼ਤ ਐਨਕਾਂ ਵੰਡੀਆਂ ਗਈਆਂ। ਇਹ ਸਮਾਰੋਹ ਕਲੱਬ ਦੇ ਪ੍ਰਧਾਨ ਰੋਟੇਰੀਅਨ ਅਵਤਾਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।ਇਸ ਮੌਕੇ ਪਰਵੀਨ ਪੱਬੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੋਟਰੀ ਕਲੱਬ ਦਾ ਇਹ ਪ੍ਰੋਜੈਕਟ ਉਹਨਾਂ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਹੈ ਜੋ ਨਜ਼ਰ ਦੀ ਕਮਜ਼ੋਰੀ ਕਾਰਨ ਪੜ੍ਹਾਈ ਵਿੱਚ ਦਿੱਕਤ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਹਰ ਬੱਚੇ ਨੂੰ ਸਾਫ਼ ਨਜ਼ਰ ਦਾ ਅਧਿਕਾਰ ਹੈ, ਕਿਉਂਕਿ ਜਦੋਂ ਨਜ਼ਰ ਸਾਫ਼ ਹੁੰਦੀ ਹੈ ਤਾਂ ਸੁਪਨੇ ਵੀ ਸਾਫ਼ ਦਿਸਦੇ ਹਨ। ਰੋਟਰੀ ਕਲੱਬ ਦਾ ਮਕਸਦ ਸਿਰਫ਼ ਸਹਾਇਤਾ ਦੇਣਾ ਨਹੀਂ, ਸਗੋਂ ਬੱਚਿਆਂ ਦੇ ਭਵਿੱਖ ਨੂੰ ਰੋਸ਼ਨ ਕਰਨਾ ਹੈ। ਇਸ ਮੌਕੇ ਕਲੱਬ ਸਕੱਤਰ ਇੰਦਰਪਾਲ ਸਿੰਘ ਸਚਦੇਵਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਦੱਸਿਆ ਕਿ ਰੋਟਰੀ ਕਲੱਬ ਵੱਲੋਂ ਨਿਰੰਤਰ ਅਜਿਹੇ ਜਨਹਿਤ ਕੰਮ ਕੀਤੇ ਜਾ ਰਹੇ ਹਨ ਜਿਨ੍ਹਾਂ ਨਾਲ ਸਮਾਜ ਦੇ ਲੋੜਵੰਦ ਵਰਗ ਨੂੰ ਸਿੱਧਾ ਲਾਭ ਮਿਲ ਰਿਹਾ ਹੈ। ਇਸ ਸਮਾਰੋਹ ਵਿੱਚ ਕਲੱਬ ਦੇ ਸੀਨੀਅਰ ਮੈਂਬਰ, ਸਤੀਸ਼ ਗੁਪਤਾ, ਲੋਕ ਨਾਥ ਵਰਮਾ, ਸੰਜੀਵ ਸ਼ਰਮਾ, ਬਿੰਦਰ ਸਿੰਘ, ਜੇ ਐੱਸ ਭੋਗਲ, ਵਿਕਰਮ ਸ਼ਰਮਾ, ਰਾਕੇਸ਼ ਕਪੂਰ, ਜਤਿੰਦਰ ਕੁਮਾਰ, ਮਨੋਜ ਓਹਰੀ, ਡੀ ਪੀ ਕਥੂਰਿਆ, ਰੋਹਿਤ ਚੋਪੜਾ, ਜਗਮੀਤ ਸਿੰਘ ਸੇਠੀ, ਰਜਨੀਸ਼ ਗੁਲਿਆਨੀ, ਕੁਲਜੀਤ ਸਿੰਘ ਸੈਣੀ ਅਤੇ ਜਤਿੰਦਰ ਦੁੱਗਲ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

## ਸੰਤ ਬਾਬਾ ਉਧੋ ਰਾਮ ਦੀ ਸਾਲਾਨਾ 36ਵੀਂ ਬਰਸੀ ਮੌਕੇ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਇਤਿਹਾਸਕ ਪਿੰਡ ਭੁੰਗਰਨੀ ਵਿਖੇ ਸੰਤ ਬਾਬਾ ਉਧੋ ਰਾਮ ਜੀ ਦੀ ਕੁਟੀਆ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬ੍ਰਹਮ ਗਿਆਨੀ 108 ਸੰਤ ਬਾਬਾ ਉਧੋ ਰਾਮ ਜੀ ਦੀ ਸਲਾਨਾ 36ਵੀਂ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਸੇਵਾਦਾਰ ਭੁਪਿੰਦਰ ਸਿੰਘ ਭੁੰਗਰਨੀ, ਕੇਵਲ ਸਿੰਘ, ਅਮਰੀਕ ਸਿੰਘ ਲੱਕੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਲਾਨਾ ਬਰਸੀ ਸਮਾਗਮ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਅਵਤਾਰ ਸਿੰਘ ਫਗਵਾੜਾ, ਭਾਈ ਕੁਲਦੀਪ ਸਿੰਘ ਭੁੰਗਰਨੀ, ਭਾਈ ਪ੍ਰਸ਼ੋਤਮ ਸਿੰਘ ਭੁੰਗਰਨੀ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਰਾਗੀ ਜਥੇ, ਪ੍ਰਮੁੱਖ ਸ਼ਖਸੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਰਾਮ ਕੁਮਾਰ ਮੋਗਾ, ਰੱਲਾ ਰਾਮ ਮੋਗਾ, ਅਮਰਜੀਤ ਸਿੰਘ ਫਗਵਾੜਾ, ਸੰਤੋਖ ਸਿੰਘ ਡਰੋਲੀ, ਗੋਪੀ ਖੇੜਾ, ਸੁਖਦੇਵ ਸਿੰਘ, ਹਰਭਜਨ ਸਿੰਘ ਖੇੜਾ, ਜੋਲੀ, ਰਵਿੰਦਰ ਸਿੰਘ ਹੁਸ਼ਿਆਰਪੁਰ, ਕੋਮਲ ਆਦਮਪੁਰ, ਸੁਰਜੀਤ ਸਿੰਘ ਹੈਪੀ, ਪਿਆਰਾ ਰਾਮ, ਹਰਭਜਨ ਸਿੰਘ, ਮਦਨ ਲਾਲ, ਜਗਤਾਰ ਸਿੰਘ ਭੁੰਗਰਨੀ, ਕੇਵਲ ਸਿੰਘ, ਅਮਰੀਕ ਸਿੰਘ, ਸੋਮ ਪ੍ਰਕਾਸ਼, ਗੁਰਮੀਤ ਰਾਮ ਸਲੇਮਪੁਰ, ਦਵਿੰਦਰ ਸਿੰਘ, ਜੱਗੀ, ਰਾਮ ਲੁਭਾਇਆ, ਰਣਜੀਤ ਕੁਮਾਰੀ, ਦਲਜੀਤ ਸਿੰਘ, ਧਰਮ ਸਿੰਘ, ਬਚਨ ਸਿੰਘ, ਦਰਸ਼ਨ ਕੌਰ, ਪ੍ਰਦੀਪ ਸਿੰਘ, ਅਵਤਾਰ ਸਿੰਘ ਇਟਲੀ, ਹਰਵਿੰਦਰ ਸਿੰਘ ਯੂਕੇ, ਜਸਵੰਤ ਸਿੰਘ ਇਟਲੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



## ਮਾਨ ਦੀ ਅਗਵਾਈ 'ਚ ਪੰਜਾਬ ਵਿਕਾਸ ਦੇ ਨਵੇਂ ਪੱਧਰ 'ਤੇ : ਰੌੜੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਹਲਕੇ ਦੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਹਲਕੇ ਦੀਆਂ ਵੱਖ-ਵੱਖ ਪੰਚਾਇਤਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਮੁਕੰਦਪੁਰ, ਮਜਾਰਾ ਡੀਂਗਰੀਆਂ, ਕੋਟ ਰਾਜਪੂਤਾਂ, ਮਹਿੰਦਵਾਣੀ, ਨਾਜਰਪੁਰ, ਸੌਲੀ, ਪਰਸੋਤਾਂ, ਬਡੇਸਰੋਂ, ਬੀਰਮਪੁਰ, ਪੁਰਖੋਵਾਲ, ਥਾਣਾ, ਮਾਣਸੋਵਾਲ, ਝੋਨੋਵਾਲ, ਪੈਂਸਰਾ, ਪਦਰਾਣਾ, ਨੂਰਪੁਰ ਜੱਟਾਂ, ਐਮਾ ਮੁਗਲਾਂ, ਸੀਹਵਾਂ, ਜੀਵਨਪੁਰ ਜੱਟਾ, ਮਹਿੰਦਵਾਣੀ ਗੁੱਜਰਾਂ, ਐਮਾ ਜੱਟਾਂ, ਹਰਵਾਂ, ਲੱਲੀਆਂ, ਚੱਕ ਰੋਤਾਂ, ਕਾਲੇਵਾਲ (ਬੀਤ), ਨੈਣਵਾ, ਦਦਿਆਲ, ਗੱਦੀਵਾਲ, ਦੋਹਲਰੋ, ਭਾਮੀਆਂ, ਕਿੱਤਣਾ, ਫਤਿਹਪੁਰ ਖ਼ੁਰਦ, ਮੈਰਾ, ਨੰਗਲਾਂ, ਪੰਡੋਰੀ ਬੀਤ ਅਤੇ ਮੇਘੋਵਾਲ ਸਮੇਤ ਕਈ ਪੰਚਾਇਤਾਂ ਦੇ ਸਰਪੰਚ ਪੰਚ ਅਤੇ ਪ੍ਰਤੀਨਿਧੀ ਹਾਜ਼ਰ ਸਨ। ਮੀਟਿੰਗ ਦੌਰਾਨ ਡਿਪਟੀ ਸਪੀਕਰ ਰੌੜੀ ਨੇ ਪਿੰਡਾਂ ਵਿੱਚ ਲੰਬੇ ਸਮੇਂ ਤੋਂ ਲੰਬਿਤ ਪਏ ਵਿਕਾਸ ਕਾਰਜਾਂ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਅਤੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਕੰਮ ਜਲਦ ਤੋਂ ਜਲਦ ਪੂਰੇ ਕੀਤੇ ਜਾਣ। ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਇਸ ਮੌਕੇ ਡਿਪਟੀ ਸਪੀਕਰ ਰੌੜੀ ਨੇ ਮੁੱਖ ਮੰਤਰੀ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਦੂਰਦਰਸ਼ੀ ਸੋਚ ਅਤੇ ਵਿਕਾਸ ਪ੍ਰਤੀ ਸਮਰਪਿਤ ਨੀਤੀਆਂ ਕਾਰਨ ਪੰਜਾਬ ਨਵੇਂ ਵਿਕਾਸ ਮਾਰਗਾਂ 'ਤੇ ਅੱਗੇ ਵਧ ਰਿਹਾ ਹੈ।



## ਕੋਟ ਫਤੂਹੀ ਪ੍ਰਾਇਮਰੀ ਬਲਾਕ ਦੀਆਂ ਖੇਡਾਂ ਸ਼ਾਨੋ-ਸ਼ੌਕਤ ਨਾਲ ਸ਼ੁਰੂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਕੋਟ ਫਤੂਹੀ ਬਲਾਕ ਦੀਆਂ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਦਾ ਆਗਾਜ਼ ਸ਼ਾਨੋ-ਸ਼ੌਕਤ ਨਾਲ ਕਲੱਸਟਰ ਇੰਚਾਰਜ ਮੈਡਮ ਦਰਸ਼ਨ ਕੌਰ ਸੀ.ਐੱਚ.ਟੀ ਅਜਨੋਹਾ, ਨਰਿੰਦਰ ਸਿੰਘ ਸੀ.ਐੱਚ.ਟੀ ਅਹਿਰਾਣਾ, ਬਲਜਿੰਦਰ ਪਾਲ ਐੱਚ.ਟੀ ਇੰਚਾਰਜ ਅੱਛਰਵਾਲ, ਕਰਮਵੀਰ ਐੱਚ.ਟੀ ਇੰਚਾਰਜ ਨਡਾਲੋਂ, ਜਤਿੰਦਰ ਕੁਮਾਰ ਐੱਚ.ਟੀ. ਇੰਨਚਾਰਜ ਐਮਾਂ ਜੱਟਾਂ, ਗੁਰਪ੍ਰੀਤ ਕੌਰ ਐੱਚ.ਟੀ. ਇੰਚਾਰਜ ਮਜਾਰਾ ਡੀਂਗਰੀਆਂ ਅਤੇ ਮੀਨਾਕਸ਼ੀ ਐੱਚ.ਟੀ. ਇੰਚਾਰਜ ਬਹਿਬਲਪੁਰ ਠੀਂਡਾ ਦੀ ਅਗਵਾਈ ਵਿੱਚ ਅਤੇ ਸੁਖਜੀਵਨ ਸਿੰਘ, ਬਲਵੀਰ ਸਿੰਘ, ਗੁਰਪ੍ਰੀਤ ਕੌਰ, ਪਲਵਿੰਦਰ ਕੌਰ, ਰਵਿੰਦਰ ਕੌਰ, ਪਰਮਜੀਤ ਕੌਰ, ਕੁਲਵੰਤ ਕੌਰ, ਨਿਸ਼ਾ ਕੁਮਾਰੀ, ਸਰਬਜੀਤ ਕੌਰ, ਹਰਦੇਵ ਗਿੱਲ, ਰਾਜਵਿੰਦਰ ਕੌਰ, ਗੁਰਜੀਤ ਦੇਵੀ, ਅਮਰਜੀਤ, ਕਮਲਾ ਦੇਵੀ, ਕੁਲਵੀਰ ਕੌਰ ਅਤੇ ਸਤਵੀਰ ਕੌਰ (ਸਾਰੇ ਹੈੱਡ-ਟੀਚਰ) ਦੀ ਦੇਖ-ਰੇਖ ਵਿੱਚ ਕਲੱਸਟਰ ਅਜਨੋਹਾ ਵਿਖੇ ਹੋਇਆ।ਇਨ੍ਹਾਂ ਖੇਡਾਂ ਦਾ ਉਦਘਾਟਨ ਸੇਵਾਮੁਕਤ ਬਲਾਕ ਨੋਡਲ ਅਫ਼ਸਰ ਪਵਨ ਕੁਮਾਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦੇ ਪ੍ਰਿੰਸੀਪਲ ਹਰਮਨੋਜ ਕੁਮਾਰ ਨੇ ਸਾਂਝੇ ਤੌਰ 'ਤੇ ਕੀਤਾ।ਇਹਨਾਂ ਖੇਡਾਂ ਵਿੱਚ ਕੋਟ ਫਤੂਹੀ ਬਲਾਕ ਦੇ ਸੱਤ ਕਲੱਸਟਰਾਂ ਦੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀ ਵੱਖ-ਵੱਖ ਖੇਡਾਂ ਵਿੱਚ ਭਾਗ ਲੈ ਰਹੇ ਹਨ।ਪਹਿਲੇ ਦਿਨ ਖੇਡੇ ਗਏ ਮੈਚਾਂ ਵਿੱਚ ਕਲੱਸਟਰ ਅਹਿਰਾਣਾ ਖੁਰਦ ਦੀ ਫੁੱਟਬਾਲ ਟੀਮ ਨੇ ਕਲੱਸਟਰ ਅੱਛਰਵਾਲ ਨੂੰ ਹਰਾਇਆ, ਬੈਡਮਿੰਟਨ ਵਿੱਚ ਅੱਛਰਵਾਲ ਕਲੱਸਟਰ ਨੇ ਕਲੀਨ ਸਵੀਪ ਕੀਤਾ, ਕਬੱਡੀ ਦੇ ਮੈਚ ਵਿੱਚ ਐਮਾ ਜੱਟਾਂ ਕਲੱਸਟਰ ਨੇ ਅਹਿਰਾਣਾ ਖੁਰਦ ਕਲੱਸਟਰ ਨੂੰ ਹਰਾਇਆ, ਮਜਾਰਾ ਡੀਂਗਰੀਆ ਕਲੱਸਟਰ ਨੇ ਅਜਨੋਹਾ ਕਲੱਸਟਰ ਨੂੰ ਹਰਾਇਆ ਅਤੇ ਸ਼ਾਟਪੁੱਟ ਵਿੱਚ ਅਜਨੋਹਾ ਕਲੱਸਟਰ ਦੀ ਟੀਮ ਜੇਤੂ ਰਹੀ।ਇਸ ਮੌਕੇ ਸੁਰਿੰਦਰ ਸਿੰਘ ਡਾਟਾ ਐਂਟਰੀ, ਕ੍ਰਿਸ਼ਨ ਕੁਮਾਰ, ਨਰਿੰਦਰ ਅਜਨੋਹਾ, ਹੇਮਰਾਜ, ਸੇਠੀ ਰਾਮ, ਮੱਖਣ ਸਿੰਘ, ਗੁਰਵਿੰਦਰ ਸਿੰਘ, ਅਭਿਸ਼ੇਕ ਗਰਗ, ਸਤਿਗੁਰ ਸਿੰਘ, ਕੰਚਨ ਰਾਣੀ, ਹਰਪ੍ਰੀਤ ਕੌਰ, ਦਵਿੰਦਰ ਕੁਮਾਰ, ਆਸਥਾ, ਹਰਮਨਪ੍ਰੀਤ ਸਿੰਘ, ਸਾਕਸ਼ੀ ਕੱਕੜ, ਸੁਖਵਿੰਦਰ ਕੌਰ, ਜਤਿੰਦਰ ਸਿੰਘ, ਭੂਸ਼ਣ ਕੁਮਾਰ, ਪ੍ਰਭਜੋਤ ਕੌਰ, ਹਰਪਾਲ ਸਿੰਘ, ਜਗਦੇਵ ਸਿੰਘ, ਅਜੇ ਕੁਮਾਰ, ਸੁਰਿੰਦਰ ਕੌਰ, ਸੰਦੀਪ ਸਿੰਘ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਹਾਜ਼ਰ ਸਨ।



27-OCT-PAGE-10.qxd 10/26/2025 9:12 PM Page 1



## ਪੰਚ ਸਿਮਰਨ ਜਿੰਦਲ ਆਪ 'ਚ ਸ਼ਾਮਲ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਪਿੰਡ ਛਾਹੜ ਵਿਖੇ ਆਮ ਆਦਮੀ ਪਾਰਟੀ ਦੇ ਇੱਕ ਸਮਾਗਮ ਵਿੱਚ ਪਿੰਡ ਛਾਜਲੀ ਦੇ 12 ਨੰਬਰ ਵਾਰਡ ਦੇ ਪੰਚ ਮੈਡਮ ਸਿਮਰਨ ਜਿੰਦਲ ਪਤਨੀ ਸ਼੍ਰੀ ਰਾਜੇਸ ਜਿੰਦਲ ਅੱਜ ਪੰਜਾਬ ਦੇ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਉਨ੍ਹਾਂ ਵਿੱਚ ਕੰਮ ਕਰਨ ਦਾ ਜਜ਼ਬਾ ਦੇਖ ਉਨ੍ਹਾਂ ਨੂੰ ਨਵੇਂ ਬਣੇ ਬਲਾਕ ਛਾਜਲੀ ਦੇ ਇਸਤਰੀ ਵਿੰਗ ਦੇ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਬਾਰੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੋ ਨਵਾਂ ਵਰਕਰ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ, ਉਸ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਮੈਡਮ ਸਿਮਰਨ ਜਿੰਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਸਨਮਾਨ ਮੈਨੂੰ ਪਾਰਟੀ ਕੋਲੋਂ ਮਿਲਿਆ ਹੈ, ਉਸ ਲਈ ਮੈਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜੀ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕਰਦੀ ਹਾਂ ਤੇ ਮੈਡਮ ਜਸਵੀਰ ਕੌਰ ਸ਼ੇਰਗਿੱਲ ਚੇਅਰਪਰਸਨ ਮਾਰਕਿਟ ਕਮੇਟੀ ਦਿੜ੍ਹਬਾ ਦੇ ਨਾਲ ਹੀ ਪਾਰਟੀ ਦੇ ਹੋਰ ਸੀਨੀਅਰ ਵਰਕਰਾਂ ਦਾ ਵੀ ਧੰਨਵਾਦ ਕਰਦੀ ਹੈ ਤੇ ਪਾਰਟੀ ਨੇ ਜੋ ਜ਼ਿੰਮੇਵਾਰੀ ਮੈਨੂੰ ਦਿੱਤੀ ਹੈ, ਮੈਂ ਉਸ ਨੂੰ ਪੂਰੀ ਦਿੜ੍ਹਤਾ ਤੇ ਇਮਾਨਦਾਰੀ ਨਾਲ ਨਿਭਾਵਾਂਗੀ ।ਇਸ ਮੌਕੇ ਇੰਦਰਜੀਤ ਸਿੰਘ (ਬਾਵਾ ਧਾਲੀਵਾਲ) ਸਾਬਕਾ ਸਰਪੰਚ ਛਾਜਲੀ, ਜੱਗਾ ਸਿੰਘ ਪੂੰਨੀਆ ਸਾਬਕਾ ਪੰਚ ਛਾਜਲੀ ਆਦਿ ਹਾਜ਼ਰ ਸਨ।

## ਵਿਜ਼ਡਮ ਇੰਟਰਨੈਸ਼ਨਲ ਸਕੂਲ 'ਚ ਕਰਵਾਈ ਧਾਰਮਿਕ ਪ੍ਰੀਖਿਆ



**ਜਗਰਾਉਂ (ਅਮਿਤ ਖੰਨਾ)**-ਇਲਾਕੇ ਦੀ ਨਾਮਵਰ ਸੰਸਥਾ ਵਿਜ਼ਡਮ ਇੰਟਰਨੈਸ਼ਨਲ ਸਕੂਲ ਲੀਲਾਂ ਮੇਘ ਸਿੰਘ ਵਿਖੇ ਸਿੱਖ ਮਿਸ਼ਨਰੀ ਲੁਧਿਆਣਾ ਦੇ ਸਹਿਯੋਗ ਨਾਲ ਧਾਰਮਿਕ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਵਿੱਚ ਪੂਰੇ ਪੰਜਾਬ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ 95 ਦੇ ਕਰੀਬ ਬੱਚੇ ਵਿਜ਼ਡਮ ਇੰਟਰਨੈਸ਼ਨਲ ਸਕੂਲ ਦੇ ਸਨ।ਬੱਚਿਆਂ ਨੇ ਵੱਖ-ਵੱਖ ਵਰਗਾਂ ਅਧੀਨ ਇਸ ਪ੍ਰੀਖਿਆ ਵਿੱਚ ਭਾਗ ਲਿਆ।ਇਸ ਮੌਕੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਧਾਰਮਿਕ ਪ੍ਰੀਖਿਆਵਾਂ ਬੱਚਿਆਂ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਵਿੱਚ ਸਹਾਈ ਹੁੰਦੀਆਂ ਹਨ, ਜਿਸ ਨਾਲ ਬੱਚਿਆਂ ਨੂੰ ਆਪਣੇ ਧਰਮ ਤੇ ਵਿਰਸੇ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।ਚੇਅਰਮੈਨ ਸ੍ਰੀ ਸਤੀਸ਼ ਕਾਲੜਾ ਨੇ ਕਿਹਾ ਕਿ ਸਕੂਲ ਵਿੱਚ ਅਜਿਹੀਆਂ ਧਾਰਮਿਕ ਪ੍ਰੀਖਿਆਵਾਂ ਹਮੇਸ਼ਾ ਹੀ ਕਰਵਾਈਆਂ ਜਾਂਦੀਆਂ ਰਹਿਣਗੀਆਂ, ਕਿਉਂਕਿ ਜਿਸ ਤਰ੍ਹਾਂ ਅੱਜਕੱਲ੍ਹ ਬੱਚੇ ਆਪਣੇ ਧਰਮ ਦੀ ਜਾਣਕਾਰੀ ਤੋਂ ਬਹੁਤ ਦੂਰ ਹੁੰਦੇ ਜਾ ਰਹੇ ਹਨ ਬੱਚਿਆਂ ਨੂੰ ਧਰਮ ਨਾਲ ਜੋੜਨ ਤੇ ਜਾਣਕਾਰੀ ਦੇਣ ਲਈ ਇਹ ਪ੍ਰੀਖਿਆਵਾਂ ਬਹੁਤ ਹੀ ਵਧੀਆ ਸਾਧਨ ਹਨ।ਇਸ ਪ੍ਰੀਖਿਆ ਵਿੱਚ ਸੁਪਰਡੈਂਟ ਵਜੋਂ ਸ਼੍ਰੀਮਤੀ ਗਰਿਮਾ ਨੇ ਡਿਊਟੀ ਨਿਭਾਈ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਅਨੀਤਾ ਕਾਲੜਾ, ਸਹਾਇਕ ਸੁਪਰਡੈਂਟ ਗੁਰਲੀਨ ਕੌਰ, ਰਵਿੰਦਰ ਕੌਰ, ਡਿਊਟੀ ਅਧਿਆਪਕ ਹਰਦੀਪ ਕੌਰ, ਕਿਰਨਦੀਪ ਕੌਰ ਤੇ ਪਰਮਿੰਦਰ ਕੌਰ ਹਾਜ਼ਰ ਸਨ।

## ਲਾਲਾ ਜਗਤ ਨਾਰਾਇਣ ਕਾਲਜ 'ਚ ਸੰਯੁਕਤ ਰਾਸ਼ਟਰ ਦਿਵਸ ਮਨਾਇਆ



**ਜਲਾਲਾਬਾਦ (ਜੀਤ ਕੁਮਾਰ)**-ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਜਲਾਲਾਬਾਦ ਵਿਖੇ ਚੇਅਰਮੈਨ ਅਸ਼ੋਕ ਕੁਮਾਰ ਅਨੇਜਾ, ਪ੍ਰਧਾਨ ਪ੍ਰਦੀਪ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੂੰਬਰ, ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ, ਪ੍ਰਿੰਸੀਪਲ ਡਾ. ਨੀਤਿਕਾ ਦੀ ਯੋਗ ਅਗਵਾਈ ਹੇਠ ਸੰਯੁਕਤ ਰਾਸ਼ਟਰ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਨੀਤਿਕਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਇਸ ਦੇ ਮਹੱਤਵ ਬਾਰੇ ਚਾਨਣਾ ਪਾਇਆ। ਇਸ ਦਿਵਸ ਦਾ ਸਮਾਜ ਵਿੱਚ ਸ਼ਾਂਤੀ, ਵਿਕਾਸ ਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰਨ ਵਿੱਚ ਬਹੁਤ ਯੋਗਦਾਨ ਹੈ, ਕਿਉਂਕਿ ਅੱਜ ਦਾ ਇਹ ਦਿਵਸ ਹਰ ਸਾਲ ਵਿਕਾਸ ਦੀ ਸਮੱਸਿਆ ਨੂੰ ਹੱਲ ਕਰਨ ਤੇ ਅੰਤਰਰਾਸ਼ਟਰੀ ਸੰਜੋਗ ਨੂੰ ਮਜ਼ਬੂਤ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਭਾਸ਼ਣ ਤੇ ਪੋਸਟਰ ਬਣਾ ਕੇ ਸੰਯੁਕਤ ਰਾਸ਼ਟਰ ਦਿਵਸ ਬਾਰੇ ਜਾਗਰੂਕ ਕੀਤਾ ਗਿਆ।

## ਦੇਵ ਮਾਨ ਦੀ ਅਗਵਾਈ 'ਚ ਟਰੇਡ ਵਿੰਗ ਦੀ ਮੀਟਿੰਗ




**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਐੱਮ ਐੱਲ ਏ ਦਫਤਰ ਨਾਭਾ ਵਿਖੇ ਟਰੇਡ ਵਿੰਗ ਦੀ ਮੀਟਿੰਗ ਹੋਈ।ਉਨ੍ਹਾਂ ਦੱਸਿਆ ਕਿ ਥੋੜੇ ਦਿਨ ਪਹਿਲਾਂ ਆਮ ਆਦਮੀ ਪਾਰਟੀ ਨੇ ਅਸ਼ੋਕ ਅਰੋੜਾ ਨੂੰ ਵਪਾਰ ਮੰਡਲ ਨਾਭਾ ਦਾ ਪ੍ਰਧਾਨ ਨਿਯੁਕਤ ਕੀਤਾ ਸੀ।ਅੱਜ ਨਵੇਂ ਨਿਯੁਕਤ ਕੀਤੇ ਬਲਾਕ ਇੰਚਾਰਜਾਂ ਨਾਲ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਤੇ ਜ਼ਿਲ੍ਹਾ ਜੁਆਇੰਟ ਸੈਕਟਰੀ ਸੰਜੀਵ ਗੁਪਤਾ ਨੇ ਵਿਸ਼ੇਸ਼ ਤੌਰ 'ਤੇ ਮੀਟਿੰਗ ਕੀਤੀ ਤੇ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਉਨ੍ਹਾਂ ਨਾਲ ਕਪਿਲ ਮਾਨ, ਸੂਬੇਦਾਰ ਗੁਰਿੰਦਰ ਸਿੰਘ ਕੁਲਾਰਾਂ, ਸ਼ਿਵ ਲਾਲ, ਡਾ. ਗੁਰਪ੍ਰੀਤ ਸਿੰਘ, ਜੋਗਾ ਸਿੰਘ ਕੌਂਸਲਰ, ਸਟਾਇਲੋ ਟੇਲਰ ਤੇ ਟਰੇਡ ਵਿੰਗ ਦੇ ਅਹੁਦੇਦਾਰ ਮੌਜੂਦ ਸਨ।

## ਸਪਰਿੰਗ ਡਿਊ ਪਬਲਿਕ ਸਕੂਲ ਚੈੱਸ ਮੁਕਾਬਲੇ 'ਚ ਰਿਹਾ ਅੱਵਲ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਨੇ ਆਪਣੀ ਕਾਬਲੀਅਤ ਤੇ ਦਿਮਾਗੀ ਤੀਬਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਡੀ.ਸੀ.ਐੱਮ. ਚੈੱਸ ਸਕੂਲ ਲੁਧਿਆਣਾ ਵਿੱਚ ਆਯੋਜਿਤ ਸਹੋਦਿਆ ਵੈਸਟ ਸਕੂਲ ਕੰਪਲੈਕਸ ਚੈੱਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿੱਚ ਲਗਭਗ 30 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿੱਥੇ ਸਪਰਿੰਗ ਡਿਊ ਸਕੂਲ ਦੇ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਰਣਨੀਤੀ ਤੇ ਆਤਮ-ਵਿਸ਼ਵਾਸ ਨਾਲ ਸਭ ਨੂੰ ਪਿੱਛੇ ਛੱਡ ਦਿੱਤਾ। ਸਕੂਲ ਵਿਦਿਆਰਥੀ ਦਿਲਪ੍ਰੀਤ ਸਿੰਘ ਗਿੱਲ, ਪ੍ਰਭਦੀਪ ਸਿੰਘ, ਰਾਜਦੀਪ ਸਿੰਘ ਭੁੱਲਰ ਤੇ ਦਿਲਪ੍ਰੀਤ ਸਿੰਘ, ਇਨ੍ਹਾਂ ਵਿਦਿਆਰਥੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੀ ਪ੍ਰਿੰਸੀਪਲ ਗੀਨਾ ਜੈਦਿਕਾ ਤੇ ਵਾਈਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੀ ਮਿਹਨਤ ਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ। ਸਕੂਲ ਪ੍ਰਬੰਧਕਾਂ ਨੇ ਚੈੱਸ ਕੋਚ ਜਗਦੀਪ ਸਿੰਘ ਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਬੱਚਿਆਂ ਨੂੰ ਹਰ ਪੱਧਰ 'ਤੇ ਹੌਸਲਾ ਦਿੱਤਾ। ਇਸ ਸਮੇਂ ਪ੍ਰਧਾਨ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ.ਐੱਸ.ਏ. ਆਦਿ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਦਾ ਬੀ ਸੀ ਏ ਦਾ ਨਤੀਜਾ ਸ਼ਾਨਦਾਰ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ.ਸੀ.ਏ. ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ।ਬੀ.ਸੀ.ਏ. ਸਮੈਸਟਰ ਦੂਜੇ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ 82% ਅੰਕ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ, ਗਾਇਤਰੀ ਨੇ 81.6% ਅੰਕ ਹਾਸਲ ਕਰਕੇ ਕਲਾਜ ਵਿੱਚੋਂ ਦੂਜਾ ਸਥਾਨ ਤੇ ਹਰਪ੍ਰੀਤ ਕੌਰ ਨੇ 81% ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਤੇ ਕੰਪਿਊਟਰ ਵਿਭਾਗ ਦੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ।ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਵੀ ਕਾਲਜ ਵਿਦਿਆਰਥਣਾਂ ਇਸੇ ਤਰ੍ਹਾਂ ਦ੍ਰਿੜ੍ਹ ਮਿਹਨਤ ਤੇ ਲਗਨ ਸਦਕਾ ਵਧੀਆ ਨਤੀਜਾ ਪ੍ਰਾਪਤ ਕਰਕੇ ਅਧਿਆਪਕਾਂ ਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨਗੀਆਂ। ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

# ਕੌਮੀ ਇਨਸਾਫ਼ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਵੱਲੋਂ ਦਿੱਲੀ ਮਾਰਚ ਦੀਆਂ ਤਿਆਰੀਆਂ ਸ਼ੁਰੂ

### ਪਹਿਲੀ ਨੂੰ ਹਰ ਪਿੰਡ ਦੇ ਗੁਰੂ ਘਰ 'ਚ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕਰਨ ਦੀ ਅਪੀਲ



**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਕੌਮੀ ਇਨਸਾਫ਼ ਮੋਰਚੇ ਵਿੱਚ ਸ਼ਾਮਲ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਜਾਮਨੀ ਸਾਹਿਬ ਬਾਜ਼ੀਦਪੁਰ ਵਿਖੇ ਹੋਈ, ਜਿਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਬੀਕੇਯੂ ਖੋਸਾ, ਬੀਕੇਯੂ ਡਕੌਂਦਾ, ਬੀਕੇਯੂ ਸਿੱਧੂਪੁਰ, ਕਿਸਾਨ ਸਟੂਡੈਂਟ ਯੂਨੀਅਨ, ਸਮੂਹ ਮਜ਼ਦੂਰ ਵੈੱਲਫ਼ੇਅਰ ਸਭਾ ਤੇ ਲੋਕ ਅਧਿਕਾਰ ਲਹਿਰ ਜਥੇਬੰਦੀਆਂ ਸ਼ਾਮਲ ਹੋਈਆਂ।ਮੀਟਿੰਗ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ 15 ਨਵੰਬਰ ਨੂੰ ਦਿੱਲੀ ਵਿੱਚ ਕੀਤੇ ਜਾ ਰਹੇ ਮਾਰਚ ਲਈ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਸਿੱਖ ਸੰਘਰਸ਼ ਦੇ ਨੌਜਵਾਨ ਜੋ ਦਹਾਕਿਆ ਤੋਂ ਜੇਲ੍ਹਾਂ ਵਿਚ ਬੰਦ ਹਨ ਤੇ ਕਾਨੂੰਨ ਅਨੁਸਾਰ ਬਣਦੀ ਸਜ਼ਾ ਤੋਂ ਕਿਤੇ ਵੱਧ ਸਮਾਂ ਬਿਤਾ ਚੁੱਕੇ ਹਨ।ਉਨ੍ਹਾਂ ਕਿਹਾ ਕਿ 7 ਜਨਵਰੀ 2023 ਤੋਂ ਇਨ੍ਹਾਂ ਸਿੱਖ ਕੈਦੀਆਂ ਨੂੰ ਰਿਹਾਅ ਕਰਵਾਉਣ ਲਈ ਚੰਡੀਗੜ੍ਹ ਦੀ ਹੱਦ 'ਤੇ ਮੋਰਚਾ ਚੱਲ ਰਿਹਾ ਹੈ।ਮੋਰਚੇ ਵੱਲੋਂ ਸਾਰੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ 1 ਨਵੰਬਰ ਨੂੰ ਹਰੇਕ ਗੁਰੂਦੁਆਰਾ ਸਾਹਿਬ ਅੰਦਰ ਬੰਦੀ ਸਿੰਘਾਂ ਦੀ ਰਿਹਾਈ ਦੀ ਅਰਦਾਸ ਕੀਤੀ ਜਾਵੇ ਤੇ 15 ਨਵੰਬਰ ਨੂੰ ਦਿੱਲੀ ਮਾਰਚ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇ।ਇਸ ਮੌਕੇ ਬਲਵਿੰਦਰ ਸਿੰਘ ਪਿਆਰੇਆਣਾ, ਅਵਤਾਰ ਸਿੰਘ ਮਹਿਮਾ, ਦਿਲਬਾਗ ਸਿੰਘਾਂ ਸੁਰਸਿੰਘ ਵਾਲਾ, ਜਗਰੂਪ ਸਿੰਘ ਭੁੱਲਰ, ਨਿਰਭੈ ਸਿੰਘ ਭੁੱਲਰ, ਫਤਿਹ ਸਿੰਘ ਕੋਟ ਕਰੋੜ, ਪਰਮਜੀਤ ਸਿੰਘ ਭੁੱਲਰ, ਜਗੀਰ ਸਿੰਘ ਖਹਿਰਾ, ਗੁਲਜ਼ਾਰ ਸਿੰਘ, ਮਲਕੀਤ ਸਿੰਘ, ਬੱਗਾ ਸਿੰਘ ਮਜ਼ਦੂਰ ਆਗੂ, ਰੰਗਾ ਸਿੰਘ, ਸਤਨਾਮ ਸਿੰਘ ਆਦਿ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਗਾਇਕ ਗੁਲਾਬ ਸਿੱਧੂ ਦੇ ਗਾਣੇ ਦਾ ਭਾਰਤ ਭਰ ਦੇ ਸਰਪੰਚਾਂ ਵੱਲੋਂ ਤਿੱਖਾ ਵਿਰੋਧ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੂਰੇ ਭਾਰਤ ਦੇ ਸਰਪੰਚਾਂ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ, ਜਦੋਂ ਪੰਜਾਬੀ ਗਾਇਕ ਗੁਲਾਬ ਸਿੱਧੂ ਵੱਲੋਂ ਗਾਇਆ ਨਵਾਂ ਗੀਤ 'ਸਣੇ ਸਰਪੰਚ ਸਾਰਾ ਪਿੰਡ ਕੁੱਟ ਦੂ' ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ।ਇਸ ਗੀਤ ਦੀ ਲਾਈਨ ਨੂੰ ਸਰਪੰਚ ਵਿਰੋਧੀ, ਅਸੰਸਕਾਰੀ ਤੇ ਪਿੰਡ ਪੱਧਰ ਦੀ ਲੋਕਤੰਤਰਕ ਪ੍ਰਣਾਲੀ ਦਾ ਮਖੌਲ ਉਡਾਉਣ ਵਾਲਾ ਕਹਿ ਕੇ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।ਸਰਪੰਚ ਯੂਨੀਅਨ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਸ੍ਰ. ਮਨਿੰਦਰ ਸਿੰਘ ਲਖਮੀਰਵਾਲਾ ਨੇ ਕਿਹਾ ਕਿ ਇਹ ਗਾਣਾ ਸਰਪੰਚਾਂ ਦੀ ਇੱਜਤ ਤੇ ਪਿੰਡ ਪੱਧਰ ਦੇ ਲੋਕ ਪ੍ਰਤੀਨਿਧੀਆਂ ਦੀ ਮਿਹਨਤ ਦਾ ਅਪਮਾਨ ਕਰਦਾ ਹੈ।ਉਨ੍ਹਾਂ ਮੰਗ ਕੀਤੀ ਕਿ ਗੁਲਾਬ ਸਿੱਧੂ ਤੁਰੰਤ ਉਹ ਲਾਈਨ ਗਾਣੇ ਵਿੱਚੋਂ ਕੱਟੇ ਜਾਂ ਉਸ 'ਤੇ ਬੀਪ ਲਗਾਈ ਜਾਵੇ, ਤਾਂ ਜੋ ਕਿਸੇ ਵੀ ਵਰਗ ਦੀ ਭਾਵਨਾ ਨੂੰ ਠੇਸ ਨਾ ਪਹੁੰਚੇ।ਸਰਪੰਚਾਂ ਨੇ ਇਹ ਵੀ ਕਿਹਾ ਕਿ ਜੇਕਰ ਗਾਇਕ ਨੇ ਜਨਤਕ ਤੌਰ 'ਤੇ ਮਾਫੀ ਨਹੀਂ ਮੰਗੀ, ਤਾਂ ਦੇਸ਼ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਤੇ ਸਰਪੰਚ ਯੂਨੀਅਨ ਇਸ ਮਾਮਲੇ ਨੂੰ ਉੱਚ ਪੱਧਰ 'ਤੇ ਲੈ ਕੇ ਜਾਵੇਗੀ। ਯੂਨੀਅਨ ਵੱਲੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਕਿ ਸਰਪੰਚ ਕਿਸੇ ਵੀ ਪਾਰਟੀ ਨਾਲ ਨਹੀਂ, ਸਗੋਂ ਪਿੰਡ ਦੀ ਆਵਾਜ਼ ਨਾਲ ਜੁੜਿਆ ਹੁੰਦਾ ਹੈ ਅਤੇ ਜਦੋਂ ਕਲਾਕਾਰੀ ਦੇ ਨਾਮ 'ਤੇ ਉਨ੍ਹਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ, ਤਾਂ ਉਹ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।ਮਨਿੰਦਰ ਸਿੰਘ ਲਖਮੀਰਵਾਲਾ ਨੇ ਅਖੀਰ 'ਚ ਕਿਹਾ ਕਿ ਗੁਲਾਬ ਸਿੱਧੂ ਨੂੰ ਜਨਤਕ ਤੌਰ 'ਤੇ ਮਾਫੀ ਮੰਗ ਕੇ ਗੀਤ 'ਚੋਂ ਉਹ ਲਾਈਨ ਹਟਾਉਣੀ ਚਾਹੀਦੀ ਹੈ, ਤਾਂ ਜੋ ਉਹ ਆਪਣੇ ਕਲਾਕਾਰੀ ਦੇ ਮਾਧਿਅਮ ਨਾਲ ਇੱਕ ਸਕਾਰਾਤਮਕ ਸੰਦੇਸ਼ ਦੇ ਸਕੇ।

## ਮਥਰਾ ਵ੍ਰਿੰਦਾਵਨ ਲਈ ਸ਼ਰਧਾਲੂਆਂ ਦਾ ਜਥਾ ਰਵਾਨਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਸ਼ਿਵ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਮਥਰਾ ਵ੍ਰਿੰਦਾਵਨ ਤੇ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦਾ ਜਥਾ ਬੱਸ ਰਾਹੀਂ ਸ੍ਰੀ ਸ਼ਿਵ ਮੰਦਿਰ ਮੋਗਾ ਰੋਡ ਤੋਂ ਰਵਾਨਾ ਹੋਇਆ, ਜਿਸ ਦੀ ਰਵਾਨਗੀ ਪ੍ਰਸਿੱਧ ਸਮਾਜ ਸੇਵੀ ਨਰੇਸ਼ ਜੈਦਕਾ ਨੇ ਝੰਡੀ ਦੇ ਕੇ ਰਵਾਨਾ ਕੀਤੀ।ਜੈਦਕਾ ਪਰਵਾਰ ਨੇ ਮਾਤਾ ਪ੍ਰਕਾਸ਼ ਵੰਤੀ ਜੈਦਕਾ ਦੀ ਯਾਦ ਵਿੱਚ ਪ੍ਰਬੰਧਕਾਂ ਨੂੰ ਦਾਨ ਰਾਸ਼ੀ ਵੀ ਭੇਟ ਕੀਤੀ।ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ, ਵਿਜੇ ਸ਼ਰਮਾ, ਰੋਸ਼ਨ ਲਾਲ ਰੋਸ਼ੀ, ਅਸ਼ਵਨੀ ਸ਼ਰਮਾ, ਦੀਪਕ ਬੌਬੀ, ਪ੍ਰਸਿੰਨ ਕੁਮਾਰ, ਅਮਨ ਤਨੇਜਾ, ਰਜਿੰਦਰ ਗੋਇਲ, ਬਿਮਲ ਗੋਇਲ, ਵਿਜੇ ਬੰਟੀ, ਮਨੋਜ ਗੋਇਲ, ਅਰੁਣ ਬਾਂਸਲ ਨੇ ਦੱਸਿਆ ਕਿ ਇਹ ਯਾਤਰਾ ਮਥੁਰਾ, ਵ੍ਰਿੰਦਾਵਨ, ਨੰਦ ਗਾਂਵ, ਕੋਕਿਲਾ ਵਨ ਬਰਸਾਨੇ, ਬੰਕੇ ਬਿਹਾਰੀ ਮੰਦਿਰ, ਇਸ ਕੋਟ ਟੈਂਪਲ, ਨਿਧੀਵਨ, ਰਮਨਰੇਤੀ ਦੇ ਦਰਸ਼ਨ ਕਰਕੇ 27 ਅਕਤੂਬਰ ਨੂੰ ਵਾਪਸ ਪਰਤੇਗੀ।ਉਨ੍ਹਾਂ ਕਿਹਾ ਕਿ ਯਾਤਰੀਆਂ ਲਈ ਚਾਹ, ਪਾਣੀ, ਭੋਜਨ, ਨਾਸ਼ਤਾ, ਠਹਿਰਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਬੱਸ ਭੇਜਣ ਦਾ ਪ੍ਰਬੰਧ ਯਾਤਰੀਆਂ ਦੀ ਸਹੂਲਤ ਲਈ ਕੀਤਾ ਜਾਂਦਾ ਹੈ।ਸੁਰਿੰਦਰ ਜੈਦਕਾ, ਪੁਜਾਰੀ ਸੰਜੀਵ ਕੁਮਾਰ, ਰਕੇਸ਼ ਜਿੰਦਲ ਤੋਤਾ, ਸੰਜੀਵ ਗਰਗ, ਅਜੇ ਪੁਰੀ, ਵਰਿੰਦਰ ਗਰਗ, ਰਾਜੇਸ਼ ਕੁਮਾਰ, ਰਾਕੇਸ਼ ਜੈਦਕਾ, ਲਲਿਤ ਗਰਗ, ਟੋਨੀ ਗੋਇਲ, ਦੀਪੂ ਗੋਇਲ, ਵਰਿੰਦਰ ਕੱਦੂ, ਸਤੀਸ਼ ਗੋਇਲ ਆਦਿ ਨੇ ਪ੍ਰਬੰਧਕਾਂ ਵੱਲੋਂ ਬੱਸ ਭੇਜਣ ਦੀ ਪ੍ਰਸ਼ੰਸਾ ਕੀਤੀ।

## 6.50 ਲੱਖ ਰੁਪਏ ਤੇ ਅਸਲ ਦਸਤਾਵੇਜ਼ ਹੜੱਪਣ ਦਾ ਇਲਜ਼ਾਮ, ਕੇਸ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਵਿਖੇ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਇਕ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਸਣੇ ਦੋ ਵਿਅਕਤੀਆਂ ਖ਼ਿਲਾਫ਼ 420, 120-ਬੀ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਾਰਵਾਈ ਦਰਖਾਸਤ ਨੰਬਰ 1140 ਪੀਸੀ ਮਿਤੀ 5 ਅਕਤੂਬਰ 2025 ਦੇ ਆਧਾਰ 'ਤੇ ਕੀਤੀ ਗਈ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਕਾਇਤਕਰਤਾ ਕਾਬਲ ਸਿੰਘ ਪੁੱਤਰ ਸੁਰਜੀਤ ਸਿੰਘ ਪਿੰਡ ਬੂਟੇ ਵਾਲਾ, ਥਾਣਾ ਮੱਲਾਂਵਾਲਾ ਨੇ ਦੱਸਿਆ ਕਿ ਇਕ ਦਰਖਾਸਤ ਵਿਚ ਦੱਸਿਆ ਕਿ ਉਸ ਦਾ ਲੜਕਾ ਅਕਾਸ਼ਦੀਪ ਸਿੰਘ ਵਿਦੇਸ਼ ਯੂ.ਕੇ. ਜਾਣਾ ਚਾਹੁੰਦਾ ਸੀ। ਇਸ ਸਬੰਧੀ ਉਤਰਾਵਾਦੀ ਡੋਲਰ ਤੇ ਰਾਹੁਲ ਮਾਲਕ 'ਆਰ. ਬੀ. ਇੰਮੀਗ੍ਰੇਸ਼ਨ' ਫ਼ਿਰੋਜ਼ਪੁਰ ਸ਼ਹਿਰ ਨੇ ਅਕਾਸ਼ਦੀਪ ਸਿੰਘ ਨੂੰ ਯੂਨਾਈਟਿਡ ਕਿੰਗਡਮ (ਯੂ. ਕੇ.) ਭੇਜਣ ਦਾ ਵਾਅਦਾ ਕੀਤਾ। ਇਸ ਵਾਅਦੇ ਦੇ ਬਦਲੇ ਉਨ੍ਹਾਂ ਨੇ ਕਾਬਲ ਸਿੰਘ ਪਾਸੋਂ ਕੁੱਲ 6 ਲੱਖ 50 ਹਜ਼ਾਰ ਰੁਪਏ ਲਏ ਸਨ, ਇਨ੍ਹਾਂ ਹੀ ਨਹੀਂ, ਉਨ੍ਹਾਂ ਨੇ ਅਕਾਸ਼ਦੀਪ ਸਿੰਘ ਦੇ ਅਸਲ ਦਸਤਾਵੇਜ਼, ਜਿਨ੍ਹਾਂ ਵਿੱਚ ਸਕੂਲ ਦੇ ਸਰਟੀਫਿਕੇਟ ਤੇ ਪਾਸਪੋਰਟ ਸ਼ਾਮਲ ਸਨ, ਵੀ ਆਪਣੇ ਕੋਲ ਰੱਖ ਲਏ। ਸ਼ਿਕਾਇਤਕਰਤਾ ਨੇ ਦੱਸਿਆ ਕਿ ਦੋਸ਼ੀਅਨ ਨੇ ਉਸ ਨੂੰ ਵਿਦੇਸ਼ ਨਹੀਂ ਭੇਜਿਆ ਤੇ ਜਦੋਂ ਕਾਬਲ ਸਿੰਘ ਨੇ ਵਾਰ-ਵਾਰ ਆਪਣੇ ਪੈਸੇ, ਪਾਸਪੋਰਟ ਅਤੇ ਦਸਤਾਵੇਜ਼ ਵਾਪਸ ਮੰਗੇ ਤਾਂ ਉਨ੍ਹਾਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਆਨ ਖਿਲਾਫ 420 ਤੇ 120-ਬੀਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਵਿੱਚ ਅਗਲੇਰੀ ਕਾਨੂੰਨੀ ਕਾਰਵਾਈ ਜਾਰੀ ਹੈ।

## ਸਪਰਿੰਗ ਫੀਲਡ ਸਕੂਲ ਦੇ ਬੱਚੇ ਸਟੇਟ ਪੱਧਰੀ ਖੇਡਾਂ ਲਈ ਚੁਣੇ



**ਬਾਘਾ ਪੁਰਾਣਾ (ਮਨੀ ਸਿੰਗਲਾ)**
ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆਂ ਨੇ ਜ਼ਿਲ੍ਹਾ ਐਥਲੈਟਿਕਸ ਗੇਮਾਂ, ਜੋ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਵਿਖੇ ਹੋਈਆਂ, ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਮੋਗਾ ਜ਼ਿਲ੍ਹੇ ਸਕੂਲਾਂ ਵਿੱਚੋਂ ਫਸਟ ਆਏ ਅਤੇ ਪੰਜਾਬ ਲੈਵਲ ਦੀਆਂ ਖੇਡਾਂ ਲਈ ਚੁਣੇ ਗਏ। ਇਨ੍ਹਾਂ ਗੇਮਾਂ ਵਿੱਚ ਸਕੂਲ ਦੀ ਲੜਕੀ ਰਾਜਦੀਪ ਕੌਰ ਕਲਾਸ +1 ਤੇ ਜੈਸਮੀਨ ਕੌਰ ਕਲਾਸ ਨੌਵੀਂ ਨੇ ਕਰਾਸ ਕੰਟਰੀ ਚਾਰ ਕਿਲੋਮੀਟਰ ਰੇਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਨੈਨਸੀ ਕਲਾਸ ਨੌਵੀਂ, ਸਾਇਕ ਗਾਇਨ ਕਲਾਸ ਅੱਠਵੀਂ ਤੇ ਜੈਸਮੀਨ ਕੌਰ ਕਲਾਸ ਨੌਵੀਂ ਨੇ ਰਿਲੇਅ ਰੇਸ ਵਿੱਚ ਜ਼ਿਲ੍ਹੇ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਅਤੇ ਮਾਪਿਆਂ ਦਾ ਮਾਣ ਵਧਾਇਆ। ਹੁਣ ਇਹ ਬੱਚੇ ਪੰਜਾਬ ਪੱਧਰੀ ਖੇਡਾਂ, ਜੋ ਲੁਧਿਆਣਾ ਵਿਖੇ ਗੁਰੂ ਨਾਨਕ ਸਟੇਡੀਅਮ ਵਿੱਚ ਹੋ ਰਹੀਆਂ ਹਨ, ਵਿੱਚ ਹਿੱਸਾ ਲੈ ਰਹੇ ਹਨ।ਸਕੂਲ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਬੱਚਿਆਂ ਦੀ ਜਿੱਤ ਲਈ ਕਾਮਨਾ ਕੀਤੀ ਤੇ ਬੱਚਿਆਂ ਨੂੰ ਪ੍ਰੇਰਣਾ ਦਿੱਤੀ ਕਿ ਉਹ ਸੰਜਮ, ਵਿਸ਼ਵਾਸ ਤੇ ਹੌਸਲੇ ਨਾਲ ਖੇਡ ਕੇ ਫਿਰ ਜਿੱਤ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨਗੇ ਅਤੇ ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਨੇ ਵੀ ਸ਼ੁੱਭ-ਕਾਮਨਾਵਾਂ ਤੇ ਆਸ਼ੀਰਵਾਦਾ ਦਿੱਤਾ।

## ਗੁਰਪ੍ਰੀਤ ਸਿੰਘ ਮੈਂਬਰ ਐੱਸ ਸੀ ਕਮਿਸ਼ਨ ਵੱਲੋਂ ਫ਼ਿਰੋਜ਼ਸ਼ਾਹ ਸਕੂਲ ਦਾ ਦੌਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਪ੍ਰੀਤ ਸਿੰਘ ਇਟਾਂਵਾਈ ਮੈਂਬਰ ਐੱਸ ਸੀ ਕਮਿਸ਼ਨ ਪੰਜਾਬ ਵੱਲੋਂ ਬੀਤੇ ਦਿਨ ਸਰਕਾਰੀ ਪ੍ਰਾਇਮਰੀ ਸਕੂਲ ਫ਼ਿਰੋਜ਼ਸ਼ਾਹ ਦਾ ਦੌਰਾ ਕੀਤਾ ਗਿਆ। ਇਸ ਸਮੇਂ ਉਨ੍ਹਾਂ ਨਾਲ ਬਾਬਾ ਹਰਜਿੰਦਰ ਸਿੰਘ ਵੀ ਸਨ। ਸਕੂਲ ਵਿਜ਼ਟ ਦੌਰਾਨ ਸਕੂਲ ਮੁਖੀ ਰਾਜਿੰਦਰ ਸਿੰਘ ਰਾਜਾ ਤੇ ਸਾਥੀ ਅਧਿਆਪਕਾਂ ਰੇਸ਼ਮ ਸਿੰਘ, ਚਰਨਜੀਤ ਸਿੰਘ, ਬਲਜੀਤ ਸਿੰਘ, ਮੈਡਮ ਸੁਖਬੀਰ ਕੌਰ, ਰਾਜਵਿੰਦਰ ਕੌਰ, ਮਨਦੀਪ ਕੌਰ, ਪੁਨੀਤ ਕੌਰ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬੱਚਿਆਂ ਦੇ ਮਾਪਿਆਂ ਤੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਨੂੰ ਗੁਰਪ੍ਰੀਤ ਸਿੰਘ ਨੇ ਐੱਸ ਸੀ ਕਮਿਸ਼ਨ ਪੰਜਾਬ ਵੱਲੋਂ ਸਮੁੱਚੇ ਭਾਈਚਾਰੇ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਤੇ ਕੀਤੀ ਜਾਂਦੀ ਹੱਕਾਂ ਦੀ ਰਾਖੀ ਬਾਰੇ ਦੱਸਿਆ। ਉਨ੍ਹਾਂ ਮਾਪਿਆਂ ਨੂੰ ਇਹ ਵੀ ਕਿਹਾ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਓ ਤਾਂ ਜੋ ਇਕ ਚੰਗੇ ਇਨਸਾਨ ਬਣਨ ਤੇ ਚੰਗਾ ਸਮਾਜ ਸਿਰਜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਬੱਚਿਆਂ ਦਾ ਭਵਿੱਖ ਬਣਾਉਣ ਵਿੱਚ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਦਾ ਜ਼ਿਆਦਾ ਯੋਗਦਾਨ ਹੁੰਦਾ ਹੈ। ਇਸ ਸਮੇਂ ਸਕੂਲ ਦੀਆਂ ਬਲਾਕ ਪੱਧਰੀ ਖੇਡਾਂ ਵਿੱਚ ਜੇਤੂ ਰਹੀਆਂ ਟੀਮਾਂ ਦੇ ਬੱਚਿਆਂ ਦਾ ਸਨਮਾਨ ਵੀ ਕੀਤਾ ਗਿਆ ਤੇ ਬਾਕੀ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ ਗਿਆ। ਇਸ ਮੌਕੇ ਬੱਚਿਆਂ ਨੂੰ ਨਕਦ ਇਨਾਮ ਵੀ ਦਿੱਤੇ ਗਏ। ਸਕੂਲ ਸਟਾਫ ਵੱਲੋਂ ਗੁਰਪ੍ਰੀਤ ਸਿੰਘ ਮੈਂਬਰ ਐੱਸਸੀ ਕਮਿਸ਼ਨ ਪੰਜਾਬ ਦਾ ਧੰਨਵਾਦ ਕੀਤਾ ਗਿਆ ਯਾਦਗਾਰੀ ਚਿਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਪੈਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨਰ ਦਿਵਸ ਮਨਾਉਣ ਸੰਬੰਧੀ ਵਿਚਾਰਾਂ

### ਅਗਲੇ ਮਹੀਨੇ ਧੂਰੀ 'ਚ ਹੋਣ ਵਾਲੀ ਸਾਂਝੀ ਸੂਬਾਈ ਰੈਲੀ ਲਈ ਤਿਆਰੀਆਂ ਸ਼ੁਰੂ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ:1180) ਧੂਰੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ, ਸਕੱਤਰ ਅਮਰਜੀਤ ਸਿੰਘ, ਜਸਦੇਵ ਸਿੰਘ, ਰਮੇਸ਼ ਸ਼ਰਮਾ, ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ ਤੇ ਗੁਰਦਾਸ ਬਾਂਸਲ ਦੀ ਅਗਵਾਈ ਹੇਠ ਸਥਾਨਕ ਦਫ਼ਤਰ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਮੌਕੇ ਪਿਛਲੀ ਮੀਟਿੰਗ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰਜ਼, ਉਨ੍ਹਾਂ ਦੇ ਨਜ਼ਦੀਕੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਮੀਟਿੰਗ ਦੀ ਸ਼ੁਰੂਆਤ ਮੌਕੇ ਉੱਘੇ ਗੀਤਕਾਰ ਮੂਲ ਚੰਦ ਸ਼ਰਮਾ ਨੇ ਲੋਕ ਤੱਥਾਂ ਦੀ ਰੌਸ਼ਨੀ ਵਿੱਚ ਅਪਣਾ ਗੀਤ ਤਰੰਨਮ ਵਿੱਚ ਪੇਸ਼ ਕੀਤਾ।ਇਸ ਮੌਕੇ ਆਪਣੇ ਸੰਬੋਧਨ ਵਿੱਚ ਪ੍ਰਧਾਨ ਸੁਖਦੇਵ ਸ਼ਰਮਾ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ 16 ਨਵੰਬਰ ਦੀ ਰੈਲੀ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਕਮੇਟੀ ਵੱਲੋਂ ਇਸ ਰੈਲੀ ਨੂੰ ਸਫ਼ਲ ਬਣਾਉਣ ਲਈ ਸਖ਼ਤ ਮਿਹਨਤ ਕਰਨ ਲਈ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਰੈਲੀ ਨੂੰ ਸਫ਼ਲ ਬਣਾਉਣ ਲਈ ਤਿਆਰੀ ਸ਼ੁਰੂ ਹੋ ਚੁੱਕੀ ਹੈ, ਜਿਸ ਸੰਬੰਧੀ ਪਹਿਲੀ ਮੀਟਿੰਗ ਸਥਾਨਕ ਖੁਰਾਕ ਸਪਲਾਈ ਦੇ ਦਫ਼ਤਰ ਵਿਖੇ 27 ਅਕਤੂਬਰ ਨੂੰ ਹੋ ਰਹੀ ਹੈ, ਜਿਸ ਵਿੱਚ ਸੂਬਾਈ ਆਗੂ ਪਹੁੰਚ ਰਹੇ ਹਨ।ਉਪਰੰਤ 17 ਦਸੰਬਰ ਨੂੰ ਮੰਗਲਾ ਆਸ਼ਰਮ ਵਿਖੇ ਸਾਲਾਨਾ ਪੈਨਸ਼ਨਰ ਦਿਵਸ ਮਨਾਉਣ ਲਈ ਵੱਖ ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ।ਇਸ ਮੌਕੇ ਸਾਲਾਨਾ ਸਮਾਗਮ ਲਈ ਮੁੱਖ ਮਹਿਮਾਨ ਤੇ ਪ੍ਰਧਾਨਗੀ ਲਈ ਕ੍ਰਮਵਾਰ ਜਸਦੇਵ ਸਿੰਘ ਤੇ ਸਤੀਸ਼ ਸ਼ਰਮਾ ਦੀ ਚੋਣ ਸਮੁੱਚੇ ਹਾਊਸ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ।

ਮੀਟਿੰਗ ਦੌਰਾਨ ਪੈਨਸ਼ਨਰ ਆਗੂ ਰਮੇਸ਼ ਸ਼ਰਮਾ, ਚਰਨਜੀਤ ਸਿੰਘ ਕੈਂਥ, ਸਤੀਸ਼ ਸ਼ਰਮਾ, ਰਤਨ ਸਿੰਘ ਭੰਡਾਰੀ, ਜਗਦੀਸ਼ ਸ਼ਰਮਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਇਹ ਮੀਟਿੰਗ ਬਹੁਤ ਹੀ ਪ੍ਰਭਾਵਸ਼ਾਲੀ ਰਹੀ ਤੇ ਮੀਟਿੰਗ ਦੌਰਾਨ ਸਮੁੱਚੇ ਫ਼ੈਸਲੇ ਸਰਬਸੰਮਤੀ ਨਾਲ ਕੀਤੇ ਗਏ।ਮੀਟਿੰਗ ਦੀ ਸਮਾਪਤੀ ਮੌਕੇ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਨੇ ਸਾਰੇ ਪੈਨਸ਼ਨਰ ਸਾਥੀਆਂ ਦਾ ਮੀਟਿੰਗ ਦੀ ਸਫਲਤਾ ਲਈ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਹਰਦਿਆਲ ਸਿੰਘ, ਤੇਜ ਸਿੰਘ, ਮੁਰਾਰੀ ਲਾਲ, ਤਰਲੋਚਨ ਸਿੰਘ, ਦਰਸ਼ਨ ਸਿੰਘ ਧਾਂਦਰਾ, ਪ੍ਰਿੰਸੀਪਲ ਸੀਤਾ ਸਿੰਘ, ਸ਼ਿਆਮ ਸਿੰਘ ਮੂਲੋਵਾਲ, ਬਲਦੇਵ ਸਿੰਘ ਕਾਂਝਲਾ, ਕਰਮਜੀਤ ਸਿੰਘ ਮਡਾਹੜ, ਮਿਸ਼ਰਾ ਸਿੰਘ ਬਮਾਲ, ਮੱਘਰ ਸਿੰਘ, ਬਲਦੇਵ ਸਿੰਘ ਧਾਂਦਰਾ, ਜਾਗਰ ਸਿੰਘ, ਰਲਾ ਸਿੰਘ, ਹਰਚਰਨ ਸਿੰਘ, ਆਤਮਾ ਸਿੰਘ ਘਨੌਰ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

## ਚੰਨਣਵਾਲ ਵਿਖੇ 13 ਏਕੜ 'ਚ ਬਣਿਆ ਡੰਪ, ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਦਾ ਐਲਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਚੰਨਣਵਾਲ (ਬਰਨਾਲਾ) ਵਿਖੇ ਵਾਤਾਵਰਣ ਸੁਰੱਖਿਆ ਤੇ ਖੇਤੀਬਾੜੀ ਸੁਧਾਰ ਦੇ ਖੇਤਰ ਵਿੱਚ ਪ੍ਰੇਰਨਾਦਾਇਕ ਮਿਸਾਲ ਬਣ ਗਿਆ ਹੈ।ਸਰਪੰਚ ਕੁਲਵਿੰਦਰ ਕੌਰ ਚੰਨਣਵਾਲ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਵੱਲੋਂ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ. ਬੈਨਿਥ ਦੇ ਸਹਿਯੋਗ ਨਾਲ ਗਹਿਲ ਰੋਡ 'ਤੇ ਪਿੰਡ ਚੰਨਣਵਾਲ ਦੀ ਹੱਦ ਵਿੱਚ ਸਥਿਤ 13 ਏਕੜ ਪੰਚਾਇਤੀ ਜ਼ਮੀਨ ਵਿੱਚ ਪਰਾਲੀ ਦੀ ਸਾਂਭ-ਸੰਭਾਲ ਲਈ ਵਿਸ਼ਾਲ ਡੰਪ ਸਾਈਟ ਤਿਆਰ ਕੀਤੀ ਗਈ ਹੈ।ਆਗੂਆਂ ਨੇ ਦੱਸਿਆ ਕਿ ਇਹ ਡੰਪ ਪੰਚਾਇਤ ਵੱਲੋਂ ਕਿਸਾਨਾਂ ਦੀ ਭਲਾਈ ਅਤੇ ਵਾਤਾਵਰਨ ਸੁਰੱਖਿਆ ਦੇ ਮੰਤਵ ਨਾਲ ਤਿਆਰ ਕੀਤਾ ਗਿਆ ਹੈ। ਇਸ ਦਾ ਉਦੇਸ਼ ਝੋਨੇ ਦੀ ਪਰਾਲੀ ਨੂੰ ਇਕੱਠਾ ਕਰਕੇ ਸਾਂਭ-ਸੰਭਾਲ ਕਰਨਾ ਹੈ, ਤਾਂ ਜੋ ਇਸ ਨੂੰ ਸਾੜਨ ਦੀ ਬਜਾਏ ਵਾਤਾਵਰਨ-ਅਨੁਕੂਲ ਢੰਗ ਨਾਲ ਵਰਤਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਡੰਪ ਵਿੱਚ ਪਿੰਡ ਚੰਨਣਵਾਲ, ਗਹਿਲ, ਰਾਏਸਰ ਅਤੇ ਬੀਹਲਾ ਸਮੇਤ ਹੋਰ ਆਲੇ-ਦੁਆਲੇ ਦੇ ਪਿੰਡਾਂ ਦੇ ਕਿਸਾਨ ਆਪਣੀ ਝੋਨੇ ਦੀ ਪਰਾਲੀ ਇਕੱਠੀ ਕਰਕੇ ਲਿਆ ਸਕਣਗੇ।ਇਕੱਠੀ ਕੀਤੀ ਗਈ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਸੀ ਬੀ ਜੀ ਗੈਸ ਯੂਨਿਟਾਂ ਤੇ ਪਾਵਰ ਪਲਾਂਟਾਂ ਤੱਕ ਭੇਜ ਕੇ ਉਰਜਾ ਉਤਪਾਦਨ ਲਈ ਵਰਤਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਹਵਾ ਪ੍ਰਦੂਸ਼ਣ 'ਚ ਕਮੀ, ਖੇਤਾਂ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਅਤੇ ਸਿਹਤਮੰਦ ਵਾਤਾਵਰਣ ਬਣੇਗਾ।ਪਿੰਡ ਵਾਸੀਆਂ ਨੇ ਐਲਾਨ ਕੀਤਾ ਕਿ ਹੁਣ ਪਿੰਡ ਦਾ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਗਾਵੇਗਾ।ਨਿਊ ਬਰਨਾਲਾ ਗਰੁੱਪ ਦੇ ਆਗੂ ਬਲਜਿੰਦਰ ਸਿੰਘ ਗਰੇਵਾਲ, ਗੁਰਜੰਟ ਸਿੰਘ ਚੰਨਣਵਾਲ ਨੇ ਕਿਹਾ ਕਿ ਇਹ ਪ੍ਰਾਜੈਕਟ ਸਿਰਫ਼ ਪਿੰਡ ਚੰਨਣਵਾਲ ਲਈ ਹੀ ਨਹੀਂ, ਸਗੋਂ ਸਾਰੇ ਇਲਾਕੇ ਦੀਆਂ ਪੰਚਾਇਤਾਂ ਲਈ ਪ੍ਰੇਰਣਾ ਦਾ ਸਰੋਤ ਬਣਿਆ ਹੈ।ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਇਸ ਡੰਪ ਵਿੱਚ ਇਕੱਠੀ ਕਰਕੇ ਭੇਜਣ, ਤਾਂ ਜੋ ਪ੍ਰਦੂਸ਼ਣ-ਮੁਕਤ ਪੰਜਾਬ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇ।

## ਕੁੱਟਮਾਰ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਦੇ ਪਿੰਡ ਜੈਮਲ ਵਾਲਾ ਸਿੰਘ ਵਿਖੇ ਇਕ ਵਿਅਕਤੀ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿਚ ਥਾਣਾ ਮੱਲਾਂਵਾਲਾ ਪੁਲਸ ਨੇ 6 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਹਰਪ੍ਰੀਤ ਸਿੰਘ ਪੁੱਤਰ ਬਾਜ ਸਿੰਘ ਵਾਸੀ ਜੈਮਲ ਵਾਲਾ ਨੇ ਦੱਸਿਆ ਕਿ 22 ਅਕਤੂਬਰ 2025 ਨੂੰ ਉਸ ਦਾ ਭਤੀਜਾ ਪਰਮਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਕਾਰ ਸਵਿਫਟ 'ਤੇ ਪਿੰਡ ਫੱਤੇ ਬੋੜੇ ਜ਼ਮੀਨ ਤੋਂ ਘਰ ਨੂੰ ਆ ਰਿਹਾ ਸੀ ਤਾਂ ਜਦੋਂ ਹਰਭਜਨ ਸਿੰਘ ਪੁੱਤਰ ਪੰਜਾਬ ਸਿੰਘ ਦੇ ਘਰ ਕੋਲ ਪੁੱਜਾ ਤਾਂ ਦੋਸ਼ੀਆਨ ਹਰਭਜਨ ਸਿੰਘ, ਅਨਮੋਲ ਸਿੰਘ ਪੁੱਤਰ ਕਾਬਲ ਸਿੰਘ, ਅੰਗਰੇਜ਼ ਸਿੰਘ ਪੁੱਤਰ ਬਾਜ ਸਿੰਘ, ਦਰਸ਼ਨ ਸਿੰਘ, ਕੁਲਵਿੰਦਰ ਸਿੰਘ, ਕਾਬਲ ਸਿੰਘ ਪੁੱਤਰਾਨ ਬੰਤਾ ਸਿੰਘ ਵਾਸੀਅਨ ਜੈਮਲ ਸਿੰਘ ਵਾਲਾ ਨੇ ਸੱਟਾਂ ਮਾਰੀਆਂ।

ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਅਮਨਜੀਤ ਹਸਪਤਾਲ ਆਰਿਫ ਕੇ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਟ੍ਰੈਫਿਕ ਸਮੱਸਿਆ ਨੂੰ ਸੁਲਝਾਉਣ ਲਈ ਪੁਲਸ ਵੱਲੋਂ ਵੱਡੀ ਪੱਧਰ 'ਤੇ ਕਾਰਵਾਈ

### ਵਾਹਨਾਂ ਦੇ ਕੀਤੇ ਚਲਾਨ, ਦੁਕਾਨਦਾਰਾਂ ਨੂੰ ਸਾਮਾਨ ਦੁਕਾਨ ਅੰਦਰ ਰੱਖਣ ਦੀ ਦਿੱਤੀ ਚੇਤਾਵਨੀ



**ਜਗਰਾਉਂ (ਸੰਜੀਵ ਅਰੋੜਾ)**-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਜਗਰਾਉਂ ਟ੍ਰੈਫਿਕ ਦੀ ਸਮੱਸਿਆ ਨੂੰ ਵੇਖਦਿਆਂ ਵੱਡੀ ਪੱਧਰ 'ਤੇ ਕਾਰਵਾਈ ਕੀਤੀ ਗਈ। ਡੀਐਸਪੀ ਕੁਲਵੰਤ ਸਿੰਘ ਦੀ ਅਗਵਾਈ ਹੇਠ ਜਗਰਾਉਂ ਟ੍ਰੈਫਿਕ ਇੰਚਾਰਜ ਕੁਮਾਰ ਸਿੰਘ ਤੇ ਉਨ੍ਹਾਂ ਦੀ ਟੀਮ ਦੇ ਏਐਸਆਈ ਸੁਖਵਿੰਦਰ ਸਿੰਘ ਤੇ ਬਲਰਾਜ ਸਿੰਘ ਵੱਲੋਂ ਕਾਰਵਾਈ ਕੀਤੀ ਗਈ। ਟ੍ਰੈਫਿਕ ਇੰਚਾਰਜ ਕੁਮਾਰ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਪੂਰੇ ਜਗਰਾਉਂ ਸ਼ਹਿਰ ਅੰਦਰ ਸੜਕਾਂ 'ਤੇ ਖੜ੍ਹੇ ਵਾਹਨਾਂ ਦੇ ਚਲਾਨ ਕੀਤੇ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੀਆਂ ਦੁਕਾਨਾਂ ਦਾ ਸਮਾਨ ਆਪਣੀਆਂ ਦੁਕਾਨਾਂ ਦੀ ਹਦੂਦ ਦੇ ਅੰਦਰ ਹੀ ਰੱਖਣ ਤਾਂ ਜੋ ਟ੍ਰੈਫਿਕ ਦੀ ਸਮੱਸਿਆ ਨੂੰ ਸੁਲਝਾਇਆ ਜਾ ਸਕੇ। ਇਸ ਮੌਕੇ ਜਗਰਾਉਂ ਸ਼ਹਿਰ ਵਾਸੀ ਪੁਲਸ ਦੀ ਇਸ ਕਾਰਗੁਜ਼ਾਰੀ ਤੋਂ ਖੁਸ਼ ਨਜ਼ਰ ਆਏ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਜਗਰਾਉਂ ਅੰਦਰ ਟ੍ਰੈਫਿਕ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਰਹੀ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਸ਼ਹਿਰ ਵਾਸੀ ਟ੍ਰੈਫਿਕ ਪੁਲਸ ਦੀ ਇਸ ਕਾਰਗੁਜ਼ਾਰੀ ਤੋਂ ਖੁਸ਼ ਨਜ਼ਰ ਆਏ। ਓਧਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀਐਸਪੀ ਟ੍ਰੈਫਿਕ ਕੁਲਵੰਤ ਸਿੰਘ ਨੇ ਕਿਹਾ ਕਿ ਐਸਐਸਪੀ ਡਾਕਟਰ ਅੰਕੁਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਾਡੀ ਟੀਮ ਜਗਰਾਉਂ ਟ੍ਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕ ਆਪਣੀਆਂ ਗੱਡੀਆਂ ਨੂੰ ਸੜਕਾਂ ਤੇ ਖੜ੍ਹੇ ਕਰਕੇ ਦੁਕਾਨਾਂ ਵਿੱਚ ਖਰੀਦਾਰੀ ਕਰਨ ਚਲੇ ਜਾਂਦੇ ਹਨ, ਜਿਸ ਕਾਰਨ ਆਵਾਜਾਈ 'ਚ ਵਿਘਨ ਪੈਂਦਾ ਹੈ। ਅਸੀਂ ਉਨ੍ਹਾਂ ਗੱਡੀਆਂ ਦੇ ਚਲਾਨ ਕਰ ਰਹੇ ਹਾਂ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਵੀ ਚੇਤਾਵਨੀ ਦਿੱਤੀ ਕਿ ਉਹ ਆਪਣੀਆਂ ਦੁਕਾਨਾਂ ਦਾ ਸਾਮਾਨ ਆਪਣੀ ਹਦੂਦ ਅੰਦਰ ਰੱਖਣ ਤਾਂ ਜੋ ਆਵਾਜਾਈ ਵਿੱਚ ਵਿਘਨ ਨਾ ਪਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਲਗਾਤਾਰ ਸਾਡੀ ਟ੍ਰੈਫਿਕ ਪੁਲਸ ਕਾਰਵਾਈ ਕਰਦੀ ਰਹੇਗੀ, ਜਿਸ ਨਾਲ ਜਲਦ ਹੀ ਜਗਰਾਉਂ ਦੀ ਟ੍ਰੈਫਿਕ ਦੀ ਸਮੱਸਿਆ ਦਾ ਹੱਲ ਹੋਵੇਗਾ।

## ਆਰ ਐੱਸ ਡੀ ਰਾਜ ਰਤਨ ਪਬਲਿਕ ਸਕੂਲ ਦੇ ਬੱਚੇ ਸਮੂਹਕ ਗੀਤ ਮੁਕਾਬਲੇ 'ਚ ਜੇਤੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ ਵਿਕਾਸ ਪ੍ਰੀਸ਼ਦ ਦੇ ਸਹਿਯੋਗ ਨਾਲ ਹੰਸ ਰਾਜ ਮਹਾਵਿਦਿਆਲਿਆ ਵਿੱਚ ਆਯੋਜਿਤ ਸਮੂਹਕ ਗੀਤ ਮੁਕਾਬਲੇ ਵਿੱਚ ਆਰ ਐੱਸ ਡੀ ਰਾਜ ਰਤਨ ਪਬਲਿਕ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਆਪਣੀ ਸ਼ਾਨਦਾਰ ਪੇਸ਼ਕਾਰੀ ਦੇ ਬਲ 'ਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ। ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੀ ਪ੍ਰਿੰਸੀਪਲ ਡਾ. ਪ੍ਰਵੀਨ ਔਲ ਨੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ ਤੇ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਮਿਹਨਤ, ਅਨੁਸ਼ਾਸਨ ਤੇ ਸੰਗੀਤ ਪ੍ਰਤੀ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਦੇ ਰਹਿਣ ਦੀ ਪ੍ਰੇਰਣਾ ਦਿੱਤੀ। ਸਕੂਲ ਦੇ ਪ੍ਰਧਾਨ ਐੱਸ ਸੀ ਸਾਂਵਲਕਾ, ਸਕੱਤਰ ਰਜਨੀਸ਼ ਸਾਂਵਲਕਾ ਤੇ ਨਿਰਦੇਸ਼ਕ ਐੱਸ ਪੀ ਆਨੰਦ ਨੇ ਵੀ ਜੇਤੂ ਟੀਮ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਸਕੂਲ ਪਰਵਾਰ ਨੇ ਇਸ ਉਪਲਬੱਧੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਕਿ ਉਹ ਆਪਣੀ ਪ੍ਰਤਿਭਾ ਨੂੰ ਨਿਖਾਰਦੇ ਹੋਏ ਅੱਗੇ ਵੀ ਸਕੂਲ ਤੇ ਸਮਾਜ ਦਾ ਨਾਮ ਰੌਸ਼ਨ ਕਰਦੇ ਰਹਿਣ।

# ਡੇਂਗੂ ਤੇ ਚਿਕਨਗੁਨੀਆ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਦੀ ਲੋੜ : ਡਾ. ਰਾਜੀਵ ਰਿਸ਼ੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਥਾਨਕ ਰਿਸ਼ੀ ਹਸਪਤਾਲ ਦੇ ਡਾਕਟਰ ਰਾਜੀਵ ਰਿਸ਼ੀ ਨੇ ਡੇਂਗੂ ਤੇ ਚਿਕਨਗੁਨੀਆ ਤੋਂ ਲੋਕਾਂ ਨੂੰ ਨਾ ਡਰਨ ਤੇ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ।

ਉਨ੍ਹਾ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਡੇਂਗੂ ਤੇ ਚਿਕਨਗੁਨੀਆ ਵਾਈਰਲ ਬੁਖ਼ਾਰ ਹਨ, ਜਿਸ ਤੋਂ ਬਚਣ ਲਈ ਉਹ ਅਪਣੇ ਘਰਾਂ ਤੇ ਆਲੇ-ਦੁਆਲੇ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦੇਣ ਤੇ ਸਰੀਰ ਨੂੰ ਪੂਰੀ ਤਰ੍ਹਾਂ ਢਕਣ ਵਾਲੇ ਕੱਪੜੇ ਪਾਉਣ।ਉਨ੍ਹਾ ਕਿਹਾ ਕਿ ਡੇਂਗੂ ਜਿਹੇ ਮਾਰੂ ਬੁਖ਼ਾਰ ਤੋਂ ਬਚਾਅ ਲਈ ਸਾਰਿਆਂ ਨੂੰ ਜਾਗਰੂਕ ਹੋਣ ਤੇ ਸਾਵਧਾਨੀਆਂ ਵਰਤਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਜੇ ਕਿਸੇ ਕਾਰਨ ਡੇਂਗੂ ਬੁਖ਼ਾਰ ਹੋ ਜਾਂਦਾ ਹੈ ਤਾਂ ਘਬਰਾਉਣ ਦੀ ਲੋੜ ਨਹੀਂ।ਮਰੀਜ਼ ਨੂੰ ਸਿਹਤ ਸੰਸਥਾ ਵਿੱਚ ਲਿਆਂਦਾ ਜਾਵੇ।ਉਨ੍ਹਾਂ ਆਖਿਆ ਕਿ ਆਮ ਤੌਰ 'ਤੇ ਹਰ ਕਿਸਮ ਦੇ ਬੁਖ਼ਾਰ ਦੌਰਾਨ ਸਰੀਰ ਵਿਚਲੇ ਪਲੇਟਲੈਟਸ ਘੱਟ ਜਾਂਦੇ ਹਨ।ਬੱਕਰੀ ਦਾ ਦੁੱਧ, ਕੀਵੀ ਫਲ ਜਾਂ ਨਾਰੀਅਲ ਦਾ ਪਾਣੀ ਵਿਸ਼ੇਸ਼ ਤੌਰ 'ਤੇ ਪਲੇਟਲੈਟਸ ਵਧਾਉਣ ਵਿੱਚ ਸਹਾਈ ਨਹੀਂ ਹੁੰਦੇ।ਮਰੀਜ਼ ਤਰਲ ਪਦਾਰਥਾਂ ਜਿਵੇਂ ਪਾਣੀ, ਜੂਸ, ਨਿੰਬੂ ਪਾਣੀ, ਨਾਰੀਅਲ ਪਾਣੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰੇ ਅਤੇ ਆਰਾਮ ਕਰੇ।ਰੋਜ਼ਾਨਾ ਘੱਟੋ-ਘੱਟ ਦੋ ਲੀਟਰ ਪਾਣੀ ਦਾ ਸੇਵਨ ਕੀਤਾ ਜਾਵੇ, ਜੋ ਆਮ ਤੰਦਰੁਸਤ ਵਿਅਕਤੀ ਲਈ ਵੀ ਫ਼ਾਇੰਦੇਮੰਦ ਹੁੰਦਾ ਹੈ। ਤਰਲ ਪਦਾਰਥ ਜਿੱਥੇ ਸਰੀਰ ਵਿੱਚ ਪਾਣੀ ਦੀ ਕਮੀ ਨਹੀਂ ਹੋਣ ਦਿੰਦੇ, ਉਥੇ ਸਰੀਰ ਨੂੰ ਜ਼ਰੂਰੀ ਪੋਸ਼ਕ ਵੀ ਦਿੰਦੇ ਹਨ।ਉਨ੍ਹਾ ਚਿਕਗੁਨੀਆ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਤੇਜ਼ ਬੁਖ਼ਾਰ, ਸਿਰ ਦਰਦ, ਜੋੜਾਂ ਵਿੱਚ ਦਰਦ ਤੇ ਸੋਜਿਸ਼, ਚਮੜੀ 'ਤੇ ਦਾਣੇ ਤੇ ਖਾਰਿਸ਼ ਮੁੱਖ ਲੱਛਣ ਹਨ।ਉਨ੍ਹਾ ਕਿਹਾ ਕਿ ਡੇਂਗੂ ਇਕ ਬੁਖ਼ਾਰ ਹੈ, ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।


ਡੇਂਗੂ ਦੇ ਆਮ ਲੱਛਣਾਂ ਵਿੱਚ ਤੇਜ਼ ਸਿਰਦਰਦ ਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਤੇ ਜੋੜਾਂ ਵਿੱਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿੱਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਤੇ ਮਸੂੜਿਆਂ ਵਿੱਚੋਂ ਖ਼ੂਨ ਵਗਣਾ, ਜੀ ਕੱਚਾ ਹੋਣਾ ਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।ਡੇਂਗੂ ਫੈਲਾਉਣ ਵਾਲੇ ਮੱਛਰ ਖੜ੍ਹੇ ਸਾਫ਼ ਪਾਣੀ ਵਿੱਚ ਪਲਦੇ ਹਨ ਜਿਵੇਂ ਕੂਲਰਾਂ, ਪਾਣੀ ਦੀਆਂ ਟੈਂਕੀਆਂ, ਫੁੱਲਾਂ ਦੇ ਗਮਲਿਆਂ, ਫ਼ਰਿੱਜਾਂ ਪਿੱਛੇ ਲੱਗੀ ਟਰੇਅ, ਟੁੱਟੇ-ਭੱਜੇ/ਸੁੱਟੇ ਭਾਂਡਿਆਂ ਤੇ ਖ਼ਾਲੀ ਪਏ ਟਾਇਰਾਂ ਅਤੇ ਪਾਣੀ ਵਾਲੇ ਢੋਲਾਂ ਆਦਿ ਵਿੱਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਜਾਗਰੂਕਤਾ ਹੀ ਇਸ ਬਿਮਾਰੀ ਉੱਤੇ ਕਾਬੂ ਪਾਉਣ ਦੀ ਕੁੰਜੀ ਹੈ।

## ਤਸਕਰ ਵੱਲੋਂ ਪਾਕਿਸਤਾਨ ਤੋਂ ਮੰਗਵਾਈ 3 ਕਿੱਲੋ 248 ਗ੍ਰਾਮ ਹੈਰੋਇਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਪਿੰਡ ਗੱਟੀ ਰਾਜੋ ਕੇ ਵਿਖੇ ਇੱਕ ਤਸਕਰ ਵੱਲੋਂ ਪਾਕਿਸਤਾਨ ਤੋਂ ਡਰੋਨ ਰਾਹੀਂ 3 ਕਿੱਲੋ 248 ਗ੍ਰਾਮ ਹੈਰੋਇਨ ਪੁਲਸ ਨੇ ਸਰਚ ਦੌਰਾਨ ਝੋਨੇ ਦੀ ਫਸਲ ਵਿੱਚੋਂ ਬਰਾਮਦ ਕੀਤੀ ਹੈ।

ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਤਸਕਰ ਖਿਲਾਫ ਐੱਨਡੀਪੀਐੱਸ ਐਕਟ (ਕਮਰੀਸ਼ੀਅਲ) ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਐੱਸਆਈ ਮੇਜਰ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਦੇ ਸਬੰਧ ਵਿੱਚ ਜੱਲੋ ਕੇ ਮੋੜ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਸੰਦੀਪ ਉਰਫ ਸੀਪਾ ਪੁੱਤਰ ਜਸਬੀਰ ਸਿੰਘ ਵਾਸੀ ਗੱਟੀ ਰਾਜੋ ਕੇ ਜੋ ਪਾਕਿਸਤਾਨ ਤੋਂ ਡਰੋਨ ਰਾਹੀਂ ਹੈਰੋਇਨ ਦੀ ਖੇਪ ਮੰਗਵਾਉਂਦਾ ਹੈ ਤੇ ਅੱਗੇ ਵੇਚਦਾ ਹੈ, ਜਿਸ ਨੇ ਪਾਕਿਸਤਾਨ ਤੋਂ ਮੰਗਵਾਈ ਹੈਰੋਇਨ ਆਪਣੇ ਪਿਤਾ ਦੇ ਨਾਮ 'ਤੇ ਗੱਟੀ ਰਾਜੋ ਕੇ ਵਿਖੇ ਖੇਤ ਝੋਨੇ ਦੀ ਪਰਾਲੀ ਵਿੱਚ ਲੁਕਾ ਛੁਪਾ ਕੇ ਰੱਖੀ ਹੋਈ ਹੈ। ਜੇਕਰ ਸਰਚ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿਚ ਹੈਰੋਇਨ ਬਰਾਮਦ ਹੋ ਸਕਦੀ ਹੈ। ਪੁਲਸ ਨੇ ਦੱਸਿਆ ਕਿ ਦੌਰਾਨੇ ਸਰਚ ਉਹ ਸਮੇਤ ਸਾਥੀ ਕਰਮਚਾਰੀਆਂ ਦੇ 3 ਕਿੱਲੋ 248 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਤਸਕਰ ਸੰਦੀਪ ਉਰਫ ਸੀਪਾ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਮਾਊਂਟ ਲਿਟਰਾ ਜ਼ੀ ਸਕੂਲ 'ਚ ਵਿਸ਼ਵ ਭੋਜਨ ਦਿਵਸ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਊਂਟ ਲਿਟਰਾ ਜ਼ੀ ਸਕੂਲ ਬਾਘਾ ਪੁਰਾਣਾ ਵਿਖੇ ਵਿਸ਼ਵ ਭੋਜਨ ਦਿਵਸ ਮਨਾਇਆ ਗਿਆ।ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ ਕੌਰ ਦੀ ਅਗਵਾਈ ਹੇਠ ਬੱਚਿਆਂ ਨੂੰ ਇਸ ਦਿਨ ਦੀ ਮਹੱਤਤਾ ਅਤੇ ਭੋਜਨ ਦੀ ਹੋ ਰਹੀ ਬਰਬਾਦੀ ਤੇ ਭੋਜਨ ਨੂੰ ਬਰਬਾਦ ਹੋਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ, ਦੀ ਪੀ ਪੀ ਟੀ ਬਣਾ ਕੇ ਕਲਾਸਾਂ ਵਿੱਚ ਲੱਗੇ ਸਮਾਰਟ ਬੋਰਡ ਉੱਪਰ ਦਿਖਾਈ ਗਈ। ਸੀਨੀਅਰ ਵਿਦਿਆਰਥੀਆਂ ਵੱਲੋਂ ਪੀ ਪੀ ਟੀ ਤਿਆਰ ਕੀਤੀ ਗਈ।ਸੀਨੀਅਰ ਵਿਦਿਆਰਥੀਆਂ ਨੇ ਛੋਟੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਭੋਜਨ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਬਾਰੇ ਦੱਸਿਆ।ਉਨ੍ਹਾਂ ਸਮਝਾਇਆ ਕਿ ਭੋਜਨ ਸੁਰੱਖਿਆ ਸਿਰਫ ਪੇਟ ਭਰਨ ਦੀ ਗੱਲ ਨਹੀਂ, ਸਗੋਂ ਸਿਹਤਮੰਦ ਤੇ ਸਸਟੇਨੇਬਲ ਜੀਵਨ ਦਾ ਆਧਾਰ ਹੈ।ਛੋਟੇ ਬੱਚਿਆਂ ਨੇ ਭੋਜਨ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ ਤੇ ਸੀਨੀਅਰ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਵਿਦਿਆਰਥੀਆਂ ਨੂੰ ਪੀ ਪੀ ਟੀ ਤਿਆਰ ਕਰਨ ਵਿੱਚ ਮੈਡਮ ਭਾਵਨਾ ਤੇ ਟਿਸ਼ੂ ਗੋਇਲ ਨੇ ਮਦਦ ਕੀਤੀ।ਮਾਊਂਟ ਲਿਟਰਾ ਜ਼ੀ ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ ਕੌਰ ਨੇ ਬੱਚਿਆਂ ਨੂੰ ਸਿਖਾਇਆ ਕਿਵੇਂ ਘਰ ਵਿੱਚ ਬਚੇ ਹੋਏ ਭੋਜਨ ਦੀ ਵਰਤੋਂ ਕੀਤੀ ਜਾ ਸਕਦੀ ਹੈ।ਸਕੂਲ ਦੇ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ ਨੇ ਸੁਨੇਹਾ ਦਿੱਤਾ ਕਿ ਸਾਂਝੇ ਯਤਨਾਂ ਨਾਲ ਅਸੀਂ ਭੁੱਖਮਰੀ ਖਤਮ ਕਰ ਸਕਦੇ ਹਾਂ ਅਤੇ ਬਿਹਤਰ ਭਵਿੱਖ ਬਣਾ ਸਕਦੇ ਹਾਂ।ਇਸ ਮੌਕੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਘਰਾਂ ਤੇ ਭਾਈਚਾਰੇ ਵਿੱਚ ਭੋਜਨ ਦੀ ਬਰਬਾਦੀ ਘਟਾਉਣ ਤੇ ਲੋੜਵੰਦਾਂ ਦੀ ਮਦਦ ਕਰਨ। ਇਸ ਮੌਕੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਨੇ ਸੀਨੀਅਰ ਵਿਦਿਆਰਥੀਆਂ ਦੀ ਪੀ ਪੀ ਟੀ ਤੇ ਸਮੂਹ ਸਟਾਫ ਦੀ ਸ਼ਲਾਘਾ ਕੀਤੀ।ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਡੀ ਸੀ ਅਤੇ ਪੁਲਸ ਕਮਿਸ਼ਨਰ ਵੱਲੋਂ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰਾਂ ਨਾਲ ਮੀਟਿੰਗ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਅਤੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੰਮ ਕਰ ਰਹੇ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰਾਂ ਨਾਲ ਮੀਟਿੰਗ ਕਰਕੇ ਅਗਲੀ ਰਣਨੀਤੀ ਬਾਰੇ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਮੋਰਚੇ ਦੇ ਇੰਚਾਰਜ ਮੈਡਮ ਸੋਨੀਆ ਮਾਨ ਅਤੇ ਜ਼ਿਲ੍ਹਾ ਇੰਚਾਰਜ ਅੰਮ੍ਰਿਤਸਰ ਸ਼ਹਿਰੀ ਦੀਕਸ਼ਤ ਧਵਨ, ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ, ਵਧੀਕ ਕਮਿਸ਼ਨਰ ਸ੍ਰੀ ਸੁਰਿੰਦਰ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਸਾਨੂੰ ਸਾਰਿਆਂ ਨੂੰ ਆਪਣੇ ਆਪਣੇ ਹਲਕੇ ਵਿੱਚ ਲੋਕਾਂ ਨਾਲ ਅਜਿਹਾ ਤਾਲਮੇਲ ਬਣਾਉਣਾ ਪਵੇਗਾ ਕਿ ਸਾਨੂੰ ਹਰੇਕ ਨਸ਼ੇ ਦੇ ਰੋਗੀ ਬਾਰੇ ਜਾਣਕਾਰੀ ਹੋਵੇ, ਉਸ ਨੂੰ ਨਸ਼ਾ ਕਿੱਥੋਂ ਆ ਰਿਹਾ ਹੈ, ਕੌਣ ਦੇ ਰਿਹਾ ਹੈ, ਉਸ ਬਾਰੇ ਵੀ ਪਤਾ ਹੋਵੇ, ਤਾਂ ਹੀ ਇਸ ਦੀ ਜੜ ਨੂੰ ਖਤਮ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਦਾਇਤਾਂ ਅਨੁਸਾਰ ਸਾਰਾ ਜ਼ਿਲ੍ਹਾ ਪ੍ਰਸ਼ਾਸਨ ਇਸ ਕੰਮ ਲਈ ਸਰਗਰਮ ਹੈ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਲੋਕ ਸਾਨੂੰ ਨਸ਼ੇ ਦੀ ਤਸਕਰੀ ਬਾਰੇ ਜਾਣਕਾਰੀ ਦੇਣ ਲਈ ਅੱਗੇ ਆਉਣ।ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਪੁਲਸ ਨਸ਼ੇ ਦੇ ਖਾਤਮੇ ਲਈ ਦਿਨ ਰਾਤ ਕੰਮ ਕਰ ਰਹੀ ਹੈ ਪਰ ਇਸ ਵਿੱਚ ਲੋਕਾਂ ਦੇ ਸਹਿਯੋਗ ਦੀ ਵੱਡੀ ਲੋੜ ਹੈ ਤਾਂ ਹੀ ਸਾਨੂੰ ਨਸ਼ਾ ਤਸਕਰੀ ਦੀ ਸਹੀ ਜਾਣਕਾਰੀ ਮਿਲ ਸਕਦੀ ਹੈ।ਉਨ੍ਹਾਂ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਵਿਰੁੱਧ ਵੱਡੇ ਪੱਧਰ ਉਤੇ ਕਾਰਵਾਈਆਂ ਬੀਤੇ ਸਮੇਂ ਵਿੱਚ ਕੀਤੀਆਂ ਹਨ ਅਤੇ ਨਸ਼ੇ ਦੇ ਰੋਗੀਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਵੀ ਭੇਜਿਆ ਹੈ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਇਹ ਮੁਹਿੰਮ ਨਿਰੰਤਰ ਨਸ਼ੇ ਦੇ ਖਾਤਮੇ ਤੱਕ ਜਾਰੀ ਰਹੇ ਅਤੇ ਤੁਸੀਂ ਸਾਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋ।ਮੈਡਮ ਸੋਨੀਆ ਮਾਨ ਨੇ ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਪੁਲਿਸ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਸੀਂ ਹੋਰ ਬਿਹਤਰ ਤਾਲਮੇਲ ਲਈ ਕੋਆਰਡੀਨੇਟਰਾਂ ਨਾਲ ਰਾਬਤਾ ਕਰ ਰਹੇ ਹਾਂ ਅਤੇ ਇਸ ਲਈ ਟੈਕਨੋਲੋਜੀ ਦੀ ਸਹਾਇਤਾ ਵੀ ਲਈ ਜਾ ਰਹੀ ਹੈ ਜੋ ਕਿ ਛੇਤੀ ਹੀ ਲਾਂਚ ਕੀਤੀ ਜਾਵੇਗੀ।ਦੀਕਸ਼ਿਤ ਧਵਨ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰਾਂ ਵੱਲੋਂ ਕੀਤੀਆਂ ਗਈਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦਾ ਵੇਰਵਾ ਸਾਂਝਾ ਕੀਤਾ ਅਤੇ ਉਨ੍ਹਾਂ ਦੀ ਪਿੱਠ ਥਾਪੜਦੇ ਹੋਏ ਕਿਹਾ ਕਿ ਅਸੀਂ ਤੁਹਾਡਾ ਹਰ ਤਰ੍ਹਾਂ ਨਾਲ ਸਾਥ ਦੇਵਾਂਗੇ ਅਤੇ ਤੁਸੀਂ ਨਸ਼ਾ ਰੋਗੀਆਂ ਦੇ ਇਲਾਜ ਲਈ ਵੀ ਵੱਧ ਚੜ੍ਹ ਕੇ ਕੰਮ ਕਰੋ।





# ਪੈਨਸ਼ਨਰ ਐਸੋਸੀਏਸ਼ਨ ਵੱਲੋਂ ਮੈਨੇਜਮੈਂਟ ਖਿਲਾਫ ਪਟਿਆਲਾ ਵਿਖੇ ਰੋਸ ਪ੍ਰਦਰਸ਼ਨ 7 ਨਵੰਬਰ ਨੂੰ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪੰਜਾਬ ਅੰਦਰ ਬਦਲਾਵ ਦੇ ਨਾਂਅ 'ਤੇ ਬਣੀ ਆਪ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਬਣਦੇ ਭੱਤੇ ਦੇਣ ਦੀ ਥਾਂ ਪਹਿਲੀਆਂ ਅਕਾਲੀ-ਕਾਂਗਰਸੀ ਸਰਕਾਰਾਂ ਦੀਆਂ ਨੀਤੀਆਂ ਤੇ ਚਲਦਿਆਂ ਬੁੱਢੇ ਬਾਬਿਆਂ ਨੂੰ ਸੜਕਾਂ ਉਪਰ ਰੁਲਣ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ।ਸੀਨੀਅਰ ਸਿਟੀਜ਼ਨ ਪੈਨਸ਼ਨਰਾਂ ਨੂੰ ਮੌਤ ਦੇ ਮੂੰਹ 'ਚ ਜਾਂਦਾ ਵੇਖਣਾ ਲੋਚ ਰਹੀ ਹੈ ਤਾਂ ਜੋ ਪੈਨਸ਼ਨਰਾਂ, ਫੈਮਲੀ ਪੈਨਸ਼ਨਰਾਂ ਦਾ ਸਰਕਾਰ ਵੱਲ ਦੇਣਦਾਰੀਆਂ ਦਾ ਬਣਦਾ ਲੱਖਾਂ ਰੁਪਏ ਦਾ ਏਰੀਆ ਖੂਹ ਖਾਤੇ 'ਚ ਪੈ ਜਾਵੇ।ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਸਰਕਾਰ ਦੀਆਂ ਆਸਾਂ ਨੂੰ ਕਦੇ ਬੂਰ ਨਹੀਂ ਪੈਣ ਦੇਣਗੇ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਸਟੇਟ ਪਾਵਰ ਤੇ ਟਰਾਂਸਮਿਸ਼ਨ ਦੇ ਸੂਬਾ ਸਕੱਤਰ ਤੇ ਸਰਕਲ ਤਰਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੰਨਣ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ 70-75 ਅਤੇ 80 ਸਾਲਾਂ ਸੀਨੀਅਰ ਸਿਟੀਜ਼ਨ ਦੇ ਸੋਧੇ ਹੋਏ ਸਕੇਲਾਂ ਦੇ ਬਕਾਏ, ਮਹਿੰਗਾਈ ਭੱਤੇ ਦੀਆਂ ਬਣਦੀਆਂ ਕਿਸ਼ਤਾਂ ਅਤੇ ਕਿਸ਼ਤਾਂ ਦਾ ਬਣਦਾ ਬਕਾਇਆ ਦੇਣ ਦੀ ਥਾਂ ਨੱਪ ਕੇ ਬੈਠੀ ਹੋਈ ਹੈ।ਕਈ ਪੈਨਸ਼ਨਰ, ਫੈਮਲੀ ਪੈਨਸ਼ਨਰ ਬਕਾਏ ਉਡੀਕਦਿਆਂ ਉਡੀਕਦਿਆਂ ਵਾਹਿਗੁਰੂ ਨੂੰ ਪਿਆਰੇ ਹੋ ਗਏ। ਉਨ੍ਹਾਂ ਪਰਿਵਾਰਾਂ ਦੇ ਬੱਚੇ-ਬੱਚੀਆਂ ਸਰਕਾਰ ਨੂੰ ਕੋਸ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੇ ਅਕਾਲੀ-ਕਾਂਗਰਸੀ ਸਰਕਾਰਾਂ ਦੀਆਂ ਨੀਤੀਆਂ ਤੋਂ ਖਫਾ ਹੋ ਕੇ ਬਦਲਾਉ ਦੇ ਨਾਂ ਤੇ ਆਪ ਨੂੰ ਵੋਟਾਂ ਪਾਈਆਂ ਸਨ ਪਰ ਪੰਜਾਬ ਅੰਦਰ ਬਦਲਾਵ ਨਾਂਅ ਦੀ ਕੋਈ ਚੀਜ਼ ਨਹੀਂ।ਮਹਿੰਗਾਈ ਭੱਤਾ ਰੋਕਣ ਦੀ ਪਿਰਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਰਕਾਰ ਨੇ ਸ਼ੁਰੂ ਕੀਤੀ, ਕਾਂਗਰਸ ਸਰਕਾਰ ਨੇ ਇਸ ਨੂੰ ਜਾਰੀ ਰੱਖਿਆ ਅਤੇ ਉਸੇ ਰਾਹ ਆਮ ਆਦਮੀ ਪਾਰਟੀ ਦੀ ਸਰਕਾਰ ਚੱਲ ਰਹੀ ਹੈ।ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ 7 ਨਵੰਬਰ ਦਿਨ ਸ਼ੁੱਕਰਵਾਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਹੈੱਡ ਆਫ ਪਟਿਆਲਾ ਸਾਹਮਣੇ ਐਸੋਸੀਏਸ਼ਨ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਏਗਾ। ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਏਗਾ।

# ਪੰਜਾਬ ਸਰਕਾਰ ਮਕੌੜਾ ਪੱਤਣ 'ਤੇ ਬਣਾਵੇਗੀ ਪੱਕਾ ਪੁਲ: ਆਪ ਆਗੂ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਵਿਧਾਨਸਭਾ ਹਲਕਾ ਦੀਨਾਨਗਰ 'ਚ ਵਗਦੇ ਰਾਵੀ ਦਰਿਆ ਦੇ ਮਕੌੜਾ ਪੱਤਣ ਵਿਖੇ ਰਾਵੀ ਦਰਿਆ ਉਪਰ ਪਹਿਲਾਂ ਪੱਕੇ ਪੁਲ ਅਤੇ ਹੁਣ ਪੈਨਟੂਨ ਪੁਲ ਸਬੰਧੀ ਹਲਕੇ ਦੀ ਕਾਂਗਰਸੀ ਵਿਧਾਇਕਾ ਦੇ ਬਿਆਨਾਂ ਅਤੇ ਅਧਿਕਾਰੀਆਂ ਨੂੰ ਭੇਜੇ ਚਿੱਠੀ ਪੱਤਰ ਉਪਰ ਦਰਿਆ ਰਾਵੀ ਨੇੜਲੇ ਪਿੰਡਾਂ ਦੇ ਸਰਪੰਚਾਂ ਅਤੇ ਆਪ ਆਗੂਆਂ ਨੇ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਇਸ ਸਾਰੀ ਕਵਾਇਦ ਨੂੰ ਕਾਂਗਰਸ ਪਾਰਟੀ ਦੀ ਡਰਾਮੇਬਾਜ਼ੀ ਕਰਾਰ ਦਿੱਤਾ ਹੈ।ਆਮ ਆਦਮੀ ਪਾਰਟੀ ਨਾਲ ਸਬੰਧਤ ਸਰਪੰਚਾਂ ਅਮਰਜੀਤ ਸਿੰਘ, ਬਿੰਦੂ ਸਰਪੰਚ, ਬਲਾਕ ਪ੍ਰਧਾਨ ਅਰਜਨ ਸਿੰਘ ਝਬਕਰਾ, ਸੀਨੀਅਰ ਆਪ ਆਗੂਆਂ ਪ੍ਰਿੰਸੀਪਲ ਸੰਸਾਰ ਸਿੰਘ ਝਬਕਰਾ, ਸਿਕੰਦਰ ਠਾਕੁਰ, ਅਮ੍ਰਿਤ ਸਿੰਘ, ਅਤੇ ਕੁਲਵਿੰਦਰ ਸਿੰਘ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਕਰੀਬ ਅੱਠ ਦਹਾਕਿਆਂ ਮਗਰੋਂ ਵੀ ਰਾਵੀ ਦਰਿਆ ਪਾਰਲੇ ਸੱਤ ਪਿੰਡਾਂ ਦੇ ਲੋਕਾਂ ਨੂੰ ਇੱਕ ਪੱਕਾ ਪੁਲ ਦੇਣ 'ਚ ਪੂਰੀ ਤਰ੍ਹਾਂ ਨਕਾਮ ਰਹੀਆਂ ਕਾਂਗਰਸ ਤੇ ਅਕਾਲੀ ਭਾਜਪਾ ਵਰਗੀਆਂ ਸਿਆਸੀ ਪਾਰਟੀਆਂ ਨੂੰ ਕੋਈ ਹੱਕ ਨਹੀਂ ਕਿ ਉਹ ਪੁਲਾਂ ਦੇ ਨਾਂ ਤੇ ਰਾਜਨੀਤੀ ਕਰਨ।ਆਪ ਆਗੂਆਂ ਨੇ ਕਿਹਾ ਕਿ ਦੀਨਾਨਗਰ ਦੀ ਮੌਜੂਦਾ ਕਾਂਗਰਸੀ ਵਿਧਾਇਕਾ ਅਤੇ ਉਸਦੇ ਪਰਿਵਾਰ ਨੂੰ ਹਲਕੇ ਦੇ ਲੋਕਾਂ ਨੇ ਅੱਠ ਵਾਰ ਚੁਣ ਕੇ ਵਿਧਾਨਸਭਾ ਵਿੱਚ ਭੇਜਿਆ ਹੈ ਪਰ ਚਾਲੀ ਸਾਲ ਰਾਜ ਕਰਨ ਮਗਰੋਂ ਵੀ ਕਾਂਗਰਸੀ ਵਿਧਾਇਕਾ ਅਤੇ ਉਸਦਾ ਪਰਿਵਾਰ ਰਾਵੀ ਪਾਰਲੇ ਪਿੰਡਾਂ ਦੇ ਲੋਕਾਂ ਨੂੰ ਇਕ ਪੱਕਾ ਪੁਲ ਨਹੀਂ ਦੇ ਸਕੇ ਅਤੇ ਨਾ ਹੀ ਅਕਾਲੀ ਭਾਜਪਾ ਸਰਕਾਰਾਂ ਨੇ ਰਾਵੀ ਪਾਰਲੇ ਲੋਕਾਂ ਦੀ ਸਾਰ ਲਈ ਹੈ।ਉਨ੍ਹਾਂ ਕਿਹਾ ਕਿ ਹੁਣ ਕਾਂਗਰਸੀ ਵਿਧਾਇਕਾ ਕਦੇ ਵਿਧਾਨਸਭਾ ਦੇ ਸੈਸ਼ਨ ਵਿੱਚ ਅਤੇ ਕਦੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਚਿੱਠੀਆਂ ਲਿਖ ਕੇ ਜੋ ਮਗਰਮੱਛ ਦੇ ਹੰਝੂ ਵਹਾ ਰਹੀ ਹੈ, ਹਲਕੇ ਦੇ ਲੋਕ ਉਸਨੂੰ ਚੰਗੀ ਤਰ੍ਹਾਂ ਸਮਝਦੇ ਹਨ।ਉਨ੍ਹਾਂ ਕਿਹਾ ਕਿ ਕਾਂਗਰਸੀ ਵਿਧਾਇਕਾ ਨੂੰ ਹਲਕੇ ਦੇ ਲੋਕਾਂ ਨੂੰ ਇਸ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਨੂੰ ਰਾਵੀ ਪਾਰਲੇ ਪਿੰਡਾਂ ਦੀ ਇੰਨੀ ਹੀ ਫਿਕਰ ਸੀ ਤਾਂ ਲੋਕਾਂ ਨੂੰ ਇਕ ਪੱਕਾ ਪੁਲ ਬਣਾ ਕੇ ਕਿਉਂ ਨਹੀਂ ਦੇ ਸਕੇ। ਆਪ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਰਾਵੀ ਪਾਰਲੇ ਦੀਨਾਨਗਰ ਵਿਧਾਨਸਭਾ ਹਲਕੇ ਦੇ ਪਿੰਡਾਂ ਲਈ ਪੂਰੀ ਤਰ੍ਹਾਂ ਫਿਕਰਮੰਦ ਹਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੇ ਦਿਨਾਂ ਵਿੱਚ ਜਲਦੀ ਹੀ ਮਕੌੜਾ ਪੱਤਣ ਵਿਖੇ ਪੱਕੇ ਪੁਲ ਦਾ ਕੰਮ ਸ਼ੁਰੂ ਕਰਵਾ ਕੇ ਵਿਰੋਧੀ ਪਾਰਟੀਆਂ ਦਾ ਮੂੰਹ ਬੰਦ ਕਰੇਗੀ।



# ਰਵਾਇਤੀ ਪਾਰਟੀਆਂ ਦੇ ਝੂਠੇ ਵਾਅਦਿਆਂ ਦਾ ਦੌਰ ਹੁਣ ਖਤਮ: ਹਰਮੀਤ ਸੰਧੂ

ਤਰਨ ਤਾਰਨ, (ਪ੍ਰਿਤਪਾਲ ਸਿੰਘ)-ਤਰਨਤਾਰਨ ਵਿਧਾਨ ਸਭਾ ਹਲਕੇ ਦੇ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਦਾਅਵਾ ਕੀਤਾ ਕਿ ਇਹ ਚੋਣ ਤਰਨਤਾਰਨ ਦੇ ਭਵਿੱਖ ਦਾ ਫੈਸਲਾ ਕਰੇਗੀ।ਉਨ੍ਹਾਂ ਕਿਹਾ ਕਿ ਇਹ ਚੋਣ ਆਪ ਸਰਕਾਰ ਦੀ ਕੰਮ ਦੀ ਰਾਜਨੀਤੀ ਅਤੇ ਵਿਰੋਧੀਆਂ ਦੇ ਖੋਖਲੇ ਵਾਅਦਿਆਂ ਵਿਚਕਾਰ ਸਿੱਧਾ ਮੁਕਾਬਲਾ ਹੈ।ਸੰਧੂ ਨੇ ਕਿਹਾ ਕਿ ਤਰਨਤਾਰਨ ਦੇ ਲੋਕ ਹੁਣ ਜਾਗਰੂਕ ਹੋ ਚੁੱਕੇ ਹਨ ਅਤੇ ਉਹ ਸਿਰਫ਼ ਜ਼ਮੀਨੀ ਪੱਧਰ 'ਤੇ ਹੋਏ ਵਿਕਾਸ ਕਾਰਜਾਂ ਨੂੰ ਦੇਖ ਕੇ ਹੀ ਵੋਟ ਪਾਉਣਗੇ।ਪ੍ਰੈੱਸ ਬਿਆਨ ਜਾਰੀ ਕਰਦਿਆਂ ਹਰਮੀਤ ਸਿੰਘ ਸੰਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦਾ ਰਿਪੋਰਟ ਕਾਰਡ ਪੇਸ਼ ਕੀਤਾ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਉਹ ਕਰਕੇ ਦਿਖਾਇਆ ਹੈ ਜੋ ਪਿਛਲੀਆਂ ਸਰਕਾਰਾਂ ਸਿਰਫ਼ ਗੱਲਾਂ ਵਿੱਚ ਕਰਦੀਆਂ ਸਨ।ਸਰਕਾਰ ਨੇ ਜ਼ਮੀਨੀ ਪੱਧਰ 'ਤੇ ਆਮ ਆਦਮੀ ਦੀ ਜ਼ਿੰਦਗੀ ਬਿਹਤਰ ਬਣਾਉਣ ਤੇ ਧਿਆਨ ਕੇਂਦਰਿਤ ਕੀਤਾ ਹੈ।ਜ਼ਿਲ੍ਹੇ ਦੇ 1 ਲੱਖ 81 ਹਜ਼ਾਰ 343 ਪੀ. ਐੱਚ. ਕਾਰਡ ਧਾਰਕਾਂ ਅਤੇ 5585 ਅੰਤੋਦਿਆ ਅੰਨ ਯੋਜਨਾ ਦੇ ਲਾਭਪਾਤਰੀਆਂ ਤੱਕ ਰਾਸ਼ਨ ਪਹੁੰਚਦਾ ਕੀਤਾ ਹੈ।ਪਿਛਲੇ ਤਿੰਨ ਮਹੀਨਿਆਂ ਵਿੱਚ ਹੀ 1 ਲੱਖ 05 ਹਜ਼ਾਰ 365 ਕੁਇੰਟਲ ਕਣਕ ਵੰਡਣਾ ਯਕੀਨੀ ਬਣਾਇਆ ਗਿਆ ਹੈ, ਤਾਂ ਜੋ ਕੋਈ ਗਰੀਬ ਭੁੱਖਾ ਨਾ ਸੌਂਵੇ।ਕਿਸਾਨਾਂ ਦੇ ਮੁੱਦੇ 'ਤੇ ਬੋਲਦਿਆਂ ਸੰਧੂ ਨੇ ਕਿਹਾ ਕਿ ਅਸੀਂ ਕਿਸਾਨਾਂ ਨੂੰ ਮੰਡੀਆਂ 'ਚ ਰੁਲਣ ਤੋਂ ਬਚਾਇਆ ਹੈ।ਕਣਕ ਦੇ ਸੀਜ਼ਨ ਦੌਰਾਨ ਨਾ ਸਿਰਫ਼ ਫਸਲ ਦੀ ਸਮੇਂ ਸਿਰ ਚੁਕਾਈ ਹੋਈ, ਸਗੋਂ ਇਤਿਹਾਸ ਵਿੱਚ ਪਹਿਲੀ ਵਾਰ ਕਿਸਾਨਾਂ ਨੂੰ ਨਿਰਧਾਰਿਤ ਸਮੇਂ ਅੰਦਰ ਉਨ੍ਹਾਂ ਦੀ ਮਿਹਨਤ ਦੀ ਪੂਰੀ ਅਦਾਇਗੀ ਸਿੱਧੇ ਖਾਤਿਆਂ ਵਿੱਚ ਮਿਲੀ।ਖਰੀਦ ਤੋਂ ਲੈ ਕੇ ਸਟੋਰੇਜ ਤੱਕ ਦਾ ਪੂਰਾ ਪ੍ਰਬੰਧ ਸੁਚਾਰੂ ਢੰਗ ਨਾਲ ਕੀਤਾ ਗਿਆ, ਜੋ ਰਵਾਇਤੀ ਪਾਰਟੀਆਂ ਕਦੇ ਨਹੀਂ ਕਰ ਸਕੀਆਂ।ਉਨ੍ਹਾਂ ਸਰਕਾਰ ਦੀ ਦੂਰਅੰਦੇਸ਼ੀ ਬਾਰੇ ਦੱਸਦਿਆਂ ਕਿਹਾ ਕਿ ਅਸੀਂ ਸਿਰਫ਼ ਅੱਜ ਦੀ ਨਹੀਂ, ਸਗੋਂ ਆਉਣ ਵਾਲੇ ਕੱਲ੍ਹ ਦੀ ਵੀ ਸੋਚ ਰਹੇ ਹਾਂ।ਫਸਲੀ ਵਿਭਿੰਨਤਾ ਤਹਿਤ ਜ਼ਿਲ੍ਹੇ 'ਚ ਝੋਨੇ ਹੇਠੋਂ ਰਕਬਾ ਘਟਾ ਕੇ ਬਾਸਮਤੀ ਹੇਠ ਲਿਆਂਦਾ ਗਿਆ ਹੈ।ਪਿਛਲੇ ਸਾਲ ਦੇ 52,000 ਹੈਕਟੇਅਰ ਦੇ ਮੁਕਾਬਲੇ ਇਸ ਸਾਲ 72,000 ਹੈਕਟੇਅਰ ਰਕਬੇ 'ਤੇ ਬਾਸਮਤੀ ਦੀ ਬਿਜਾਈ, ਸਾਡੀ ਸਰਕਾਰ ਦੀ ਕਿਸਾਨ-ਪੱਖੀ ਖੇਤੀਬਾੜੀ ਨੀਤੀ ਦੀ ਵੱਡੀ ਸਫਲਤਾ ਹੈ।ਹਰਮੀਤ ਸਿੰਘ ਸੰਧੂ ਨੇ ਤਰਨਤਾਰਨ ਦੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਸਾਰੇ ਕੰਮ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਅਗਵਾਈ ਹੇਠ ਹੋਏ ਵਿਕਾਸ ਦੀ ਇੱਕ ਝਲਕ ਹਨ।ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਤੁਹਾਡੀ ਵੋਟ ਮੈਨੂੰ ਹੋਰ ਤਾਕਤ ਦੇਵੇਗੀ ਤਾਂ ਜੋ ਮੈਂ ਸਰਕਾਰ ਨਾਲ ਮਿਲ ਕੇ ਤਰਨਤਾਰਨ ਦੇ ਵਿਕਾਸ ਦੀ ਗਤੀ ਨੂੰ ਦੁੱਗਣਾ ਕਰ ਸਕਾਂ।ਮੈਨੂੰ ਪੂਰਾ ਯਕੀਨ ਹੈ ਕਿ ਲੋਕ ਇਸ ਵਾਰ ਰਵਾਇਤੀ ਪਾਰਟੀਆਂ ਨੂੰ ਨਕਾਰ ਕੇ ਕੰਮ ਦੀ ਰਾਜਨੀਤੀ 'ਤੇ ਮੋਹਰ ਲਾਉਣਗੇ।



# ਗਿ. ਰਘੁਬੀਰ ਸਿੰਘ ਨੇ ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਬਣਾਏ ਪੰਜ ਘਰਾਂ ਦੀਆਂ ਚਾਬੀਆਂ ਹੜ੍ਹ ਪੀੜਤਾਂ ਨੂੰ ਸੌਂਪੀਆਂ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਪਿਛਲੇ ਦਿਨਾਂ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਦਵਿੰਦਰ ਸਿੰਘ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਕਲਗੀਧਰ ਟਰੱਸਟ ਨੇ ਇਹ ਬੀੜਾ ਚੁੱਕਿਆ ਹੈ ਕਿ ਸੰਗਤਾਂ ਦਾ ਪੈਸਾ ਸਹੀ ਤਰੀਕੇ ਨਾਲ ਇਸਤੇਮਾਲ ਹੋਵੇ, ਜੋ ਹੜ੍ਹ ਪੀੜਤਾਂ ਦੀਆਂ ਬੁਨਿਆਦੀ ਲੋੜਾਂ ਅਸੀਂ ਪੂਰੀਆਂ ਕਰ ਰਹੇ ਹਾਂ ਅਤੇ ਨਾਲ ਹੀ ਉਨ੍ਹਾਂ ਨੇ ਜਾਣਕਾਰੀ ਦਿੱਤੀ ਸੀ ਕਿ ਜੋ ਚੌਥਾ ਫੇਜ਼ ਹੈ, ਜਿਸ ਵਿੱਚ ਜਿਨ੍ਹਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਨਵੇਂ ਮਕਾਨ ਦਿੱਤੇ ਜਾਣਗੇ ਜਾਂ ਨੁਕਸਾਨੇ ਘਰਾਂ ਦੀ ਮੁਰੰਮਤ ਕੀਤੀ ਜਾਵੇਗੀ। ਇਸੇ ਤਹਿਤ ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਦੇ ਉਪ ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿੱਚ 5 ਨਵੇਂ ਘਰ ਪਿੰਡ ਲਾਲਵਾਲਾ, ਜੱਗੀ ਵਾਲਾ, ਡਬਰ, ਵੰਝਾਂਵਾਲੀ ਨੰਗਲ ਅਤੇ ਗਾਲਿਬ ਵਿੱਚ ਨਵੇਂ ਪ੍ਰੀ-ਫੈਬ੍ਰਿਕੇਟਡ ਮਟੀਰੀਅਲ ਨਾਲ ਮਕਾਨ ਤਿਆਰ ਕਰਕੇ ਦਿੱਤੇ ਗਏ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਦੇ ਮਕਾਨ ਹੜ੍ਹਾਂ ਦੇ ਪਾਣੀ ਅਤੇ ਭਾਰੀ ਬਾਰਿਸ਼ ਕਰਕੇ ਢਹਿ ਗਏ ਸਨ। ਇਨ੍ਹਾਂ ਪਰਿਵਾਰਾਂ ਨੂੰ 24 ਘੰਟੇ ਵਿੱਚ ਪ੍ਰਤੀ ਮਕਾਨ ਤਿਆਰ ਕਰਕੇ ਦਿੱਤਾ ਗਿਆ, ਜਿਸ ਵਿੱਚ ਰਸੋਈ ਦੇ ਰਾਸ਼ਨ ਤੋਂ ਲੈ ਕੇ ਕੁੱਲ ਘਰੇਲੂ ਸੁੱਖ ਸਹੂਲਤ (ਬੈੱਡ, ਗੱਦੇ, ਪੱਖੇ, ਰਸੋਈ ਦਾ ਕੁਝ ਦਿਨਾਂ ਦਾ ਰਾਸ਼ਨ ਆਦਿ) ਸਾਮਾਨ ਮੁਹੱਈਆ ਕਰਵਾਇਆ ਗਿਆ। ਇਨ੍ਹਾਂ ਘਰਾਂ ਦੀਆਂ ਚਾਬੀਆਂ ਸੌਂਪਣ ਲਈ ਗਿਆਨੀ ਰਘੁਬੀਰ ਸਿੰਘ ਜੀ (ਮੁੱਖ ਗ੍ਰੰਥੀ, ਦਰਬਾਰ ਸਾਹਿਬ) ਉਚੇਚਾ ਸ਼ਿਰਕਤ ਕੀਤੀ ਗਈ। ਉਨ੍ਹਾਂ ਨੇ ਟਰੱਸਟ ਵੱਲੋਂ ਕੀਤੇ ਇਸ ਨਵੇਕਲੇ ਪ੍ਰੀ-ਫੈਬ੍ਰਿਕੇਟਡ ਮਟੀਰੀਅਲ ਮਕਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਟਰੱਸਟ ਦੇ ਸੇਵਾਦਾਰ ਅਤੇ ਪਿੰਡ ਦੇ ਪਤਵੰਤੇ ਸੱਜਣ ਮੌਜੂਦ ਸਨ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਦੱਸਿਆ, "ਇਸ ਤਰ੍ਹਾਂ ਦੇ ਲਗਭਗ 100 ਨਵੇਂ ਪ੍ਰੀ-ਫੈਬ੍ਰਿਕੇਟਡ ਮਟੀਰੀਅਲ ਨਾਲ ਮਕਾਨ ਤਿਆਰ ਕਰਕੇ (400 ਤੋਂ 900 ਸਕੇਅਰ ਫੁੱਟ ਤੱਕ ਉਸਾਰੀ ਕੀਤੀ ਜਾਵੇਗੀ, ਲੋੜਵੰਦਾਂ ਨੂੰ ਅਸੀਂ ਸੰਗਤ ਦੇ ਸਹਿਯੋਗ ਨਾਲ ਬਣਾ ਕੇ ਦਿਆਂਗੇ। ਉਨ੍ਹਾਂ ਨੇ ਅਪੀਲ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਾਂ ਲਈ ਸੰਗਤ ਦੇ ਸਹਿਯੋਗ ਦੀ ਵੱਧ ਤੋਂ ਵੱਧ ਲੋੜ ਹੈ। ਹਰ ਦੇਸ਼ਵਾਸੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਦਸਵੰਧ ਦਾ ਹਿੱਸਾ ਇਹਨਾਂ ਦੀ ਮਦਦ ਕਰਨ ਲਈ ਜ਼ਰੂਰ ਦਾਨ ਕਰਨ ਤਾਂ ਜੋ ਜਿਨ੍ਹਾਂ ਦੇ ਘਰ ਨੁਕਸਾਨੇ ਗਏ ਹਨ, ਉਨ੍ਹਾਂ ਦੀ ਮੁਰੰਮਤ ਕੀਤੀ ਜਾ ਸਕੇ ਜਾਂ ਨਵੇਂ ਘਰ ਬਣਾ ਕੇ ਦਿੱਤੇ ਜਾ ਸਕਣ। ਸਾਨੂੰ ਸਭ ਨੂੰ ਇਹ ਹੰਭਲਾ ਜ਼ਰੂਰ ਮਾਰਨਾ ਚਾਹੀਦਾ ਹੈ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੱਲ੍ਹ ਗੁਰਦਾਸਪੁਰ ਜ਼ਿਲ੍ਹੇ ਵਿੱਚ 5 ਘਰਾਂ ਦੀਆਂ ਚਾਬੀਆਂ ਸੌਂਪੀਆਂ ਜਾਣਗੀਆਂ। ਇਥੇ ਜ਼ਿਕਰਯੋਗ ਹੈ ਕਿ ਇੱਕ ਆਮ ਆਦਮੀ ਲਈ ਇਸ ਤਰ੍ਹਾਂ ਹੜ੍ਹਾਂ ਦੀ ਮਾਰ ਪੈਣ ਤੋਂ ਬਾਅਦ 10 ਸਾਲ ਤੱਕ ਆਰਥਿਕ ਸਥਿਤੀ ਵਿੱਚੋਂ ਬਾਹਰ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ, ਅਤੇ ਇਨ੍ਹਾਂ ਹਾਲਾਤ ਵਿੱਚ ਘਰ ਪਾਉਣਾ ਇੱਕ ਸੁਫਨੇ ਦੀ ਤਰ੍ਹਾਂ ਹੈ। ਹੁਣ ਤੱਕ ਲਗਭਗ 153 ਪਿੰਡਾਂ ਵਿੱਚੋਂ 7500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ ਵਿਖੇ ਸਰਬਤ ਦੇ ਭਲੇ ਲਈ ਸ੍ਰੀ ਸਹਿਜ ਪਾਠ ਸਾਹਿਬ ਨਿਰੰਤਰ ਚੱਲ ਰਹੇ ਹਨ, ਜਿੱਥੇ ਪੰਜਾਬ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਜਾਂਦੀ ਹੈ। ਇਥੇ ਜ਼ਿਕਰਯੋਗ ਹੈ ਕਿ ਦੇਸ਼ ਵਿੱਚ ਜਦੋਂ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਟਰੱਸਟ ਦੀ ਅਕਾਲ ਸੇਵਾ ਟੀਮ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤੱਤਪਰ ਰਹਿੰਦੀ ਹੈ।



# ਸਰਕਾਰ ਚੰਨਣਕੇ ਦੀ ਟੁੱਟੀ ਸੜਕ ਵੱਲ ਧਿਆਨ ਦੇਵੇ; ਰਾਹਗੀਰ ਰੋਜ਼ ਹੁੰਦੇ ਨੇ ਪ੍ਰੇਸ਼ਾਨ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਹਲਕਾ ਮਜੀਠਾ ਦੇ ਪਿੰਡ ਚੰਨਣਕੇ ਤੋਂ ਨਾਥ ਦੀ ਖੂਹੀ ਤੱਕ ਬਣ ਰਹੀ ਸੜਕ ਰਾਹਗੀਰਾਂ ਅਤੇ ਸਕੂਲ ਬੱਚਿਆਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਠੇਕੇਦਾਰ ਨੇ ਮੋਟਾ ਪੱਥਰ ਪਾਇਆ ਹੈ ਲੋਕਾਂ ਦੇ ਕੀਮਤੀ ਵਾਹਨਾਂ ਦੇ ਟਾਇਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ।ਨਾਥ ਦੀ ਖੂਹੀ 'ਤੇ ਦੋ ਬਹੁਤ ਵੱਡੇ ਸਕੂਲ ਹਨ। ਸਕੂਲ ਜਾਣ ਵਾਲੇ ਬੱਚਿਆਂ ਦੇ ਕਈ ਵਾਰ ਡਿੱਗ ਕੇ ਸੱਟਾਂ ਲੱਗੀਆਂ ਹਨ।ਠੇਕੇਦਾਰ ਨੇ ਸਿਰਫ ਲੇਬਰ ਦੇ ਤਿੰਨ ਬੰਦੇ ਲਗਾਏ ਹਨ। ਇਲਾਕੇ ਦੇ ਲੋਕ ਬਹੁਤ ਪ੍ਰੇਸ਼ਾਨ ਹਨ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੂੰ ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਪੂਰੀ ਲੇਬਰ ਲਾ ਕੇ ਛੇਤੀ ਸੜਕ ਬਣਾਈ ਜਾਵੇ ਕਿਉਂਕਿ 5 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਗੁਰਦੁਆਰਾ ਹਵੇਲੀ ਸਾਹਿਬ ਚੰਨਣਕੇ ਤੋਂ ਨਗਰ ਕੀਰਤਨ ਨਾਥ ਦੀ ਖੂਹੀ ਵਿਖੇ ਜਾਂਦਾ ਹੈ। ਇਸ ਕਰਕੇ ਛੇਤੀ ਤੋਂ ਛੇਤੀ ਸੜਕ ਬਣਾਈ ਜਾਵੇ।ਇਸ ਮੌਕੇ ਸਰਪੰਚ ਲਖਵਿੰਦਰ ਸਿੰਘ, ਸਰਪੰਚ ਕੁਲਵਿੰਦਰ ਸਿੰਘ ਮਿੱਠਾ, ਸਰਪੰਚ ਸੁਰਜੀਤ ਸਿੰਘ ਭੋਏਵਾਲ, ਹਰਜਿੰਦਰ ਸਿੰਘ ਗਿੱਲ, ਸੰਤੋਖ ਸਿੰਘ ਜੋਨੀ, ਮੈਂਬਰ ਸ਼ਕਤੀ ਸਿੰਘ, ਕਵਲਜੀਤ ਸਿੰਘ ਸਰਪੰਚ, ਬੀਰ ਸਿੰਘ ਜਸਵੰਤ ਸਿੰਘ ਗਿੱਲ, ਹਰਵਿੰਦਰ ਸਿੰਘ ਗਿੱਲ ਆਦਿ ਆਗੂ ਹਾਜ਼ਰ ਸਨ।

# ਸ਼ਤਰੰਜ ਦੀ ਖੇਡ ਖੇਡਣ 'ਚ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ 69ਵੀਆਂ ਜ਼ਿਲ੍ਹਾ ਪੱਧਰੀ ਖੇਡਾਂ 2025-26 ਏਈਓ ਮਨਿੰਦਰ ਸਿੰਘ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਸ. ਯੁਗਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕਰਵਾਈਆਂ ਗਈਆਂ ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਨੂੰ ਮਾਨਸਿਕ ਪੱਖੋਂ ਮਜ਼ਬੂਤ ਬਣਾਉਣਾ ਸੀ।ਇਹ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਬਾਠ ਜ਼ਿਲ੍ਹਾ ਤਰਨ ਤਾਰਨ ਵਿਖੇ ਕਰਵਾਏ ਗਏ।ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀਆਂ ਵਿਦਿਆਰਥਣਾਂ ਗੁਰਲੀਨ ਕੌਰ ਜਮਾਤ ਅੱਠਵੀਂ, ਯੋਸ਼ਿਤਾ ਜਮਾਤ ਨੌਵੀਂ, ਤਰਨਪ੍ਰੀਤ ਕੌਰ ਜਮਾਤ ਨੌਵੀਂ, ਕਵਸ਼ਦੀਪ ਕੌਰ ਜਮਾਤ ਦੱਸਵੀਂ ਅਤੇ ਯਸ਼ਵੀ ਚੋਪੜਾ ਜਮਾਤ ਗਿਆਰ੍ਹਵੀਂ ਨੇ ਆਪਣੀ ਲਗਨ ਅਤੇ ਕੋਚ ਸੁਖਵਿੰਦਰ ਸਿੰਘ ਅਤੇ ਕੋਚ ਰਾਜਬੀਰ ਕੌਰ ਦੀ ਸਹੀ ਸੇਧ ਸਦਕਾ ਸ਼ਤਰੰਜ ਦੀ ਖੇਡ ਅੰਡਰ-17 (ਲੜਕੀਆਂ) ਦੀ ਟੀਮ ਵਿੱਚੋਂ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਪਛਾੜ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਰਾਜ ਪੱਧਰੀ ਖੇਡਾਂ ਵਿੱਚ ਉਚ ਕੋਟੀ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।



# ਨੌਵੇਂ ਪਾਤਸ਼ਾਹ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਦਾ ਬਟਾਲਾ ਵਿਖੇ ਭਰਵਾਂ ਸਵਾਗਤ

**ਬਟਾਲਾ (ਡਾ. ਮਲਵਿੰਦਰ ਸਿੰਘ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਇਤਿਹਾਸਕ ਨਗਰ ਕੀਰਤਨ 'ਜਾਗਰਤੀ ਯਾਤਰਾ' ਆਪਣੇ 40ਵੇਂ ਦਿਨ ਬਟਾਲਾ ਪਹੁੰਚਿਆ।ਇਹ ਨਗਰ ਕੀਰਤਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹ, ਜਿਸ ਦਾ ਮਕਸਦ ਗੁਰੂ ਤੇਗ ਬਹਾਦਰ ਜੀ ਦੇ ਵਿਸ਼ਵਾਸ, ਏਕਤਾ ਅਤੇ ਭਰਾਤਰੀ ਭਾਵਨਾ ਦੇ ਅਬਿਨਾਸ਼ੀ ਸੰਦੇਸ਼ ਨੂੰ ਦੇਸ਼ ਭਰ ਵਿੱਚ ਪ੍ਰਸਾਰਿਤ ਕਰਨਾ ਹੈ।

ਪੰਜਾਬ 'ਚ ਨਗਰ ਕੀਰਤਨ ਦੇ ਕੋਆਰਡੀਨੇਟਰ ਮਲਵਿੰਦਰ ਸਿੰਘ ਬੈਨੀਪਾਲ ਨੇ ਰਣਜੀਤ ਸਿੰਘ ਰਾਣਾ, ਭਵਨ ਸਿੰਘ ਖੋਜੀ, ਬਾਬਾ ਅਮਰ ਸਿੰਘ ਅਤੇ ਹਰਦੀਪ ਸਿੰਘ ਸਮੇਤ ਹੋਰ ਸੇਵਾਦਾਰਾਂ ਨਾਲ ਮਿਲ ਕੇ ਸ਼ਰਧਾ ਨਾਲ ਕੀਰਤਨ ਦੀ ਅਗਵਾਈ ਕੀਤੀ।ਬਾਬਾ ਨੌਧ ਸਿੰਘ ਸਮਾਧ ਵਿਖੇ ਰਾਤ ਵਿਸ਼ਰਾਮ ਤੋਂ ਬਾਅਦ ਐਤਵਾਰ ਨੂੰ ਨਗਰ ਕੀਰਤਨ ਅੰਮ੍ਰਿਤਸਰ ਦੇ ਗੋਲਡਨ ਗੇਟ ਤੋਂ ਗੁਜ਼ਰਦਾ ਹੋਇਆ ਬਟਾਲਾ ਦੇ ਪ੍ਰਸਿੱਧ ਗੁਰਦੁਆਰਾ ਸ੍ਰੀ ਅਚਲ ਸਾਹਿਬ ਵਿਖੇ ਰੁਕਦਾ ਹੋਇਆ ਜਲੰਧਰ ਵੱਲ ਰਵਾਨਾ ਹੋ ਗਿਆ।ਰਾਹ 'ਚ ਹਜ਼ਾਰਾਂ ਸੰਗਤਾਂ ਗੁਰੂ ਸਾਹਿਬ ਅੱਗੇ ਨਤਮਸਤਕ ਹੋਈਆਂ, ਫੁੱਲ ਵਰਸਾਏ ਅਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਾਰਾ ਮਾਹੌਲ ਗੂੰਜਾ ਦਿੱਤਾ।ਰਾਗੀ ਜਥੇ, ਨਿਹੰਗ ਸਿੰਘ ਦਲ, ਪੰਥਕ ਸੰਗਠਨ ਅਤੇ ਸਕੂਲਾਂ ਦੇ ਵਿਦਿਆਰਥੀ ਸ਼ਾਮਿਲ ਸਨ, ਜਿਨ੍ਹਾਂ ਨੇ ਧਾਰਮਿਕ ਝਾਕੀਆਂ ਪੇਸ਼ ਕੀਤੀਆਂ ਅਤੇ ਨਿਸ਼ਾਨ ਸਾਹਿਬ ਲਹਿਰਾ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।ਇਹ ਨਗਰ ਕੀਰਤਨ (ਜਾਗਰਤੀ ਯਾਤਰਾ) 17 ਸਤੰਬਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਵੱਲੋਂ ਪ੍ਰਮੁੱਖ ਸਿੱਖ ਆਗੂਆਂ ਅਤੇ ਬਿਹਾਰ ਸਰਕਾਰ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਸ਼ੁਰੂ ਕੀਤੀ ਗਈ ਸੀ।ਹੁਣ ਤੱਕ ਇਹ ਨਗਰ ਕੀਰਤਨ ਝਾਰਖੰਡ, ਪੱਛਮ ਬੰਗਾਲ, ਓਡੀਸ਼ਾ, ਛੱਤੀਸਗੜ੍ਹ, ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਹੁਣ ਪੰਜਾਬ ਰਾਹੀਂ ਗੁਜ਼ਰ ਰਿਹਾ।ਪੰਜਾਬ 'ਚ ਇਹ ਪਵਿੱਤਰ ਨਗਰ ਕੀਰਤਨ ਇਤਿਹਾਸਕ ਗੁਰਦੁਆਰਿਆਂ ਅਤੇ ਸ਼ਹਿਰਾਂ ਜਿਵੇਂ ਕਿ ਪਟਿਆਲਾ, ਫਤਿਹਗੜ੍ਹ ਸਾਹਿਬ, ਖੰਨਾ, ਸਲਤਾਨਪੁਰ ਲੋਧੀ, ਜਲੰਧਰ, ਕਰਤਾਰਪੁਰ, ਲੁਧਿਆਣਾ ਅਤੇ ਨਵਾਂਸ਼ਹਿਰ ਤੋਂ ਹੋ ਕੇ 27 ਅਕਤੂਬਰ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਆਪਣੇ ਸਮਾਪਨ ਸਮਾਗਮ 'ਤੇ ਪਹੁੰਚੇਗਾ।



# ਵਾਈਸ ਆਫ ਅੰਮ੍ਰਿਤਸਰ ਨੇ ਪਿੰਡ ਗਾਲਬ 'ਚ ਰਾਹਤ ਸਮੱਗਰੀ ਵੰਡੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਸ਼ੁਰੂ ਕੀਤੇ ਗਏ ਸਾਂਝੇ ਉਪਰਾਲੇ ਤਹਿਤ ਵਾਈਸ ਆਫ ਅੰਮ੍ਰਿਤਸਰ ਸਮਾਜ ਸੇਵੀ ਸੰਸਥਾ ਵੱਲੋਂ ਪਿੰਡ ਗਾਲਬ ਵਿਖੇ ਹੜ੍ਹਾਂ ਨਾਲ ਪ੍ਰਭਾਵਤ ਲੋੜਵੰਦ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਗਈ।ਇਸ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੰਸਥਾ ਪ੍ਰਧਾਨ ਇੰਦੂ ਅਰੋੜਾ ਅਤੇ ਸੈਕਟਰੀ ਰਾਜਾ ਇਕਬਾਲ ਸਿੰਘ ਨੇ ਕਿਹਾ ਕਿ ਸੰਸਥਾ ਵੱਲੋਂ ਹੜ੍ਹਾਂ ਦੀ ਤ੍ਰਾਸਦੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ ਜਿਸ ਦੇ ਤਹਿਤ ਪਿੰਡ ਗਾਲਬ ਵਿਖੇ ਲੋੜਵੰਦ ਪਰਿਵਾਰਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਸੰਸਥਾ ਦੀ ਟੀਮ ਵਲੰਟੀਅਰ ਰਾਹਤ ਸਮੱਗਰੀ ਦੇਣ ਆਏ ਹਨ, ਜਿਸ ਵਿੱਚ ਮੰਜੇ, ਬਿਸਤਰੇ, ਕੰਬਲ ਅਤੇ ਹੋਰ ਸਾਮਾਨ ਹੈ।ਸੰਸਥਾ ਪਹਿਲਾਂ ਵੀ ਰਮਦਾਸ ਅਜਨਾਲਾ ਦੇ ਨਜ਼ਦੀਕ ਆਉਂਦੇ ਪਿੰਡਾਂ ਵਿੱਚ ਇਹ ਸੇਵਾ ਕਰ ਚੁੱਕੀ ਹੈ।ਸੰਸਥਾ ਵੱਲੋਂ ਸਕੂਲ ਬੈਗ ਸਟੇਸ਼ਨਰੀ ਆਦਿ ਵੀ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੀ ਗਈ ਹੈ ਸੰਸਥਾ ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਮੋਹਰੇ ਚਲਦੀ ਹੈ।ਪਿੰਡ ਗਾਲਬ ਤੋਂ ਚਰਨਜੀਤ ਸਿੰਘ ਗਾਲਿਬ ਕਿਸਾਨ ਯੂਨੀਅਨ ਲੀਡਰ ਨੇ ਸੰਸਥਾ ਦੁਆਰਾ ਕੀਤੇ ਜਾ ਰਹੇ ਉੱਦਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਨੂੰ ਸੰਸਥਾ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਤੇ ਆਪਣੇ ਆਸ ਪਾਸ ਲੋੜਵੰਦ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਸੰਸਥਾ ਦੇ ਕਾਰਜਕਾਨੀ ਮੈਂਬਰ ਵਲੰਟੀਅਰ ਹਾਜ਼ਰ ਸਨ।



# ਬਾਬਾ ਮਿੱਢ ਸਾਹਿਬ ਦੀ ਯਾਦ 'ਚ ਦੋ ਰੋਜ਼ਾ ਸਾਲਾਨਾ ਸੱਭਿਆਚਾਰਕ ਤੇ ਖੇਡ ਮੇਲਾ ਕਰਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਗੋਰਾਇਆ ਵਿਖੇ ਬਾਬਾ ਮਿੱਢ ਸਾਹਿਬ ਦੀ ਯਾਦ ਵਿੱਚ ਸਾਲਾਨਾ ਸੱਭਿਆਚਾਰਕ ਤੇ ਖੇਡ ਮੇਲਾ ਕਰਵਾਇਆ ਗਿਆ।ਮੇਲੇ ਦੇ ਪਹਿਲੇ ਦਿਨ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਬਾਬਾ ਮਿੱਢ ਦੀ ਜਗ੍ਹਾ ਤੇ ਧਾਰਮਿਕ ਦੀਵਾਨ ਸਜਾਏ ਗਏ, ਉਪਰੰਤ ਪਿੰਡ ਦੀ ਖੇਡ ਗਰਾਊਂਡ ਵਿੱਚ ਕਬੱਡੀ ਦੀਆਂ ਨਾਮਵਰ ਟੀਮਾਂ ਬਾਬਾ ਬਿਧੀ ਚੰਦ ਸਰਹਾਲੀ ਅਤੇ ਸੰਤ ਬਾਬਾ ਹਜ਼ਾਰਾ ਸਿੰਘ ਕਬੱਡੀ ਟੀਮਾਂ ਦਰਮਿਆਨ ਕਬੱਡੀ ਦਾ ਸ਼ੋਅ ਮੈਚ ਕਰਵਾਇਆ ਗਿਆ, ਜਿਸ ਵਿੱਚ ਸੰਤ ਬਾਬਾ ਹਜ਼ਾਰਾ ਸਿੰਘ 37 ਅੰਕ ਲੈ ਕੇ ਬਾਬਾ ਬਿਧੀ ਚੰਦ ਸਰਹਾਲੀ ਦੀ ਕਬੱਡੀ ਟੀਮ ਨੂੰ ਹਰਾ ਕੇ ਜੇਤੂ ਰਹੀ।ਇਸ ਮੌਕੇ ਲੰਬੜਦਾਰ ਰਸ਼ਪਾਲ ਸਿੰਘ, ਲੰਬੜਦਾਰ ਬਲਦੇਵ ਸਿੰਘ, ਲੰਬੜਦਾਰ ਤਰਲੋਚਨ ਸਿੰਘ, ਲੰਬੜਦਾਰ ਇਕਬਾਲ ਸਿੰਘ ਦੇ ਪਰਿਵਾਰ ਵੱਲੋਂ ਮੇਲੇ ਵਿੱਚ ਆਈਆਂ ਸੰਗਤਾਂ ਲਈ ਲੰਗਰ ਲਗਾਇਆ ਗਿਆ।ਇਸ ਮੌਕੇ ਮੇਲਾ ਪ੍ਰਬੰਧਕ ਕਮੇਟੀ ਮੈਂਬਰ ਅਮਰੀਕ ਸਿੰਘ ਫੌਜੀ, ਸਰਪੰਚ ਜਸਪਾਲ ਸਿੰਘ ਗੋਰਾਇਆ, ਮਾਸਟਰ ਸਰੂਪ ਸਿੰਘ, ਸਰਪੰਚ ਬਘੇਲ ਸਿੰਘ, ਸਾਬਕਾ ਸਰਪੰਚ ਮੋਹਨ ਸਿੰਘ, ਜੋਗਿੰਦਰ ਸਿੰਘ ਫੌਜੀ ਨੇ ਦੱਸਿਆ ਕਿ ਇਹ ਦੋ ਰੋਜ਼ਾ ਮੇਲਾ ਗੋਰਾਇਆ ਪਰਿਵਾਰਾਂ ਵੱਲੋਂ ਪਿੰਡ ਦੀ ਸਮੁੱਚੀ ਸਾਧ ਸੰਗਤ ਦੇ ਸਹਿਯੋਗ ਸਦਕਾ ਆਪਣੇ ਵੱਡ ਵਡੇਰਿਆਂ ਦੀ ਯਾਦ ਵਿੱਚ ਕਰਵਾਇਆ ਜਾਂਦਾ ਹੈ।ਬਾਬਾ ਮਿੱਢ ਸਾਹਿਬ ਦੀ ਜਗ੍ਹਾ 'ਤੇ ਧਾਰਮਿਕ ਦੀਵਾਨ ਸਜਾਏ ਗਏ। ਉਪਰੰਤ ਕਬੱਡੀ ਦੇ ਸ਼ੋਅ ਮੈਚ ਕਰਵਾਏ ਗਏ।ਉਨ੍ਹਾਂ ਦੱਸਿਆ ਕਿ ਦੂਸਰੇ ਦਿਨ ਪ੍ਰਬੰਧਕਾਂ ਵੱਲੋਂ ਮੇਲੇ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਸਰਘੀ ਮਾਨ ਵੱਲੋਂ ਵਿਸ਼ੇਸ਼ ਤੌਰ 'ਤੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾਵੇਗਾ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਹੁੰਮ-ਹੁਮਾ ਕੇ ਹਾਜ਼ਰ ਹਣੋ ਅਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ।ਇਸ ਮੌਕੇ ਬਾਬਾ ਮੰਗਲ ਦਾਸ, ਬਾਬਾ ਚੇਤਨ ਦਾਸ, ਸਟੇਜ ਸੈਕਟਰੀ ਸਵਰਨ ਸਿੰਘ, ਭੁਪਿੰਦਰ ਸਿੰਘ, ਸਿਕੰਦਰ ਸਿੰਘ, ਇਕਬਾਲ ਸਿੰਘ, ਦਲਜੀਤ ਸਿੰਘ, ਲਵਪ੍ਰੀਤ ਸਿੰਘ, ਡਾਕਟਰ ਰਸ਼ਪਾਲ ਸਿੰਘ, ਥਾਣੇਦਾਰ ਗੁਰਮੀਤ ਸਿੰਘ, ਤੇਜਿੰਦਰ ਸਿੰਘ ਪਟਵਾਰੀ, ਜਰਨੈਲ ਸਿੰਘ, ਰਣਧੀਰ ਸਿੰਘ ਜਥੇਦਾਰ, ਪਲਵਿੰਦਰ ਸਿੰਘ, ਸੂਬਾ ਸਿੰਘ ਫੌਜੀ, ਪਟਵਾਰੀ ਤੇਜਿੰਦਰ ਸਿੰਘ, ਪਰਮਜੀਤ ਸਿੰਘ ਪੰਮਾ ਆਦਿ ਹਾਜ਼ਰ ਸਨ।



# ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਕਮਲ ਸ਼ਰਮਾ ਦੀ 6ਵੀਂ ਬਰਸੀ 'ਤੇ ਸ਼ਰਧਾਂਜਲੀ ਸਮਾਗਮ

**ਛੇਹਰਟਾ, (ਮਨੋਜ ਕੁਮਾਰ)** : ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਮਰਹੂਮ ਕਮਲ ਸ਼ਰਮਾ ਦੀ 6ਵੀਂ ਬਰਸੀ 'ਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੇ ਲਾਹੌਰੀ ਗੇਟ ਦਫ਼ਤਰ ਵਿਚ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਭਾਜਪਾ ਵਰਕਰ, ਜਦੋਂ ਕਿ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਵੀ ਵਰਚੁਅਲੀ ਸ਼ਾਮਲ ਹੋਏ। ਵਰਚੁਅਲੀ ਸ਼ਾਮਲ ਹੋਏ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਮਲ ਸ਼ਰਮਾ ਦਾ ਦੇਹਾਂਤ ਪੰਜਾਬ ਤੇ ਭਾਰਤੀ ਜਨਤਾ ਪਾਰਟੀ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਕਮਲ ਸ਼ਰਮਾ ਹਮੇਸ਼ਾ ਪੰਜਾਬ ਤੇ ਪੰਜਾਬੀਅਤ ਦੇ ਵਿਕਾਸ ਲਈ ਚਿੰਤਤ ਰਹਿੰਦੇ ਸਨ ਅਤੇ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਜਾਣ ਪ੍ਰਤੀ ਸੋਚਵਾਨ ਰਹਿੰਦੇ ਸਨ। ਤਰੁਣ ਚੁੱਘ ਨੇ ਕਿਹਾ ਕਿ ਕਮਲ ਦਾ ਦੇਹਾਂਤ ਉਨ੍ਹਾਂ ਲਈ ਇਕ ਨਿੱਜੀ ਘਾਟਾ ਹੈ। ਸੂਬਾ ਉਪ ਪ੍ਰਧਾਨ ਸੁਭਾਸ਼ ਸ਼ਰਮਾ ਨੇ ਵੀ ਕਮਲ ਸ਼ਰਮਾ ਦੇ ਯੋਗਦਾਨ ਤੇ ਪਾਰਟੀ ਵਰਕਰਾਂ ਪ੍ਰਤੀ ਉਨ੍ਹਾਂ ਦੇ ਪਿਆਰ ਨੂੰ ਯਾਦ ਕੀਤਾ। ਕਮਲ ਸ਼ਰਮਾ ਦੇ ਪਰਿਵਾਰ ਨੇ ਵੀ ਮੌਜੂਦ ਸਾਰੇ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸਰਬਜੀਤ ਸਿੰਘ ਸ਼ੰਟੀ, ਭਾਜਪਾ ਜ਼ਿਲ੍ਹਾ ਯੁਵਾ ਮੋਰਚਾ ਦੇ ਮੰਤਰੀ ਸ਼ਿਯਾਂਸ਼ ਸੂਰੀ, ਹੇਮੰਤ ਪਿੰਕੀ, ਰਾਜੇਸ਼ ਮਹਿਤਾ, ਸ਼ਿਵ ਕੁਮਾਰ ਸ਼ਰਮਾ, ਸ਼ੰਕਰ ਲਾਲ, ਸੀਨੀਅਰ ਆਗੂ ਤਰਵਿੰਦਰ ਬਿੱਲਾ, ਭਾਜਪਾ ਆਗੂ ਵਿਸ਼ਾਲ ਸ਼ੂਰ, ਹੈਪੀ ਨਈਅਰ, ਭਾਜਪਾ ਮੰਡਲ ਜਨਰਲ ਸਕੱਤਰ ਸੁਨੀਲ ਸਹਿਗਲ, ਅਸ਼ੋਕ ਮਨਚੰਦਾ, ਪ੍ਰਮੋਦ ਕੁਮਾਰ ਰਾਜਪਾਲ, ਅਰੁਣ ਖੰਨਾ, ਪ੍ਰਮੋਦ ਗੁਪਤਾ, ਅਮਰੀਸ਼ ਕਪੂਰੀਆ, ਰਾਜ ਕੁਮਾਰ ਖਾਨ, ਹਰਪਾਲ ਸਿੰਘ, ਪਵਨ ਕੁਮਾਰ ਸ਼ਰਮਾ, ਚਿੰਟੂ ਮਹਿਰਾ, ਰਮਨ ਮਹਿਤਾ, ਨਿਸ਼ਾਨ ਸਿੰਘ, ਵਿਪਨ ਸ਼ਰਮਾ, ਗੁਲਸ਼ਨ ਰਾਜ, ਗਰੀਬ ਦਾਸ, ਰਣਜੀਤ ਪਾਲ, ਮਹਿਲਾ ਮੋਰਚਾ ਤੋਂ ਚੰਦਰ ਪ੍ਰਭਾ, ਜਸਬੀਰ ਕੌਰ ਰਾਣੀ, ਸੁਰਿੰਦਰ ਮਹਿਰਾ, ਯੁਵਾ ਮੋਰਚਾ ਤੋਂ ਕਰਨ ਕਪੂਰੀਆ, ਸੁਨੀਲ ਕੁਮਾਰ, ਸੰਜਮ ਕੁਮਾਰ, ਕਾਰਤਿਕ ਮਹਾਜਨ, ਵਿਜੇ ਕੁਮਾਰ, ਬਲਜਿੰਦਰ ਕੁਮਾਰ ਮੋਨੂੰ, ਚੇਤਨ ਕੁਮਾਰ, ਅਭਿਸ਼ੇਕ ਕੋਹਲੀ ਹਾਜ਼ਰ ਸਨ। ਇਸ ਮੌਕੇ ਸਾਰਿਆਂ ਨੇ ਆਪਣੇ ਮਰਹੂਮ ਆਗੂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ।




# ਮਲਕੀਤ ਸਿੰਘ ਬਾਠ ਨੂੰ ਪਿੰਡ ਸਾਧਪੁਰ ਦੇ ਲੋਕਾਂ ਨੇ ਆਪਣੀਆਂ ਮੁਸ਼ਕਲਾਂ ਦੱਸੀਆਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਸਾਧਪੁਰ ਵਿੱਚ ਪਿੰਡ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਪਿੰਡ ਦੇ ਲੋਕਾਂ ਦੀ ਇੱਕ ਮੀਟਿੰਗ ਸਰਪੰਚ ਸਰਬਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਤਰਫੋਂ ਮਲਕੀਤ ਸਿੰਘ ਬਾਠ ਭੋਏ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਅਤੇ ਪਿੰਡ ਨਾਲ ਸੰਬੰਧਿਤ ਮੁਸ਼ਕਲਾਂ ਨੂੰ ਸੁਣਿਆ ਤੇ ਨਾਲ ਹੀ ਤਲਬੀਰ ਸਿੰਘ ਗਿੱਲ ਰਾਹੀਂ ਇਹ ਮੁਸ਼ਕਲਾਂ ਹੱਲ ਕਰਾਉਣ ਦਾ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ। ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦੇ ਬੱਸ ਸਟੈਂਡ ਤੇ ਪਿੰਡ ਦੀ ਪੰਚਾਇਤ ਅਤੇ ਨਗਰ ਨਿਵਾਸੀਆਂ ਵੱਲੋਂ ਰਲ ਕੇ ਇੱਕ ਬੱਸ ਸਟੈਂਡ ਦੀ ਉਸਾਰੀ ਕੀਤੀ ਗਈ ਸੀ ਅਤੇ ਹੁਣ ਇਹ ਬੱਸ ਸਟੈਂਡ ਦੀ ਇਮਾਰਤ ਬਣ ਰਹੀ ਸੜਕ ਵਿੱਚ ਆ ਜਾਣ ਕਰਕੇ ਇਸ ਦਾ ਮੁਆਵਜ਼ਾ ਪਿੰਡ ਸਾਧਪੁਰ ਦੀ ਪੰਚਾਇਤ ਨੂੰ ਦਿੱਤੇ ਜਾਣ ਦੀ ਪਿੰਡ ਵਾਸੀਆਂ ਨੇ ਮੰਗ ਕੀਤੀ ਜਿਸ ਨੂੰ ਮਲਕੀਤ ਸਿੰਘ ਬਾਠ ਭੋਏ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਜਲਦੀ ਹੀ ਇਹ ਮਸਲਾ ਹੱਲ ਕਰਵਾ ਦਿੱਤਾ ਜਾਵੇਗਾ ਅਤੇ ਇਹ ਪੈਸੇ ਜਿਹੜੇ ਆ ਪਿੰਡ ਸਾਧਪੁਰ ਦੀ ਪੰਚਾਇਤ ਨੂੰ ਹੀ ਮਿਲਣਗੇ। ਪਿੰਡ ਨਾਲ ਸਬੰਧਤ ਹੋਰ ਮੁਸ਼ਕਲਾ ਜਿਨ੍ਹਾਂ ਵਿੱਚ ਕੁਝ ਰਸਤੇ ਅਜੇ ਬਣਨ ਵਾਲੇ ਹਨ, ਵੀ ਤਲਬੀਰ ਸਿੰਘ ਗਿੱਲ ਦੇ ਧਿਆਨ ਵਿੱਚ ਲਿਆਉਣ ਲਈ ਕਿਹਾ ਗਿਆ ਜਿਨ੍ਹਾਂ ਦਾ ਵੀ ਪਿੰਡ ਦੇ ਸਰਪੰਚ ਅਤੇ ਯੂਥ ਆਗੂ ਯੋਗਰਾਜ ਸਿੰਘ ਵੱਲੋਂ ਤਲਬੀਰ ਸਿੰਘ ਗਿੱਲ ਰਾਹੀਂ ਇਹ ਮੁਸ਼ਕਿਲਾਂ ਹੱਲ ਕਰਨ ਲਈ ਮਲਕੀਤ ਸਿੰਘ ਬੀਡੀਓ ਬਾਠ ਰਾਹੀਂ ਬੇਨਤੀ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਸਰਬਜੀਤ ਸਿੰਘ ਸਾਧਪੁਰ, ਯੂਥ ਆਗੂ ਯੋਗਰਾਜ ਸਿੰਘ ਬਾਠ, ਸਰਮੁਖ ਸਿੰਘ ਬਾਠ, ਰਾਜਕੁਮਾਰ ਪੰਚਾਇਤ ਸੈਕਟਰੀ, ਲੰਗਰ ਕਮੇਟੀ ਦੇ ਸਮੂਹ ਮੈਂਬਰ, ਸਮੂਹ ਮੈਂਬਰ ਪੰਚਾਇਤ ਅਤੇ ਪਿੰਡ ਦੇ ਹੋਰ ਮੋਹਤਬਰ ਹਾਜ਼ਰ ਸਨ।



# ਜ਼ਿਮਨੀ ਚੋਣ ਤਰਨਤਾਰਨ ਲਈ ਤਿੰਨ ਅਬਜ਼ਰਵਰ ਨਿਯੁਕਤ

ਤਰਨ ਤਾਰਨ, (ਪ੍ਰਿਤਪਾਲ ਸਿੰਘ)-ਮਾਣਯੋਗ ਭਾਰਤ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ 021-ਤਰਨ ਤਾਰਨ ਲਈ ਸੀਨੀਅਰ ਆਈਏਐੱਸ ਅਧਿਕਾਰੀ ਪੁਸ਼ਪਾ ਸਤਿਆਨੀ ਨੂੰ ਜਨਰਲ ਅਬਜ਼ਰਵਰ, ਸੀਨੀਅਰ ਆਈਪੀਐੱਸ. ਅਧਿਕਾਰੀ ਸ਼ਾਇਨੀ ਐੱਸ. ਨੂੰ ਪੁਲਸ ਅਬਜ਼ਰਵਰ ਅਤੇ ਸੀਨੀਅਰ ਆਈਆਰਐੱਸ ਅਧਿਕਾਰੀ ਮਨਜ਼ੂਰਉਲ ਹਸਨ ਨੂੰ ਖ਼ਰਚਾ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ।ਇਹ ਤਿੰਨੇ ਅਬਜ਼ਰਵਰ ਤਰਨ ਤਾਰਨ ਵਿਖੇ ਪਹੁੰਚ ਗਏ ਹਨ ਅਤੇ ਜ਼ਿਮਨੀ ਚੋਣ ਮੁਕੰਮਲ ਹੋਣ ਤੱਕ ਇੱਥੇ ਹੀ ਰਹਿਣਗੇ।

ਅਬਜ਼ਰਵਰ ਸਾਹਿਬਾਨ ਜ਼ਿਲ੍ਹਾ ਪ੍ਰੀਸ਼ਦ ਤਰਨ ਤਾਰਨ ਦਫ਼ਤਰ ਦੇ ਕਮਰਾ ਨੰਬਰ 110 ਵਿਖੇ ਬੈਠਿਆ ਕਰਨਗੇ ਅਤੇ ਏਥੇ ਚੋਣਾਂ ਨਾਲ ਸਬੰਧਿਤ ਸ਼ਿਕਾਇਤਾਂ ਲਈ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਵੀ ਮਿਲਿਆ ਜਾ ਸਕਦਾ ਹੈ।ਇਸ ਤੋਂ ਇਲਾਵਾ ਜਨਰਲ ਅਬਜ਼ਰਵਰ ਪੁਸ਼ਪਾ ਸਤਿਆਨੀ ਦੇ ਮੋਬਾਇਲ ਨੰਬਰ 82890-01421 ਉਪਰ ਵੀ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਜਾਂ ਸੂਚਨਾ ਦੇਣ ਲਈ ਸੰਪਰਕ ਕੀਤਾ ਜਾ ਸਕਦਾ ਹੈ।ਪੁਲਸ ਅਬਜ਼ਰਵਰ ਸ਼ਾਇਨੀ ਐੱਸ. ਦੇ ਮੋਬਾਇਲ ਨੰਬਰ 79733-07151 ਉਪਰ ਸੁਰੱਖਿਆ ਪ੍ਰਬੰਧਾਂ ਸਬੰਧੀ ਰਾਬਤਾ ਕੀਤਾ ਜਾ ਸਕਦਾ ਹੈ ਅਤੇ ਇਸੇ ਤਰ੍ਹਾਂ ਖ਼ਰਚਾ ਅਬਜ਼ਰਵਰ ਮਨਜ਼ੂਰਉਲ ਹਸਨ ਦੇ ਮੋਬਾਇਲ ਨੰਬਰ 79860-95244 ਉੱਪਰ ਉਮੀਦਵਾਰਾਂ ਦੇ ਚੋਣ ਖ਼ਰਚੇ ਜਾਂ ਚੋਣ ਖ਼ਰਚੇ ਨਾਲ ਸਬੰਧਿਤ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੀ ਸੂਚਨਾ ਦੇਣ ਬਾਰੇ ਸੰਪਰਕ ਕੀਤਾ ਜਾ ਸਕਦਾ ਹੈ।




# ਸਰਕਾਰੀ ਹਾਈ ਸਕੂਲ ਮੂਸੇ 'ਚ ਵਿੱਦਿਅਕ ਮੇਲਾ ਆਯੋਜਿਤ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਵਿਦਿਆਰਥੀਆਂ ਵਿੱਚ ਗਣਿਤ, ਵਿਗਿਆਨ, ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਵਿਸ਼ੇ ਵਿੱਚ ਰੁਚੀ ਪੈਦਾ ਕਰਨ ਲਈ ਸਕੂਲ ਸਿੱਖਿਆ ਵਿਭਾਗ ਪੰਜਾਬ ਤੇ ਜ਼ਿਲ੍ਹਾ ਸਿੱਖਿਆ ਅਫਸਰ ਸਤਨਾਮ ਸਿੰਘ ਬਾਠ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਰਕਾਰੀ ਹਾਈ ਸਕੂਲ ਮੂਸੇ ਵਿੱਚ ਵਿੱਦਿਅਕ ਮੇਲਾ ਕਰਵਾਇਆ ਗਿਆ।ਵਰਣਨਯੋਗ ਹੈ ਕਿ ਮੇਲੇ ਦੇ ਪਹਿਲੇ ਦਿਨ ਵਿਦਿਆਰਥੀਆਂ ਵੱਲੋਂ ਗਣਿਤ ਅਤੇ ਵਿਗਿਆਨ ਵਿਸ਼ੇ ਦੇ ਵੱਖ-ਵੱਖ ਮਾਡਲ ਤੇ ਪ੍ਰੋਜੈਕਟ ਤਿਆਰ ਕਰਕੇ ਪ੍ਰਦਰਸ਼ਿਤ ਕੀਤੇ ਗਏ। ਇਸੇ ਤਰ੍ਹਾਂ ਦੂਸਰੇ ਦਿਨ ਵਿਦਿਆਰਥੀਆਂ ਵੱਲੋਂ ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਵਿਸ਼ੇ ਦੇ ਮਾਡਲ ਤੇ ਪ੍ਰੋਜੈਕਟਾਂ ਦੀ ਪ੍ਰਦਰਸ਼ਨੀ ਲਗਾਈ ਗਈ।

ਇਸਦੇ ਨਾਲ ਹੀ ਵਿਦਿਆਰਥੀਆਂ ਨੇ ਉਕਤ ਚੌਹਾਂ ਵਿਸ਼ਿਆਂ ਨਾਲ ਸੰਬੰਧਤ ਐਕਟੀਵਿਟੀਜ਼ ਵਿੱਚ ਭਾਗ ਲਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਮੁਖੀ ਗੁਲਬਾਗ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਵਿਦਿਆਰਥੀਆਂ ਨੇ ਇਸ ਵਿੱਦਿਅਕ ਮੇਲੇ ਵਿੱਚ ਬੜੇ ਉਤਸ਼ਾਹ ਨਾਲ ਭਾਗ ਲੈਂਦਿਆਂ ਵਡਮੁੱਲਾ ਗਿਆਨ ਹਾਸਲ ਕੀਤਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਪਲੇਟਫਾਰਮ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਵਿੱਚ ਨਿਖਾਰ ਲਿਆਉਣ ਵਿੱਚ ਬਹੁਤ ਮਦਦਗਾਰ ਸਾਬਤ ਹੁੰਦੇ ਹਨ।

ਅੰਤ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਕੇ ਉੱਚੇ ਮੁਕਾਮ ਹਾਸਲ ਕਰਨ ਦਾ ਸੁਨੇਹਾ ਦਿੱਤਾ।ਇਸ ਮੌਕੇ ਗੁਰਪ੍ਰੀਤ ਕੌਰ, ਨਰਿੰਦਰ ਸਿੰਘ, ਉਪਦੀਪ ਸਿੰਘ, ਅਮਨਜੋਤ ਕੌਰ, ਲਵਪ੍ਰੀਤ ਕੌਰ, ਅਜੀਤ ਸਿੰਘ, ਗੁਰਬੀਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ।



# ਤਰਨਤਾਰਨ ਉਪ ਚੋਣ ਦੇ ਮੱਦੇਨਜ਼ਰ ਪੋਲਿੰਗ ਸਟਾਫ਼ ਦੀ ਰਿਹਰਸਲ ਹੋਈ

**ਤਰਨ ਤਾਰਨ, (ਪ੍ਰਿਤਪਾਲ ਸਿੰਘ)**-11 ਨਵੰਬਰ ਨੂੰ ਹੋਣ ਵਾਲੀ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ ਤਇਨਾਤ ਕੀਤੇ ਗਏ। ਪੋਲਿੰਗ ਸਟਾਫ਼ ਦੀ ਪਹਿਲੀ ਰਿਹਰਸਲ ਮਾਈ ਭਾਗੋ ਕਾਲਜ ਆਫ਼ ਨਰਸਿੰਗ, ਪਿੱਦੀ (ਤਰਨ ਤਾਰਨ) ਵਿਖੇ ਕਰਵਾਈ ਗਈ।ਇਸ ਰਿਹਰਸਲ ਦਾ ਜਾਇਜ਼ਾ ਲੈਣ ਲਈ ਸੰਯੁਕਤ ਮੁੱਖ ਚੋਣ ਅਧਿਕਾਰੀ ਪੰਜਾਬ ਸ. ਸਕੱਤਰ ਸਿੰਘ ਬੱਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਉਨ੍ਹਾਂ ਨਾਲ 021-ਤਰਨ ਤਾਰਨ ਹਲਕੇ ਦੇ ਰਿਟਰਨਿੰਗ ਅਧਿਕਾਰੀ ਗੁਰਮੀਤ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।ਰਿਹਰਸਲ ਦੌਰਾਨ ਮਾਸਟਰ ਟਰੇਨਰਾਂ ਵੱਲੋਂ 1200 ਦੇ ਕਰੀਬ ਪੋਲਿੰਗ ਸਟਾਫ਼ ਨੂੰ ਈ. ਵੀ. ਐੱਮ, ਵੀਵੀਪੈਟ ਅਤੇ ਕੰਟਰੋਲ ਯੂਨਿਟ ਨੂੰ ਚਲਾਉਣਾ ਸਿਖਾਇਆ ਗਿਆ ਅਤੇ ਨਾਲ ਹੀ ਪੋਲਿੰਗ ਦੌਰਾਨ ਸਮੁੱਚੀ ਚੋਣ ਪ੍ਰਕਿਰਿਆ ਦੀ ਜਾਣਕਾਰੀ ਦਿੱਤੀ ਗਈ।ਸੰਯੁਕਤ ਮੁੱਖ ਚੋਣ ਅਧਿਕਾਰੀ ਪੰਜਾਬ ਸ. ਸਕੱਤਰ ਸਿੰਘ ਬੱਲ ਨੇ ਕਿਹਾ ਕਿ ਚੋਣਾਂ ਦੌਰਾਨ ਜਿਹੜੇ ਵੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਡਿਊਟੀ ਲੱਗੀ ਹੋਈ ਹੈ ਉਹ ਆਪਣੀ ਇਸ ਡਿਊਟੀ ਨੂੰ ਪੂਰੀ ਇਮਾਨਦਾਰੀ, ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣ।ਉਨ੍ਹਾਂ ਕਿਹਾ ਕਿ ਸਿਖਲਾਈ ਦੌਰਾਨ ਪੋਲਿੰਗ ਸਟਾਫ਼ ਦੇ ਹਰ ਮੈਂਬਰ ਨੂੰ ਈ. ਵੀ. ਐੱਮ. ਸਮੇਤ ਪੂਰੀ ਚੋਣ ਪ੍ਰਕਿਰਿਆ ਦੀ ਚੰਗੀ ਤਰ੍ਹਾਂ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਵੋਟਾਂ ਪੈਣ ਸਮੇਂ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਦੌਰਾਨ ਇੱਕ ਛੋਟੀ ਜਿਹੀ ਗਲਤੀ ਵੀ ਬਰਦਾਸ਼ਤ ਨਹੀਂ ਕੀਤੀ ਜਾਂਦੀ, ਇਸ ਲਈ ਚੋਣ ਅਮਲੇ ਦਾ ਹਰ ਮੈਂਬਰ ਆਪਣੀ ਪੂਰੀ ਤਿਆਰੀ ਕਰੇ।ਰਿਟਰਨਿੰਗ ਅਧਿਕਾਰੀ ਗੁਰਮੀਤ ਸਿੰਘ ਨੇ ਦੱਸਿਆ ਕਿ ਪੋਲਿੰਗ ਸਟਾਫ਼ ਦੀ ਅਗਲੀ ਰਿਹਰਸਲ 2 ਨਵੰਬਰ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਰਨ ਤਾਰਨ ਉਪ ਚੋਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਸਮੁੱਚਾ ਚੋਣ ਅਮਲ ਪੁਰ-ਅਮਨ, ਨਿਰਪੱਖ ਅਤੇ ਆਜ਼ਾਦਾਨਾ ਮਹੌਲ ਵਿੱਚ ਮੁਕੰਮਲ ਹੋਵੇਗਾ।ਉਨ੍ਹਾਂ ਹਲਕੇ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ, ਭੈਅ ਜਾਂ ਲਾਲਚ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ।



# ਰਾਜਪਾਲ ਵੱਲੋਂ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦਾ ਦਿੱਤਾ ਭਰੋਸਾ : ਬਲਰਾਮ ਪਰਾਸ਼ਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਭਾਜਪਾ ਦੇ ਤੇਜ਼ ਤਰਾਰ ਨੌਜਵਾਨ ਆਗੂ ਤੇ ਜ਼ਿਲ੍ਹਾ ਭਾਜਪਾ ਦੇ ਚੀਫ ਸਪੋਕਸਪਰਸਨ ਬਲਰਾਮ ਪਰਾਸ਼ਰ ਵੱਲੋਂ ਜ਼ਿਲ੍ਹਾ ਭਾਜਪਾ ਦੇ (ਮਹਾਤਮਾ ਵਿੱਧੁਰ) ਸੀਨੀਅਰ ਆਗੂ ਕੇ.ਕੇ. ਬੇਦੀ ਤੇ ਜ਼ਿਲ੍ਹਾ ਭਾਜਪਾ ਸਕੱਤਰ ਰਾਮ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਲਈ ਇੱਕ ਵਿਸ਼ੇਸ਼ ਮੰਗ ਨੂੰ ਲੈ ਕੇ ਪ੍ਰਤੀਨਿਧੀ ਮੰਡਲ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਵਿਖੇ ਮਿਲਿਆ ਤੇ ਇਸ ਮੌਕੇ ਉਨ੍ਹਾਂ ਨੇ ਰਾਜਪਾਲ ਨਾਲ ਮੀਟਿੰਗ ਦੌਰਾਨ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਇਨਸਾਨੀਅਤ ਤੇ ਧਰਮ ਦੀ ਰਾਖੀ ਲਈ ਦਿੱਤੀ ਲਾਸਾਨੀ ਸ਼ਹਾਦਤ ਨੂੰ ਲੈ ਕੇ ਮਨਾਏ ਜਾ ਰਹੇ ਸ਼ਤਾਬਦੀ ਸ਼ਹੀਦੀ ਸਮਾਗਮਾਂ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਰਾਜ ਦੇ ਸੰਵਿਧਾਨਕ ਮੁਖੀ ਹੋਣ ਨਾਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਪ੍ਰੋਗਰਾਮਾਂ ਦੌਰਾਨ ਸ੍ਰੀ



ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਘੋਸ਼ਿਤ ਕੀਤਾ ਜਾਵੇ ਤਾਂ ਜੋ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਸ਼ੇਸ਼ ਮਹੱਤਤਾ ਮਿਲ ਸਕੇ।ਨੌਜਵਾਨ ਆਗੂ ਬਲਰਾਮ ਪਰਾਸ਼ਰ ਵੱਲੋਂ ਗਵਰਨਰ ਕਟਾਰੀਆ ਨੂੰ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਤੋਂ ਇਲਾਵਾ ਨੰਗਲ ਦੀ ਸੁਹੱਪਣ ਤੇ ਨੰਗਲ ਨੂੰ ਇੱਕ ਟੂਰਿਜ਼ਮ ਹੱਬ ਵਜੋਂ ਵਿਕਸਤ ਕਰਨ ਤੇ ਹਿਮਾਚਲ ਨਾਲ ਲਗਦੇ ਅਰਧ ਪਹਾੜੀ ਇਲਾਕੇ ਚੰਗਰ ਅਤੇ ਸਤਲੁਜ ਦਰਿਆ ਦੇ ਕੰਢਿਆਂ 'ਤੇ ਵਸੇ ਬੇਲਿਆਂ ਦੇ ਲੋਕਾਂ ਦੀ ਭੂਗੋਲਿਕ ਸਥਿਤੀ ਤੋਂ ਇਲਾਵਾ ਵਿਕਾਸ ਨਾਲੋਂ ਕੱਟ ਚੁੱਕੇ ਭਰਤਗੜ੍ਹ ਇਲਾਕੇ ਦੇ ਲੋਕਾਂ ਸਮੇਤ ਪੂਰੇ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਦੀਆਂ ਪ੍ਰਸਥਿਤੀਆਂ, ਉਨ੍ਹਾਂ ਦੀਆਂ ਪ੍ਰੇਸ਼ਾਨੀਆਂ, ਸਿਹਤ ਸਹੂਲਤਾਂ ਦੀ ਘਾਟ, ਪੀ ਜੀ ਆਈ ਨੂੰ ਹੁੰਦੇ ਰੈਫਰ, ਸੜਕਾਂ ਦੀ ਖ਼ਸਤਾ ਹਾਲਤ, ਮਿਆਰੀ ਸਿੱਖਿਆ ਦੀ ਘਾਟ, ਇਲਾਕੇ ਦੀ ਗ਼ਰੀਬੀ, ਉਦਯੋਗਿਕ ਘਾਟ, ਸਥਾਨਕ ਪ੍ਰੋਜੈਕਟਾਂ ਵਿਚ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਲੋਕਾਂ ਨੂੰ ਨੌਕਰੀਆਂ ਵਿਚ ਪਹਿਲ, ਪੀ ਐਸ ਪੀ ਸੀ ਐਲ,ਪੀ, ਐਸ ਪੀ ਸੀ ਟੀ ਐਲ, ਪੀ ਏ ਸੀ ਏ ਐਲ, ਬੀਬੀਐਮਬੀ ਆਦਿ ਪ੍ਰੋਜੈਕਟਾਂ ਵਿਚ ਖਾਲੀ ਪਈਆਂ ਪੋਸਟਾਂ 'ਤੇ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਤੋਂ ਇਲਾਵਾ ਅਲੱਗ ਅਲੱਗ ਮੰਗਾਂ 'ਤੇ ਵਿਸ਼ੇਸ਼ ਚਰਚਾ ਕੀਤੀ।

# ਆਯੁਰਵੇਦ ਦੁਨੀਆ ਦੀ ਸਭ ਤੋਂ ਪੁਰਾਣੀ ਤੇ ਭਰੋਸੇਮੰਦ ਡਾਕਟਰੀ ਪ੍ਰਣਾਲੀ : ਧੀਰ

**ਫਗਵਾੜਾ (ਡਾ. ਰਮਨ)**- ਸੀਨੀਅਰ ਸਿਟੀਜ਼ਨਜ਼ ਕੌਂਸਲ (ਕੋਰਟ ਕੰਪਲੈਕਸ) ਦੇ ਮੈਂਬਰਾਂ ਨੂੰ ਆਯੁਰਵੈਦਿਕ ਦਵਾਈ ਪ੍ਰਣਾਲੀ ਬਾਰੇ ਸੰਬੋਧਨ ਕਰਦੇ ਹੋਏ, ਜਿਨ੍ਹਾਂ ਨੂੰ ਹਾਲ ਹੀ ਵਿੱਚ 'ਧਨਵੰਤਰੀ ਪੁਰਸਕਾਰ 2025' ਨਾਲ ਸਨਮਾਨਤ ਪੰਜਾਬ ਸਰਕਾਰ ਦੇ ਸੇਵਾਮੁਕਤ ਜ਼ਿਲ੍ਹਾ ਆਯੁਰਵੇਦ ਅਤੇ ਯੂਨਾਨੀ ਅਧਿਕਾਰੀ ਡਾ. ਜਵਾਹਰ ਧੀਰ ਨੇ ਕਿਹਾ ਕਿ ਆਯੁਰਵੇਦ ਦੁਨੀਆ ਦੀ ਸਭ ਤੋਂ ਪੁਰਾਣੀ ਡਾਕਟਰੀ ਪ੍ਰਣਾਲੀ ਹੈ ਅਤੇ ਇਸ ਦੀਆਂ ਦਵਾਈਆਂ ਪੂਰੀ ਤਰ੍ਹਾਂ ਨੁਕਸਾਨ ਰਹਿਤ ਹਨ। ਆਯੁਰਵੈਦਿਕ ਵਿਧੀ ਰਾਹੀਂ ਸਰੀਰ ਬਿਮਾਰੀਆਂ ਤੋਂ ਮੁਕਤ ਹੋ ਜਾਂਦਾ ਹੈ ਕਿਉਂਕਿ ਇਸ ਵਿਧੀ ਦੀਆਂ ਦਵਾਈਆਂ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰ ਦਿੰਦੀਆਂ ਹਨ। ਡਾ. ਜਵਾਹਰ ਧੀਰ ਨੇ ਕਿਹਾ ਕਿ ਭਾਰਤੀ ਸੰਸਕ੍ਰਿਤੀ ਵਿੱਚ, ਆਯੁਰਵੇਦ ਅਤੇ ਜੀਵ ਜਨਮ ਤੋਂ ਲੈ ਕੇ ਮੌਤ ਤੱਕ ਇਕੱਠੇ ਰਹਿੰਦੇ ਹਨ। ਬੱਚੇ ਦੇ ਜਨਮ ਸਾਰ ਹੀ ਉਸ ਨੂੰ ਗੁੜਤੀ ਦਿੱਤੀ ਜਾਂਦੀ ਹੈ ਅਤੇ ਅੰਤਿਮ ਸੰਸਕਾਰ ਦੇ ਸਮੇਂ ਉਸ ਨੂੰ ਪੰਚਅੰਮ੍ਰਿਤ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਰੀਰ ਤਿੰਨ ਦੋਸ਼ਾਂ ਦੇ ਸੰਤੁਲਨ ਅਨੁਸਾਰ ਕੰਮ ਕਰਦਾ ਹੈ: ਵਾਤ, ਪਿੱਤ ਅਤੇ ਕਫ। ਜਦੋਂ ਇਨ੍ਹਾਂ ਤਿੰਨਾਂ ਦਾ ਸੰਤੁਲਨ ਵਿਗੜਦਾ ਹੈ, ਤਾਂ ਸਰੀਰ ਵਿੱਚ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਲਈ, ਇਹ ਜ਼ਰੂਰੀ ਹੈ ਕਿ ਅਸੀਂ ਸੰਤੁਲਿਤ ਖੁਰਾਕ, ਸੈਰ, ਕਸਰਤ ਅਤੇ ਮਾਲਿਸ਼ ਨੂੰ ਆਪਣੀ ਜ਼ਿੰਦਗੀ ਦਾ ਨਿਯਮਿਤ ਹਿੱਸਾ ਬਣਾਈਏ। ਉਨ੍ਹਾਂ ਰਸੋਈ ਨੂੰ ਇੱਕ ਸੰਪੂਰਨ ਡਿਸਪੈਂਸਰੀ ਦੱਸਿਆ। ਇਸ ਮੌਕੇ ਕੌਂਸਲ ਦੇ ਪ੍ਰਧਾਨ ਰਵਿੰਦਰ




ਸਿੰਘ ਪਨੇਸਰ ਅਤੇ ਸਾਬਕਾ ਪ੍ਰਧਾਨ ਟੀ ਡੀ ਚਾਵਲਾ, ਰਾਕੇਸ਼ ਗੌੜ, ਨਿਰਵੈਰ ਸਿੰਘ ਨੱਢਾ, ਰਵਿੰਦਰ ਸਿੰਘ ਚੋਟ, ਬ੍ਰਹਮ ਦੱਤ, ਪ੍ਰੋ: ਪੀ ਕੇ ਬਾਂਸਲ, ਕੇ ਜੀ ਚੋਪੜਾ, ਐੱਮ ਐੱਸ. ਛੱਤਵਾਲ ਵਿਪਨ ਜੈਨ, ਪ੍ਰੋ: ਬਲਰਾਮ ਵੈਦਿਆ, ਅਨਿਲ ਕੰਡਾ, ਸਤੀਸ਼ ਸ਼ਰਮਾ, ਰਜਿੰਦਰ ਸਿੰਘ ਸੁਰਖਪੁਰੀਆ, ਅਸ਼ੋਕ ਕੁਮਾਰ, ਜੀ ਐੱਲ ਗੇਰਾ, ਰਮੇਸ਼ ਮੱਲ੍ਹੀ, ਕਮਲਜੀਤ ਸਿੰਘ ਸੰਧੂ, ਆਦਿ ਹਾਜ਼ਰ ਸਨ। ਕੌਂਸਲ ਵੱਲੋਂ ਡਾ. ਜਵਾਹਰ ਧੀਰ ਦਾ ਸਨਮਾਨ ਵੀ ਕੀਤਾ ਗਿਆ। ਮੀਟਿੰਗ ਵਿੱਚ ਐਡਵੋਕੇਟ ਅਸ਼ੋਕ ਕੁਮਾਰ ਦਾ ਜਨਮ ਦਿਨ ਵੀ ਮਨਾਇਆ ਗਿਆ।

# ਦੀਪਇੰਦਰ ਢਿੱਲੋਂ ਨੇ ਐੱਮ ਪੀ ਕੋਟੇ 'ਚੋਂ ਪਿੰਡਾਂ ਦੇ ਵਿਕਾਸ ਲਈ ਗ੍ਰਾਂਟਾਂ ਵੰਡੀਆਂ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਕਾਂਗਰਸ ਦੇ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਵੱਲੋਂ ਅੱਜ ਹਲਕੇ ਦੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਐੱਮ ਪੀ ਕੋਟੇ ਵਿੱਚੋਂ ਗ੍ਰਾਂਟਾ ਵੰਡੀਆਂ ਗਈਆਂ। ਉਹਨਾਂ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਦੇ ਨਿਰਦੇਸ਼ਾਂ ਤੇ ਹਲਕੇ ਦੇ ਪਿੰਡ ਬਰੌਲੀ 'ਚ ਪੰਜ ਲੱਖ ਦੀ ਲਾਗਤ ਨਾਲ ਧਰਮਸ਼ਾਲਾ, ਝਾਰਮੜੀ ਨੂੰ ਪੰਜ ਲੱਖ ਅਤੇ ਬਟੌਲੀ ਚ



ਗੰਦੇ ਪਾਣੀ ਦੇ ਨਿਕਾਸ ਲਈ ਤਿੰਨ ਲੱਖ ਰੁਪਏ ਦੇ ਵਿਕਾਸ ਕੰਮ ਸ਼ੁਰੂ ਕਰਵਾਏ। ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਉਹਨਾਂ ਨੇ ਕਾਂਗਰਸ ਸਰਕਾਰ ਸਮੇਂ ਹਲਕੇ ਵਿੱਚ ਕੰਮਾਂ ਦੀ ਕੋਈ ਕਸਰ ਨਹੀਂ ਛੱਡੀ , ਹਲਕੇ ਵਿੱਚ ਸੜਕਾਂ ਦਾ ਜਾਲ ਵਿਛਾਇਆ ਇਸ ਦੇ ਨਾਲ ਹੀ ਪਿੰਡਾਂ ਨੂੰ ਲੱਖਾਂ ਰੁਪਏ ਗਰਾਂਟ ਦਿੱਤੀ ਅਤੇ ਪੂਰੇ ਹਲਕੇ ਵਿੱਚ ਕਰੋੜਾਂ ਰੁਪਏ ਦੇ ਕੰਮ ਮੁਕੰਮਲ ਕਰਵਾਏ। ਇਸ ਮੌਕੇ ਹਰਮੇਸ਼ ਕੁਮਾਰ ਸਰਪੰਚ ਬਟੌਲੀ, ਮਨਜੀਤ ਕੌਰ ਸਰਪੰਚ ਝਰਮੜੀ, ਜਰਨੈਲ ਸਿੰਘ ਝਰਮੜੀ, ਸ਼ਮਸ਼ੇਰ ਸਿੰਘ ਸਾਬਕਾ ਸਰਪੰਚ ਬੜੌਲੀ, ਬਲਿਹਾਰ ਸਿੰਘ ਬੱਲੀ ਸਾਬਕਾ ਸਰਪੰਚ ਅਮਲਾਲਾ, ਪਰਮਜੀਤ ਸਿੰਘ ਸਾਬਕਾ ਸਰਪੰਚ ਫਤਿਹਪੁਰ ਜੱਟਾਂ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਵਿਸ਼ਵ ਫੂਡ ਦਿਵਸ ਮਨਾਇਆ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦੀ ਅਗਵਾਈ ਵਿਚ ਵਿਸ਼ਵ ਫੂਡ ਦਿਵਸ ਮਨਾਇਆ ਗਿਆ । ਕੇ ਜੀ ਵਿੰਗ ਦੇ ਵਿਦਿਆਰਥੀਆਂ ਇਸ ਮਜ਼ੇਦਾਰ ਗਤੀਵਿਧੀ ਕਲਰਫੁਲ ਲੰਚ ਟਿਫਨ ਵਿਚ ਹਿੱਸਾ ਲਿਆ । ਵਿਦਿਆਰਥੀ ਘਰਾਂ ਤੋਂ ਸਿਹਤਮੰਦ ਭੋਜਨਾਂ ਦੀ ਇੱਕ ਸਤਰੰਗੀ ਪੀਂਘ ਟਿਫਨ ਵਿੱਚ ਲੈ ਕੇ ਆਏ, ਜਿਸ ਵਿੱਚ ਰਸੀਲੇ ਫਲਾਂ ਤੋਂ ਲੈ ਕੇ ਕਰੰਚੀ ਸਬਜ਼ੀਆਂ ਅਤੇ ਪੌਸ਼ਟਿਕ ਭੋਜਨ ਤੱਕ ਸ਼ਾਮਲ ਸੀ । ਵਿਦਿਆਰਥੀਆਂ ਨੇ ਗਰਾਊਂਡ ਵਿੱਚ ਬੈਠ ਕੇ ਭੋਜਨ ਦਾ ਆਨੰਦ ਮਾਣਿਆ ਅਤੇ ਵੰਡ ਕੇ ਖਾਣ ਦੀ ਮਹੱਤਤਾ ਨੂੰ ਸਮਝਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਸਿਹਤਮੰਦ ਜੀਵਨ ਤੇ ਸਮਾਜਿਕ ਸਾਂਝ ਲਈ ਬੜੀਆਂ ਹੀ ਮਹੱਤਵਪੂਰਨ ਹਨ ।




# ਨਸ਼ੇ ਦਾ ਸੇਵਨ ਕਰਦਾ ਨੌਜਵਾਨ ਕਾਬੂ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਸਰਕਾਰ ਵਲੋਂ ਵਿੱਢੀ ਨਸ਼ਿਆਂ ਵਿਰੁੱਧ ਮੁਹਿੰਮ, ਜ਼ਿਲ੍ਹਾ ਪਲਿਸ ਮੁਖੀ ਸੰਦੀਪ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਚੌਂਕੀ ਕੋਟ ਫਤੂਹੀ ਦੇ ਇੰਚਾਰਜ ਏ ਐੱਸ ਆਈ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਮੰਨਣਹਾਨਾ ਲਿੰਕ ਰੋਡ (ਚੋਅ ਨਜ਼ਦੀਕ) ਤੇ ਗਸ਼ਤ ਦੌਰਾਨ ਇੱਕ ਨੌਜਵਾਨ ਵੱਲੋਂ ਪੁਲਸ ਨੂੰ ਦੇਖਕੇ ਇਤਰਾਜ਼ਯੋਗ ਸਮਾਨ ਸਰਕੰਡਿਆਂ ਵਿੱਚ ਸੁੱਟ ਦਿੱਤਾ ਜਿਸ ਨੂੰ ਪੁਲਿਸ ਪਾਰਟੀ ਵਲੋਂ ਮੁਸਤੈਦੀ ਨਾਲ ਚੁੱਕ ਕੇ ਨੌਜਵਾਨ ਨੂੰ ਕਾਬੂ ਕੀਤਾ ।ਇਸ ਮੌਕੇ ਚੌਕੀ ਇੰਚਾਰਜ ਏ ਐੱਸ ਆਈ ਸੁਖਵਿੰਦਰ ਸਿੰਘ ਨੇ ਕਿਹਾ ਕਿ ਉਕਤ ਨੌਜਵਾਨ ਨੇ ਆਪਣਾ ਨਾਮ ਹਰਪ੍ਰੀਤ ਰਾਮ ਉਰਫ ਗੋਨੀ ਪੁੱਤਰ ਸਤਪਾਲ ਰਾਮ ਵਾਸੀ ਬਹਿਬਲਪੁਰ ਦੱਸਿਆ ।ਨੌਜਵਾਨ ਵਲੋਂ ਸੁੱਟੇ ਸਮਾਨ ਵਿੱਚ ਸਿਲਵਰ ਪੇਪਰ ਰੋਲ ਕੀਤਾ, ਪੇਪਰ ਤੇ ਸਪਿਰਟ ਲੱਗੀ ਹੈਰੋਇਨ, ਲਾਈਟਰ ਆਦਿ ਬਰਾਮਦ ਹੋਇਆ।ਪੁਲਸ ਚੌਂਕੀ ਕੋਟ ਫਤੂਹੀ ਵਲੋਂ ਉਕਤ ਨੌਜਵਾਨ ਵਿਰੁੱਧ ਐੱਨ ਡੀ ਪੀ ਐੱਸ ਐਕਟ ਅਧੀਨ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



# ਮਾਨ ਦੀ ਅਗਵਾਈ 'ਚ ਪੰਜਾਬ ਵਿਕਾਸ ਦੇ ਨਵੇਂ ਪੱਧਰ 'ਤੇ : ਜੈ ਕ੍ਰਿਸ਼ਨ ਸਿੰਘ ਰੌੜੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਹਲਕੇ ਦੇ ਵਿਧਾਇਕ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਹਲਕੇ ਦੀਆਂ ਵੱਖ-ਵੱਖ ਪੰਚਾਇਤਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਮੁਕੰਦਪੁਰ, ਮਜਾਰਾ ਡੀਂਗਰੀਆਂ, ਕੋਟ ਰਾਜਪੂਤਾਂ, ਮਹਿੰਦਵਾਣੀ, ਨਾਜਰਪੁਰ, ਸੌਲੀ, ਪਰਸੋਤਾਂ, ਬਡੇਸਰੋਂ, ਬੀਰਮਪੁਰ, ਪੁਰਖੋਵਾਲ, ਥਾਣਾ, ਮਾਣਸੋਵਾਲ, ਝੋਣੋਵਾਲ, ਪੈਂਸਰਾ, ਪਦਰਾਣਾ, ਨੂਰਪੁਰ ਜੱਟਾ, ਐਮਾਂ ਮੁਗਲਾਂ, ਸੀਹਵਾਂ, ਜੀਵਨਪੁਰ ਜੱਟਾ, ਮਹਿੰਦਵਾਣੀ ਗੁੱਜਰਾਂ, ਐਮਾਂ ਜੱਟਾਂ, ਹਰਵਾਂ, ਲੱਲੀਆਂ, ਚੱਕ ਰੌਤਾਂ, ਕਾਲੇਵਾਲ (ਬੀਤ), ਨੈਣਵਾ, ਦਦਿਆਲ, ਗੱਦੀਵਾਲ, ਦੋਹਲਰੋ, ਭਾਮੀਆਂ, ਕਿੱਤਣਾ, ਫਤਿਹਪੁਰ ਖੁਰਦ, ਮੈਰਾ, ਨੰਗਲਾਂ,ਪੰਡੋਰੀ ਬੀਤ ਅਤੇ ਮੇਘੋਵਾਲ ਸਮੇਤ ਕਈ ਪੰਚਾਇਤਾਂ ਦੇ ਸਰਪੰਚ ਪੰਚ ਅਤੇ ਪ੍ਰਤੀਨਿਧੀ ਹਾਜ਼ਰ ਸਨ। ਮੀਟਿੰਗ ਦੌਰਾਨ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪਿੰਡਾਂ ਵਿੱਚ ਲੰਬੇ ਸਮੇਂ ਤੋਂ ਲੰਬਿਤ ਪਏ ਵਿਕਾਸ ਕਾਰਜਾਂ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਤੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਕੰਮ ਜਲਦ ਤੋਂ ਜਲਦ ਪੂਰੇ ਕੀਤੇ ਜਾਣ। ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਹਲਕੇ ਦਾ ਵਿਕਾਸ ਉਨ੍ਹਾਂ ਦੀ ਪ੍ਰਾਥਮਿਕਤਾ ਹੈ ਅਤੇ ਹਰ ਪਿੰਡ ਨੂੰ ਬਿਹਤਰੀ ਦੇ ਰਾਹ 'ਤੇ ਲਿਆਂਦਾ ਜਾਵੇਗਾ। ਇਸ ਮੌਕੇ ਡਿਪਟੀ ਸਪੀਕਰ ਰੌੜੀ ਨੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਦੂਰਦਰਸ਼ੀ ਸੋਚ ਅਤੇ ਵਿਕਾਸ ਪ੍ਰਤੀ ਸਮਰਪਿਤ ਨੀਤੀਆਂ ਕਾਰਨ ਪੰਜਾਬ ਨਵੇਂ ਵਿਕਾਸ ਮਾਰਗਾਂ 'ਤੇ ਅੱਗੇ ਵੱਧ ਰਿਹਾ ਹੈ।



# 15ਵਾਂ ਭਗਵਤੀ ਜਾਗਰਣ ਕਰਵਾਇਆ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲੀ ਨਰੰਗਪੁਰ ਵਿਖੇ 15ਵਾਂ ਸਲਾਨਾ ਮਾਂ ਭਗਵਤੀ ਜਾਗਰਣ ਬਾਬਾ ਸਿੱਧ ਚਰਨੋ ਕਲੱਬ ਵੱਲੋਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ । ਜਾਗਰਣ ਵਿੱਚ ਮਾਤਾ ਚਿੰਤਪੁਰਨੀ ਦਾ ਸੁੰਦਰ ਭਵਨ ਸਜਾਇਆ ਗਿਆ ਅਤੇ ਜਾਗਰਨ ਪਾਰਟੀ ਵੱਲੋਂ ਸੁੰਦਰ ਝਾਕੀਆਂ ਵੀ ਕੱਢੀਆਂ ਗਈਆਂ। ਇਸ ਮੌਕੇ ਜਤਿੰਦਰ ਗੋਲਡੀ ਧਾਮੀ ਜਾਗਰਣ ਪਾਰਟੀ ਅਤੇ ਹਰਪਾਲ ਪ੍ਰੀਤ ਜਾਗਰਨ ਪਾਰਟੀ ਵੱਲੋਂ ਮਾਤਾ ਦੀਆਂ ਭੇਟਾਂ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਬਾਬਾ ਬਲਵੰਤ ਸ਼ਾਹ ਦਾਰਾਪੁਰ ਵਾਲੇ ਅਤੇ ਸ੍ਰੀਮਾਨ 108 ਸੰਤ ਨਰੇਸ਼ ਗਿਰ ਨੰਗਲ ਖੁੰਘੇ ਵਾਲੇ ਉਚੇਚੇ ਤੌਰ ਤੇ ਜਾਗਰਣ ਪਹੁੰਚ ਕੇ ਹਾਜ਼ਰੀ ਲਗਾਈ।ਇਸ ਮੌਕੇ ਚਾਹ, ਪਕੌੜਿਆਂ, ਮਠਿਆਈਆਂ, ਫਲਾਂ ਦੇ ਲੰਗਰ ਲਗਾਏ ਗਏ ਤੇ ਮਾਤਾ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਕਮਲਜੀਤ ਸਿੰਘ ਪ੍ਰਧਾਨ, ਸੁਰਿੰਦਰ ਪਾਲ ਸਿੰਘ, ਅਵਤਾਰ ਸਿੰਘ, ਮਲਕੀਤ ਸਿੰਘ, ਬਲਵੀਰ ਸਿੰਘ , ਪਲਵਿੰਦਰ ਸਿੰਘ, ਪਵਨਦੀਪ ਸਿੰਘ, ਰਾਮਬਲੀ, ਰੈਂਪੀ, ਬੂਟਾ ਸਿੰਘ ਜਸਵੀਰ ਕਾਜਲ, ਬਲਵਿੰਦਰ ਸਿੰਘ ਵਿੱਕੀ, ਠਾਕੁਰ ਸਿੰਘ, ਪ੍ਰਗਟ ਸਿੰਘ, ਭਗਵਾਨ ਦਾਸ, ਜਸ਼ਨ, ਗਗਨਦੀਪ ਗੱਗੀ, ਮੋਨਾ, ਹਰਪ੍ਰੀਤ ਬੰਗਾ ਅਮਨੀ ਤੇ ਹੋਰ ਸੰਗਤਾਂ ਹਾਜ਼ਰ ਸਨ।

# ਜ਼ਿਮਨੀ ਚੋਣ 'ਆਪ' ਵੱਡੇ ਫਰਕ ਨਾਲ ਜਿੱਤੇਗੀ : ਇੰਦਰਜੀਤ ਜੁਗਨੂੰ

**ਕਪੂਰਥਲਾ (ਮਨਜੀਤ ਮਾਨ)**- ਤਰਨ ਤਾਰਨ ਵਿਚ ਹੋਣ ਵਾਲੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਲੋਕਾਂ ਦੀ ਸੇਵਾ ਕਰਨ ਵਾਲਿਆਂ ਨਿਰਸਵਾਰਥ ਤੇ ਸੂਝਵਾਨ ਨੇਤਾ ਹਰਮੀਤ ਸਿੰਘ ਸੰਧੂ ਵੱਡੇ ਫਰਕ ਨਾਲ ਜਿੱਤਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਮੀਡਿਆ ਇੰਚਾਰਜ ਇੰਦਰਜੀਤ ਸਿੰਘ ਜੁਗਨੂੰ ਨੇ ਪੱਤਰਕਾਰਾਂ ਨਾਲ ਵਿਸ਼ੇਸ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀਆਂ ਨਾਲ ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ ਪਾਰਟੀ ਨੂੰ ਵੱਡੀ ਜਿੱਤ ਦਿਵਾਉਣ ਲਈ ਪੂਰੀ ਰਣਨੀਤੀ ਤਿਆਰ ਕਰ ਲਈ ਹੈ ਤੇ ਸਾਰੇ ਵਰਕਰਾਂ ਤੇ ਅਹੁਦੇਦਾਰਾਂ ਦੀਆਂ ਡਿਊਟੀਆਂ ਲੱਗ ਗਈਆਂ ਹਨ। ਉਨ੍ਹਾਂ ਕਿਹਾ ਜੋ ਵਾਅਦੇ ਆਮ ਆਦਮੀ ਪਾਰਟੀ ਵਲੋਂ ਪੰਜਾਬ ਦੀ ਜਨਤਾ ਨਾਲ ਕੀਤੇ ਸਨ ਉਨ੍ਹਾਂ ਵਿੱਚੋ ਬਹੁਤ ਸਾਰੇ ਵਾਅਦੇ ਤੇ ਹੋਰ ਵੀ ਬਹੁਤ ਸਾਰੀਆਂ ਗਰੰਟੀਆ ਪਿਛਲੇ ਤਕਰੀਬਨ ਸਾਢੇ ਤਿੰਨ ਸਾਲ ਦੇ ਰਾਜ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੂਰੀਆਂ ਕਰ ਦਿਤੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆ ਤੇ ਕੀਤੇ ਕੰਮਾਂ ਬਾਰੇ ਤੇ ਸਰਕਾਰ ਵਲੋਂ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਤਰਨਤਾਰਨ ਵਿਚ ਘਰ ਘਰ ਜਾ ਕੇ ਲੋਕਾਂ ਨੂੰ ਜਾਣੂ ਕਰਵਾਉਣਗੇ ਤੇ ਆਮ ਪਾਰਟੀ ਦੇ ਉਮੀਦਵਾਰ ਨੂੰ ਸ਼ਾਨ ਨਾਲ ਜਿਤਾਉਣਗੇ।



# ਵਿਧਾਇਕ ਨੇ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਵੰਡੇ

**ਬੰਗਾ (ਅਵਤਾਰ ਕਲੇਰ)**- ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਨੇ ਬੰਗਾ ਵਿਖੇ ਖਰਾਬ ਹੋਈਆਂ ਫ਼ਸਲਾਂ ਦੇ ਮੁਆਵਜ਼ੇ ਦੇ ਚੈੱਕ ਵੰਡਣ ਦੀ ਸ਼ੁਰੂਆਤ ਕੀਤੀ, ਜਿਸ ਤਹਿਤ ਹੜ੍ਹ ਪੀੜਤ ਪਿੰਡ ਕਟਾਰੀਆ, ਚੇਤਾ ਅਤੇ ਮਾਂਗਟਾ ਡਿਗਰੀਆਂ ਨੂੰ 7.37 ਲੱਖ ਦੇ ਮੁਆਵਜ਼ੇ ਦੇ ਚੈੱਕ ਦੇ ਕੇ ਸਰਕਾਰ ਨੇ ਕਿਸਾਨਾਂ



ਨਾਲ ਕੀਤਾ ਵਾਅਦਾ ਪੂਰਾ ਕੀਤਾ। ਡਾ. ਸੁੱਖੀ ਨੇ ਕਿਹਾ ਕਿ ਸਰਕਾਰ ਕਿਸੇ ਵੀ ਪੀੜਤ ਪਰਵਾਰ ਨੂੰ ਮੁਆਵਜ਼ੇ ਤੋਂ ਵਾਂਝਾ ਨਹੀਂ ਰੱਖੇਗੀ, ਹਰ ਤਰ੍ਹਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਤੇ ਕਿਸਾਨਾਂ ਨੂੰ ਆਈ ਕਿਸੇ ਵੀ ਕੁਦਰਤੀ ਆਫ਼ਤ ਦਾ ਬੋਝ ਇਕੱਲੇ ਨਹੀਂ ਝੱਲਣ ਦੇਵੇਗੀ। ਸਰਕਾਰ ਵੱਲੋਂ ਖੇਤਾਂ ਦੀ ਪੜਤਾਲ ਕਰਕੇ ਜਿਨ੍ਹਾਂ ਕਿਸਾਨਾਂ ਦੀ ਫ਼ਸਲ ਹੜ੍ਹ ਜਾਂ ਬਾਰਿਸ਼ ਕਾਰਨ ਨੁਕਸਾਨੀ ਹੋਈ ਹੈ, ਉਨ੍ਹਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਡਾ. ਸੁੱਖੀ ਨੇ ਇਹ ਵੀ ਦੱਸਿਆ ਕਿ ਬਾਕੀ ਰਹਿ ਗਏ ਪਿੰਡਾਂ ਵਿੱਚ ਵੀ ਜਲਦੀ ਚੈੱਕ ਵੰਡਣ ਦੀ ਕਾਰਵਾਈ ਪੂਰੀ ਕੀਤੀ ਜਾਵੇਗੀ। ਮੌਜੂਦ ਸਰਪੰਚਾਂ, ਬਲਾਕ ਅਧਿਕਾਰੀਆਂ ਅਤੇ ਕਿਸਾਨਾਂ ਨੇ ਡਾ. ਸੁਖਵਿੰਦਰ ਕੁਮਾਰ ਸੁੱਖੀ ਦਾ ਧੰਨਵਾਦ ਕੀਤਾ ਤੇ ਕਿਹਾ ਉਨ੍ਹਾਂ ਨੇ ਸਮੇਂ ਸਿਰ ਸਰਕਾਰ ਵੱਲੋਂ ਮੁਆਵਜ਼ਾ ਵੰਡਣ ਦੀ ਪ੍ਰਕਿਰਿਆ ਸ਼ੁਰੂ ਕਰਵਾਈ। ਇਸ ਮੌਕੇ ਐਸ ਡੀ ਐਮ ਬੰਗਾ ਵਿਪਨ ਭੰਡਾਰੀ , ਤਹਿਸੀਲਦਾਰ ਬੰਗਾ ਵਿਕਰਮ ਕੁਮਾਰ ,ਸੋਹਣ ਲਾਲ ਢੰਡਾ ਜ਼ਿਲ੍ਹਾ ਪ੍ਰਧਾਨ ਐੱਸ ਸੀ ਵਿੰਗ , ਮੀਡੀਆ ਇੰਚਾਰਜ ਮਨਜੀਤ ਸਿੰਘ ਨਾਮਧਾਰੀ, ਸਹਿ ਇੰਚਾਰਜ ਖੁਸ਼ਵਿੰਦਰ ਸਿੰਘ, ਪਵਨਜੀਤ ਸਿੰਘ ਸਿੱਧੂ ਹਲਕਾ ਸੰਗਠਨ ਇੰਚਾਰਜ ਹਲਕਾ ਬੰਗਾ, ਦਾਰਾ ਸਿੰਘ ਸਰਪੰਚ ਕਲੇਰਾਂ, ਗੁਰਮਿੰਦਰ ਸਿੰਘ ਸੰਧੂ, ਅਮਰੀਕ ਸਿੰਘ ਸੋਨੀ, ਮਨਜੀਤ ਸਿੰਘ ਬੱਬਲ, ਅਮਨਦੀਪ ਮਾਨ, ਸ਼ਿੰਦਾ ਜਾਪਾਨੀ ਚੇਤਾ , ਬੁੱਧ ਸਿੰਘ ਪੁਰੇਵਾਲ,ਨਰਿੰਦਰਜੀਤ ਰੱਤੂ ,ਪ੍ਰਭਜੋਤ ਸਿੰਘ,ਕਮਲਜੀਤ ਮੇਹਲੀ ਆਦਿ ਹਾਜ਼ਰ ਸਨ।

# ਟੁੱਟੀਆਂ ਸੜਕਾਂ ਦੇ ਰਹੀਆਂ ਹਾਦਸਿਆਂ ਨੂੰ ਸੱਦਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਦੇ ਇਲਾਕਿਆਂ ਵਿਚ ਭਾਰੀ ਬਰਸਾਤ ਹੋਣ ਕਾਰਨ ਟੁੱਟੀਆ ਸੜਕਾਂ ਦੇ ਰਹੀਆਂ ਹਾਦਸਿਆਂ ਨੂੰ ਸੱਦਾ, ਢਾਈ ਮਹੀਨਿਆਂ ਤੋਂ ਵੱਧ ਟੁੱਟੀਆਂ ਸੜਕਾਂ ਨੂੰ ਸਮਾਂ ਹੋ ਗਿਆ ਹੈ। ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਪ੍ਰਸ਼ਾਸਨ ਤੇ ਵਿਭਾਗ ਨੇ ਇਨ੍ਹਾਂ ਸੜਕਾਂ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ । ਭਾਰੀ ਬਰਸਾਤ ਹੋਣ ਕਰਕੇ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿੱਚ ਸੜਕਾਂ ਬੁਰੀ ਤਰ੍ਹਾਂ ਟੁੱਟੀਆਂ ਹੋਈਆਂ ਹਨ। ਉਕਤ ਬਿਆਨ ਲੰਬਰਦਾਰ ਸਰਜਿੰਦਰ ਸਿੰਘ ਕਿੰਗ ਅਤੇ ਭੁਪਿੰਦਰ ਸਿੰਘ ਦਿਹਾਣਾ ਨੇ ਪ੍ਰੈੱਸ ਨਾਲ ਸਾਂਝੇ ਕੀਤੇ। ਇਸ ਮੌਕੇ ਲੰਬੜਦਾਰ ਸੁਖਜਿੰਦਰ ਸਿੰਘ ਕਿੰਗ ਅਤੇ ਭੁਪਿੰਦਰ ਸਿੰਘ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰੀ ਬਰਸਾਤ ਹੋਣ ਕਰਕੇ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿਚ ਲਿੰਕ ਸੜਕਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਉਨ੍ਹਾਂ ਕਿਹਾ ਹੈ ਕਿ ਲਗਭਗ ਢਾਈ ਮਹੀਨਿਆਂ ਤੋਂ ਵੱਧ ਸਮਾਂ ਬਰਸਾਤ ਨੂੰ ਹੋ ਗਿਆ ਹੈ। ਇਸ ਮੌਕੇ ਲੰਬਰਦਾਰ ਸੁਖਜਿੰਦਰ ਸਿੰਘ ਕਿੰਗ ਅਤੇ ਭੁਪਿੰਦਰ ਸਿੰਘ ਦਿਹਾਣਾ ਨੇ ਦੱਸਿਆ ਕਿ ਪਿੰਡ ਭੁੰਗਰਨੀ, ਮੁੱਖਲਿਆਣਾ, ਦਿਹਾਣਾ ਅਤੇ ਹਲਕਾ ਚੱਬੇਵਾਲ ਦੇ ਵੱਖ ਵੱਖ ਵੱਖ ਵਿੱਚ ਭਾਰੀ ਬਰਸਾਤ ਹੋਣ ਕਰਕੇ ਲਿੰਕ ਸੜਕਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਇਸ ਮੌਕੇ ਲੰਬਰਦਾਰ ਸੁਖਜਿੰਦਰ ਸਿੰਘ ਕਿੰਗ, ਭੁਪਿੰਦਰ ਸਿੰਘ ਦਿਹਾਣਾ ਤੇ ਸਮੂਹ ਪਿੰਡ ਵਾਸੀਆਂ ਨੇ ਸਰਕਾਰ ਤੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਭਾਰੀ ਬਰਸਾਤ ਨਾਲ ਟੁੱਟੀਆਂ ਹੋਈਆਂ ਸੜਕਾਂ ਦੀ ਜਲਦੀ ਮੁਰੰਮਤ ਕਰਵਾਈ ਜਾਵੇ।



# ਯੁਵਾ ਮਾਮਲੇ ਤੇ ਖੇਡ ਮੰਤਰਾਲੇ ਨੇ ਪ੍ਰੋਫੈਸਰ ਨੂੰ ਰਾਸ਼ਟਰੀ ਕਮੇਟੀ ਦੇ ਮੈਂਬਰ ਵਜੋਂ ਚੁਣਿਆ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖਾਲਸਾ ਕਾਲਜ ਆਪਣੇ ਸਟਾਫ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ। ਹਾਲ ਹੀ ਵਿੱਚ, ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਨੇ ਐੱਨ ਐੱਸ ਐੱਸ ਮੈਨੂਅਲ 2006 ਦੀ ਸਮੀਖਿਆ ਕਰਨ ਲਈ ਇੱਕ ਰਾਸ਼ਟਰੀ ਪੱਧਰ ਦੀ ਕਮੇਟੀ ਦਾ ਗਠਨ ਕੀਤਾ ਜਿਸ ਵਿੱਚ ਕਾਲਜ ਦੇ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਸਤਪਾਲ ਸਿੰਘ ਨੂੰ ਮੈਂਬਰ ਵਜੋਂ ਚੁਣਿਆ ਗਿਆ। ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਪੂਰੇ ਭਾਰਤ ਤੋਂ 16 ਮੈਂਬਰੀ ਟੀਮ ਦਾ ਹਿੱਸਾ ਬਣਨਾ ਇੱਕ ਵੱਡੀ ਪ੍ਰਾਪਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰੋ. ਸਤਪਾਲ ਸਿੰਘ ਚੰਡੀਗੜ੍ਹ ਡਾਇਰੈਕਟੋਰੇਟ ਅਧੀਨ ਆਉਂਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚੋਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਸਮੇਤ ਇਕਲੌਤੇ ਪ੍ਰੋਫੈਸਰ ਹਨ ਜਿਨ੍ਹਾਂ ਨੂੰ ਇਸ ਕਮੇਟੀ ਵਿੱਚ ਚੁਣਿਆ ਗਿਆ ਹੈ। ਪ੍ਰੋਫੈਸਰ ਸਤਪਾਲ ਸਿੰਘ ਨੇ ਕਿਹਾ ਕਿ 2006 ਦੇ ਐਨ.ਐਸ.ਐਸ. ਮੈਨੂਅਲ ਨੂੰ ਆਧੁਨਿਕ ਜ਼ਰੂਰਤਾਂ ਅਨੁਸਾਰ ਅਪਡੇਟ ਕਰਨ ਦੀ ਜ਼ਰੂਰਤ ਹੈ।



# ਜ਼ਿਮਨੀ ਚੋਣ 'ਚ ਮੈਡੀਕਲ ਪ੍ਰੈਕਟੀਸ਼ਨਰ 'ਆਪ' ਸਰਕਾਰ ਦਾ ਵਿਰੋਧ ਕਰਨਗੇ : ਡਾ ਧਰਮਪਾਲ ਔੜ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- 26 ਅਕਤੂਬਰ ਨੂੰ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਾਸਿਕ ਮੀਟਿੰਗ ਲਿਵਾਸਾ ਹੋਸਪਿਟਲ ਵਿਖੇ ਡਾ. ਕਸ਼ਮੀਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹੇ ਦੇ ਸਾਰੇ ਬਲਾਕਾਂ ਦੀ ਮੈਂਬਰਾਂ ਨੇ ਭਾਗ ਲਿਆ । ਬਲਾਕ ਅਹੁਦੇਦਾਰਾਂ ਨੇ ਆਪਣੇ ਬਲਾਕਾਂ ਦੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ । ਸੂਬਾ ਕਮੇਟੀ ਦੇ ਉਪ ਪ੍ਰਧਾਨ ਦਿਲਦਾਰ ਸਿੰਘ ਚਾਹਲ ਅਤੇ ਸੂਬਾ ਕਮੇਟੀ ਮੈਂਬਰ ਡਾ. ਧਰਮਪਾਲ ਔੜ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ।ਡਾ. ਧਰਮਪਾਲ ਨੇ ਬੋਲਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਕਈ ਦਹਾਕਿਆਂ ਤੋਂ ਲਟਕਦੀਆਂ ਮੰਗਾਂ ਤੋਂ ਜਾਣੂ ਕਰਾਇਆ। ਉਨ੍ਹਾਂ ਕਿਹਾ ਕਿ ਲੁਧਿਆਣਾ ਜ਼ਿਮਨੀ ਚੋਣ ਦੌਰਾਨ ਆਗੂਆਂ ਨਾਲ ਮੀਟਿੰਗ ਵਿੱਚ ਮਸਲਾ ਹੱਲ ਕਰਨ ਦਾ ਯਕੀਨ ਦਿਵਾਇਆ ਸੀ । ਤਰਨ ਤਰਨ ਵਿੱਚ ਜ਼ਿਮਨੀ ਚੋਣ ਵਿੱਚ ਸੂਬੇ ਭਰ ਦੇ ਮੈਡੀਕਲ ਪ੍ਰੈਕਟੀਸ਼ਨਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਵਿਰੋਧ ਕਰਨਗੇ। ਮੀਟਿੰਗ ਵਿੱਚ ਡਾ ਟੇਕਚੰਦ ਜ਼ਿਲ੍ਹਾ ਚੇਅਰਮੈਨ, ਡਾ. ਰਾਮਜੀਦਾਸ ਜਿਲ੍ਹਾ ਕੈਸ਼ੀਅਰ, ਡਾ. ਵਿਮਲ ਜ਼ਿਲ੍ਹਾ ਵਾਈਸ ਕੈਸ਼ੀਅਰ, ਡਾ. ਕੁਲਵੀਰ ਸਿੰਘ ਐਕਸ਼ਨ ਕਮੇਟੀ , ਡਾ. ਕਸ਼ਮੀਰ ਬੰਗਾ ਜ਼ਿਲ੍ਹਾ ਵਾਈਸ ਪ੍ਰਧਾਨ, ਡਾ. ਧਰਮਜੀਤ ਜ਼ਿਲ੍ਹਾ ਸੈਕਟਰੀ, ਡਾ. ਨਾਮਦੇਵ ਐਕਸ਼ਨ ਕਮੇਟੀ ਮੈਂਬਰ, ਡਾ. ਸੰਦੀਪ ਜੋਸ਼ੀ ਜ਼ਿਲ੍ਹਾ ਵਾਈਸ, ਡਾ. ਜਗਦੀਸ਼ ਕਾਮਾਂ, ਡਾ. ਮੰਗਲ ਬਲਾਕ ਬਹਿਰਾਮ ਕੈਸ਼ੀਅਰ, ਡਾ. ਬਲਵੀਰ ਸਿੰਘ ਤਹਿਸੀਲ ਦੇ ਪ੍ਰਧਾਨ ਡਾ. ਤੇਜਿੰਦਰ ਜੋਤ ਸ਼ਾਮਿਲ ਹੋਏ ਆਦਿ ਹਾਜ਼ਰ ਹੋਏ।

# ਲੋਈ ਗੋਤ ਜਠੇਰਿਆਂ ਦਾ ਮੇਲਾ ਸ਼ਰਧਾਪੂਰਵਕ ਮਨਾਇਆ

**ਮਾਹਿਲਪੁਰ (ਸਫ਼ਰੀ)**- ਲੋਈ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਪਿੰਡ ਭਾਰਤਪੁਰ ਜੱਟਾਂ ਨੇੜੇ ਸੈਲਾ ਖੁਰਦ ਜ਼ਿਲ੍ਹਾ ਹੁਸ਼ਿਆਰਪੁਰ ਲੋਈ ਗੋਤ ਜਠੇਰਿਆ ਦੇ ਪ੍ਰਧਾਨ ਮਲਕੀਤ ਸਿੰਘ, ਸੀਤਲ ਸਿੰਘ, ਚਮਨ ਲਾਲ



ਦੀ ਅਗਵਾਈ ਹੇਠ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਲੋਈ ਗੋਤ ਸੰਗਤਾ ਦੇ ਸਹਿਯੋਗ ਨਾਲ ਸਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੇਲੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਹੋਈਆਂ। ਨਿਸ਼ਾਨ ਸਾਹਿਬ ਦੀ ਰਸਮ 11.30 ਵਜੇ ਕੀਤੀ ਗਈ। ਇਸ ਮੌਕੇ ਰਾਕੇਸ਼ ਕੁਮਾਰ ਭਜਨ ਮੰਡਲੀ ਮਾਲੇਵਾਲ ਅਤੇ ਰਜਿੰਦਰ ਰਾਜੂ ਗੜ੍ਹਸ਼ੰਕਰ ਧਾਰਮਿਕ ਪ੍ਰੋਗਰਾਮ ਰਾਹੀ ਸੰਗਤਾ ਨੂੰ ਮਾਤਾ ਲੋਈ ਜੀ ਦੇ ਚਰਨਾ ਨਾਲ ਜੋੜਿਆ। ਇਸ ਮੌਕੇ ਪ੍ਰਧਾਨ ਮਲਕੀਤ ਸਿੰਘ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਮੇਲੇ ਵਿਚ ਲੋਈ ਪਰਵਾਰਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਅਤੇ ਮਾਤਾ ਜੀ ਦੇ ਦਰਬਾਰ ਤੇ ਨਤਮਸਤਕ ਹੋਈਆਂ । ਉਹਨਾਂ ਦੱਸਿਆ ਕਿ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਦਾਨਫੰਡ ਵੀ ਦਿਤਾ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਦਾਨੀ ਸੱਜਣਾ ਸੱਜਣਾ ਦਾ ਸਨਮਾਨ ਵੀ ਕੀਤਾ ਗਿਆ। ਸਵੇਰ ਤੋ ਚਾਹ ਪਕੌੜੇ ਅਤੇ ਸ਼ਾਮ ਨੂੰ ਗੁਰੂ ਕਾ ਲੰਗਰ ਸਾਰਾ ਦਿਨ ਅਟੁੱਟ ਵਰਤਿਆ । ਇਸ ਮੌਕੇ ਪ੍ਰਧਾਨ ਨੰਬਰਦਾਰ ਮਲਕੀਤ ਸਿੰਘ, ਪ੍ਰਿੰਸੀਪਲ ਸੀਤਲ ਸਿੰਘ ਕੈਸ਼ੀਅਰ, ਚਮਨ ਲਾਲ ਹੁਸ਼ਿਆਰਪੁਰ, ਜਸ ਬਜਵਾੜਾ, ਸਤਨਾਮ ਸਿੰਘ ਲਕਸੀਹਾ, ਗੁਰਦਿਆਲ ਸਿੰਘ, ਸੁਖਦੇਵਸਿੰਘ, ਸਤਪਾਲ ਸਿੰਘ, ਲਵਪ੍ਰੀਤ ਸਿੰਘ, ਅਮਰਜੀਤ ਸਿੰਘ, ਹਰਜੀਤ ਸਿੰਘ ਭਾਤਪੁਰੀ, ਮੁਝੈਲ ਸਿੰਘ, ਸਨਦੀਪ ਸਿੰਘ ਮਨੀ, ਪਲਵਿੰਦਰ ਸਿੰਘ, ਰਾਜਨ, ਅਵਤਾਰ ਸਿੰਘ, ਲਖਵੀਰ ਸਿੰਘ, ਹਰਜੋਤ ਸਿੰਘ ਸਮੇਤ ਭਾਰੀ ਗਿਣਤੀ 'ਚ ਲੋਈ ਪਰਵਾਰ ਦੀ ਸੰਗਤਾਂ ਹਾਜ਼ਰ ਸਨ।

# ਸ਼ਹਿਨਾਜ਼ ਗਿੱਲ ਨੇ ਸਾਲਾਨਾ ਫੈਸਟ 'ਮੈਗਨੀਟਿਊਡ 2025' ਦਾ ਕੀਤਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ)**- ਸਾਬਕਾ ਵਿਦਿਆਰਥੀ ਅਤੇ ਪ੍ਰਸਿੱਧ ਬਾਲੀਵੁੱਡ ਸਟਾਰ ਸ਼ਹਿਨਾਜ਼ ਗਿੱਲ ਦੇ ਇੱਕ ਯਾਦਗਾਰੀ ਫੇਰੀ ਤੇ ਪਹੁੰਚਣ 'ਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਦੇ ਵਿਦਿਆਰਥੀ ਬੜੇ ਹੀ ਉਤਸ਼ਾਹ ਅਤੇ ਪੁਰਾਣੀਆਂ ਯਾਦਾਂ ਨਾਲ ਝੂਮ ਉਠੇ। ਗਿੱਲ ਨੇ ਯੂਨੀਵਰਸਿਟੀ ਦੇ ਸਾਲਾਨਾ ਫੈਸਟ, 'ਮੈਗਨੀਟਿਊਡ 2025' ਦਾ ਉਦਘਾਟਨ ਕੀਤਾ ਅਤੇ ਇੱਕ ਭਾਵਨਾਤਮਕ ਘਰ ਵਾਪਸੀ ਵਿੱਚ ਆਪਣੀਆਂ ਜੜ੍ਹਾਂ ਨਾਲ ਦੁਬਾਰਾ ਜੁੜ ਗਈ।ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ), ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ, ਅਤੇ ਐੱਲ ਪੀ ਯੂ ਦੇ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ, ਜਿਨ੍ਹਾਂ ਨੇ ਯੂਨੀਵਰਸਿਟੀ ਦੀ ਇੱਕ ਸਮਰਪਿਤ ਵਿਦਿਆਰਥੀ ਤੋਂ ਇੱਕ ਰਾਸ਼ਟਰੀ ਸਨਸਨੀ ਤੱਕ ਦੀ ਆਪਣੀ ਸ਼ਾਨਦਾਰ ਯਾਤਰਾ ਦਾ ਜਸ਼ਨ ਮਨਾਇਆ, ਅਤੇ ਉਨ੍ਹਾਂ ਨੇ ਸ਼ਹਿਨਾਜ਼ ਦਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਯਾਦਾਂ ਨਾਲ ਭਰੀ ਹੋਈ, ਸ਼ਹਿਨਾਜ਼ ਨੇ ਦੱਸਿਆ ਕਿ ਕਿਵੇਂ ਯੂਨੀਵਰਸਿਟੀ ਵਿੱਚ ਕਦਮ ਰੱਖਣ ਨਾਲ ਭਾਵਨਾਵਾਂ ਦਾ ਹੜ੍ਹ ਆਇਆ। ਉਸਨੇ ਕਿਹਾ, ਜਿਵੇਂ ਹੀ ਮੈਂ ਐਲਪੀਯੂ ਵਿੱਚ ਦਾਖਲ ਹੋਈ, ਮੈਂ ਆਪਣੀ ਟੀਮ ਨੂੰ ਆਪਣਾ ਹੋਸਟਲ, ਮਾਲ, ਹਸਪਤਾਲ, ਅਤੇ ਖਾਸ ਕਰਕੇ ਬਲਾਕ 14 ਦਿਖਾਉਂਦੀ ਰਹੀ, ਜਿੱਥੇ ਮੈਂ ਆਪਣੀ ਬੀ ਕਾਮ ਦੀ ਪੜ੍ਹਾਈ ਕੀਤੀ ਸੀ। ਇਹ ਪੁਰਾਣੀਆਂ ਯਾਦਾਂ ਦੀ ਲਹਿਰ ਸੀ। ਆਪਣੇ ਵਿਦਿਆਰਥੀ ਦਿਨਾਂ ਨੂੰ ਯਾਦ ਕਰਦੇ ਹੋਏ, ਸ਼ਹਿਨਾਜ਼ ਨੇ ਐਲਪੀਯੂ ਦੇ ਯੂਥ ਵਾਈਬ ਫੈਸਟੀਵਲ ਵਿੱਚ ਹਿੱਸਾ ਲੈਣ ਨੂੰ ਯਾਦ ਕੀਤਾ। ਉਸਨੇ ਕਿਹਾ, ਮੈਨੂੰ ਯਾਦ ਹੈ ਕਿ ਮੈਂ ਇਸ ਪ੍ਰੋਗਰਾਮ ਵਿੱਚ ਪ੍ਰਦਰਸ਼ਨ ਕਰਨ ਲਈ ਬਹੁਤ ਉਤਸ਼ਾਹਿਤ ਸੀ, ਅਤੇ ਜਦੋਂ ਮੈਂ ਅੰਤ ਵਿੱਚ ਹਿੱਸਾ ਲਿਆ, ਤਾਂ ਆਖਰੀ ਪੜਾਅ ਦੌਰਾਨ, ਮੇਜ਼ਬਾਨ ਨੇ ਪੁੱਛਿਆ ਕਿ ਕਿਸ ਨੂੰ ਜਿੱਤਣਾ ਚਾਹੀਦਾ ਹੈ, ਅਤੇ ਸਾਰੀ ਭੀੜ 'ਸ਼ਹਿਨਾਜ਼' ਦੇ ਨਾਅਰੇ ਮਾਰਦੀ ਰਹੀ। ਉਹ ਪਲ ਅਜੇ ਵੀ ਮੇਰੇ ਦਿਲ ਵਿੱਚ ਉੱਕਰਿਆ ਹੋਇਆ ਹੈ। ਇਸਨੇ ਮੈਨੂੰ ਅਹਿਸਾਸ ਕਰਵਾਇਆ ਕਿ ਮੈਂ ਜ਼ਿੰਦਗੀ ਵਿੱਚ ਇਹੀ ਕਰਨਾ ਚਾਹੁੰਦੀ ਸੀ। ਸ਼ਹਿਨਾਜ਼ ਨੇ ਇਹ ਵੀ ਸਾਂਝਾ ਕੀਤਾ ਕਿ ਉਸ ਨੂੰ ਐੱਲ ਪੀ ਯੂ ਸਟੇਜ 'ਤੇ ਆਪਣਾ ਪਹਿਲਾ ਪੇਸ਼ੇਵਰ ਬ੍ਰੇਕ ਮਿਲਿਆ। ਉਸਨੇ ਅੱਗੇ ਕਿਹਾ, ਇੱਕ ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਸਮੇਂ, ਇੱਕ ਜੱਜ ਨੇ ਮੈਨੂੰ ਇੱਕ ਸੰਗੀਤ ਵੀਡੀਓ ਦੀ ਪੇਸ਼ਕਸ਼ ਕੀਤੀ ਤੇ ਉੱਥੋਂ ਮੇਰਾ ਸਫ਼ਰ ਸ਼ੁਰੂ ਹੋਇਆ ਤੇ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ।



# ਕਲਾਸਰੂਮ ਟੂ ਕ੍ਰੀਏਟਰ ਵਿਸ਼ੇ 'ਤੇ ਗੈੱਸਟ ਲੈਕਚਰ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਮੈਨੇਜਮੈਂਟ ਵਿਭਾਗ ਨੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਸਹਿਯੋਗ ਨਾਲ ਕਲਾਸਰੂਮ ਟੂ ਕ੍ਰੀਏਟਰ-ਕੈਰੀਅਰ ਮੋਟੀਵੇਸ਼ਨ ਐਂਡ ਐਂਟਰਪਰਿਨਿਊਰੀਅਲ ਮਾਈਂਡਸੈਟ ਵਿਸ਼ੇ 'ਤੇ ਪ੍ਰੇਰਣਾਦਾਇਕ ਗੈਸਟ ਲੈਕਚਰ ਕਰਵਾਇਆ। ਇਹ ਸੈਸ਼ਨ ਚਰਨ ਕਮਲ, ਇੱਕ ਦੂਰਦਰਸ਼ੀ ਉਦਮੀ, ਟ੍ਰਾਂਸਫਾਰਮੇਸ਼ਨਲ ਸਪੀਕਰ ਅਤੇ ਯੂਥ ਟ੍ਰਾਂਸਫਾਰਮੇਸ਼ਨ ਕੈਟਾਲਿਸਟ ਵੱਲੋਂ ਲਿਆ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਕਮਫ਼ਰਟ ਜੋਨ ਤੋਂ ਬਾਹਰ ਨਿਕਲ ਕੇ ਆਪਣੀ ਰਚਨਾਤਮਕਤਾ ਅਤੇ ਨਵੀਨਤਾ ਦੀ ਸਮਰੱਥਾ ਨੂੰ ਖੋਜਣ ਲਈ ਪ੍ਰੇਰਿਤ ਕੀਤਾ।ਚਰਨ ਕਮਲ ਨੇ ਉਦਮੀ ਸੋਚ (Entrepreneurial Mindset) ਨੂੰ ਵਿਕਸਿਤ ਕਰਨ, ਆਤਮ-ਵਿਸ਼ਵਾਸ ਮਜ਼ਬੂਤ ਕਰਨ ਅਤੇ ਵਿਚਾਰਾਂ ਨੂੰ ਕਾਰਜਯੋਗ ਲਕਸ਼ਾਂ 'ਚ ਤਬਦੀਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਆਪਣੇ ਜੀਵਨ ਦੇ ਅਨੁਭਵਾਂ ਰਾਹੀਂ ਦਰਸਾਇਆ ਕਿ ਕਿਵੇਂ ਸਰਜਨਾਤਮਕਤਾ, ਜਜ਼ਬੇ ਅਤੇ ਹਿੰਮਤ ਨਾਲ ਇੱਕ ਆਮ ਕਲਾਸਰੂਮ ਨੂੰ ਲੀਡਰਸ਼ਿਪ ਤੇ ਇਨੋਵੇਸ਼ਨ ਦੇ ਕੇਂਦਰ ਵਿੱਚ ਬਦਲਿਆ ਜਾ ਸਕਦਾ ਹੈ। ਇਸ ਲੈਕਚਰ ਨੇ ਵਿਦਿਆਰਥੀਆਂ ਨੂੰ ਆਪਣੇ ਨਿੱਜੀ ਅਤੇ ਪੇਸ਼ਾਵਰ ਵਿਕਾਸ ਵੱਲ ਸਕਾਰਾਤਮਕ ਦ੍ਰਿਸ਼ਟੀਕੋਣ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਭਵਿੱਖ ਦੇ ਨੇਤਾ ਅਤੇ ਬਦਲਾਅ ਲਿਆਉਣ ਵਾਲੇ ਬਣਨ ਲਈ ਉਤਸ਼ਾਹਿਤ ਕੀਤਾ।



# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਾਂ ਦੇ ਕੇ ਸਨਮਾਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ, ਨਿਹੰਗ ਸਿੰਘ ਦਲਾਂ, ਸਿੱਖ ਜਥੇਬੰਦੀਆਂ, ਸੰਪਰਦਾਵਾਂ ਅਤੇ ਸਭਾ ਸੁਸਾਇਟੀਆਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਜਥੇਦਾਰ ਬਲਬੀਰ ਸਿੰਘ 96ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਵੱਲੋਂ ਬਾਬਾ ਨਾਗਰ ਸਿੰਘ, ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ, ਬਾਬਾ ਜਗਜੀਤ ਸਿੰਘ ਹਰਖੋਵਾਲ ਸਮੇਤ ਵੱਖ ਵੱਖ ਸੰਸਥਾਵਾਂ ਦੇ ਮੁਖੀਆਂ ਵਲੋਂ ਸਿੰਘ ਸਾਹਿਬ ਨੂੰ ਸਨਮਾਨ ਦਿੱਤਾ ਗਿਆ।ਇਸ ਮੌਕੇ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਪੰਥ ਦੀ ਇਹ ਵਿਲੱਖਣਤਾ ਹੈ ਕਿ ਇਸ ਦੀਆਂ ਜਥੇਬੰਦੀਆਂ ਨੇ ਹਮੇਸ਼ਾ ਪੰਥਕ ਰਵਾਇਤਾਂ ਤੇ ਪਹਿਰਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਖਾਲਸਾ ਪੰਥ ਵੱਡਾ ਹੈ ਅਤੇ ਵੱਡਾ ਰਹੇਗਾ, ਜਦਕਿ ਮੈਂ ਪੰਥ ਸਾਹਮਣੇ ਇਕ ਵਾਰ ਨਹੀਂ ਹਜ਼ਾਰ ਵਾਰ ਝੁਕਦਾ ਹਾਂ। ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪੰਥ ਦਾ ਇਕੱਠੇ ਹੋਣਾ ਪੰਥਕ ਏਕਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸਾਰੀਆਂ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਸਹਿਯੋਗ ਨਾਲ ਕੌਮੀ ਚੁਣੌਤੀਆਂ ਅਤੇ ਧਰਮ ਪਰਿਵਰਤਨ ਜਿਹੇ ਚਲਣ ਦਾ ਇਕਜੁਟਤਾ ਨਾਲ ਮੁਕਾਬਲਾ ਕੀਤਾ ਜਾਵੇਗਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਸਮਾਗਮ ਵਿਚ ਆਈਆਂ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਿਆਂ ਵਚਨਬੱਧਤਾ ਪ੍ਰਗਟਾਈ ਕਿ ਉਹ ਪੰਥ ਦੇ ਸੇਵਾਦਾਰ ਹਨ ਅਤੇ ਹਮੇਸ਼ਾ ਪੰਥ ਨੂੰ ਸਮਰਪਤ ਹੋ ਕੇ ਸੇਵਾ ਕਰਨਗੇ।ਸਮਾਗਮ ਦੌਰਾਨ ਸਟੇਜ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਵੱਲੋਂ ਨਿਭਾਈ ਗਈ। ਸਮਾਗਮ ਦੌਰਾਨ ਬਾਬਾ ਮੋਹਨ ਸਿੰਘ ਬਾਰਨ ਵਾਲੇ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ, ਬਾਬਾ ਘਾਲਾ ਸਿੰਘ ਨਾਨਕਸਰ ਵਾਲੇ, ਬਾਬਾ ਗੁਰਦੇਵ ਸਿੰਘ ਕੁਲੀ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਬਾਬਾ ਗੁਰਪ੍ਰੀਤ ਸਿੰਘ ਜੀ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਮੈਂਬਰ ਦਲਜੀਤ ਸਿੰਘ ਭਿੰਡਰ, ਪਰਮਜੀਤ ਸਿੰਘ ਖਾਲਸਾ, ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਬਾਬਾ ਬੂਟਾ ਸਿੰਘ, ਅਜਮੇਰ ਸਿੰਘ ਖੇੜਾ, ਗੁਰਬਖਸ਼ ਸਿੰਘ ਖਾਲਸਾ, ਬੀਬੀ ਦਵਿੰਦਰ ਕੌਰ ਕਾਲੜਾ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸੀਨੀਅਰ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ, ਸ੍ਰੀ ਦਰਬਾਰ ਸਾਹਿਬ ਮੈਨੇਜਰ ਭਗਵੰਤ ਸਿੰਘ ਧੰਘੇੜਾ, ਬਾਬਾ ਜੀਤ ਸਿੰਘ ਜੌਹਲਾਂ ਵਾਲੇ, ਬਾਬਾ ਸੁਖਵਿੰਦਰ ਸਿੰਘ ਅਗਵਾਨਾਂ ਵਾਲੇ, ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਏ ਮਸਕੀਨ, ਗਿਆਨੀ ਪ੍ਰਤਾਪ ਸਿੰਘ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਭਾਈ ਇੰਦਰਜੀਤ ਸਿੰਘ ਨਿਸ਼ਕਾਮ ਸੇਵਕ ਜਥਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਜਤਿੰਦਰਪਾਲ ਸਿੰਘ ਗੋਲਡੀ, ਗੁਰਮੀਤ ਸਿੰਘ, ਬਾਬਾ ਖੜਕ ਸਿੰਘ, ਬਾਬਾ ਗੁਰਦੇਵ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਦੇਵਇੰਦਰ ਸਿੰਘ ਸੰਪਰਦਾਏ ਹੋਤੀ ਮਰਦਾਨ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਡਾ. ਇੰਦਰਬੀਰ ਸਿੰਘ ਨਿੱਜਰ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ, ਰਣਜੀਤ ਸਿੰਘ ਟੌਹੜਾ , ਗਿਆਨੀ ਨਰਿੰਦਰ ਸਿੰਘ ਮਹਿਤਾ ਚੌਂਕ, ਜਵੱਦੀ ਟਕਸਾਲ ਵੱਲੋਂ ਗਿਆਨੀ ਗੁਰਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# 12 ਜੀਆਂ ਦਾ ਪਰਵਾਰ ਨੀਲੀ ਛੱਤ ਹੇਠਾਂ ਰਹਿਣ ਲਈ ਹੋਇਆ ਮਜਬੂਰ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ, ਬਲਵਿੰਦਰ ਧਾਲੀਵਾਲ)**- ਹੜ੍ਹਾਂ ਦਾ ਪਾਣੀ ਸ਼ਾਂਤ ਹੋ ਗਿਆ ਹੈ। ਪ੍ਰਸ਼ਾਸ਼ਨ ਇਲਾਕੇ ਵਿੱਚ ਫਸਲਾਂ ਦਾ ਮੁਆਵਜ਼ਾ ਦੇਣ ਲਈ ਪਰ ਤੋਲ ਰਿਹਾ ਹੈ ਪਰ ਬਿਆਸ ਦਰਿਆ ਖੌਰੂ ਪਾਉਂਦਾ ਹੋਇਆ ਮਿਲਖਾ

**● ਤਿੰਨ ਸਾਲ ਪਹਿਲਾਂ ਬਣੇ ਘਰ ਨੂੰ ਹੱਥੀ ਤੋੜਨਾ ਪਿਆ**

ਸਿੰਘ ਦੇ ਘਰ ਨੂੰ ਖਹਿ ਕੇ ਲੰਘ ਰਿਹਾ ਹੈ। ਘਰ ਵਿੱਚ ਬੱਚਿਆਂ ਸਮੇਤ ਰਹਿੰਦੇ ਟੱਬਰ ਦੇ 12 ਜੀਆਂ ਦੇ ਸਾਹ ਸੂਤੇ ਗਏ ਹਨ। ਤਿੰਨ ਸਾਲ ਪਹਿਲਾਂ ਬਣਾਇਆ ਘਰ ਹੱਥੀ ਤੋੜਨਾ ਪੈ ਰਿਹਾ ਹੈ। ਸੰਕਟ ਵਿੱਚ ਫਸੇ ਇਸ ਘਰ ਦੇ ਪਰਵਾਰਾਂ ਨੂੰ ਧਰਵਾਸ ਦੇਣ ਲਈ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਉਚੇਚੇ ਤੌਰ 'ਤੇ ਪਹੁੰਚੇ। ਬਿਆਸ ਦਰਿਆ ਦੇ ਬਦਲੇ ਵਹਿਣ ਨੇ ਬਾਊਪੁਰ ਮੰਡ ਇਲਾਕੇ ਦੇ ਪਿੰਡ ਰਾਮਪੁਰਾ ਗੌਹਰਾ ਦੀ ਹੋਂਦ ਦਾ ਵੱਡਾ ਹਿੱਸਾ ਲਗਭੱਗ ਦਰਿਆ ਦੀ ਭੇਟ ਚੜ੍ਹ ਚੁੱਕਾ ਹੈ। ਇਸ ਪਿੰਡ ਦੇ 10 ਘਰ ਤਾਂ ਨੀਂਹਾਂ ਤੋਂ ਉਖੜ ਗਏ ਹਨ। ਜਦਕਿ ਪੰਜ ਘਰਾਂ ਵਿੱਚ ਵੱਡੀਆਂ ਤਰੇੜਾਂ ਆ ਗਈਆਂ ਹਨ।ਇਸ ਘਰ ਦੇ ਮੈਂਬਰ ਵਿਹੜੇ ਨਾਲ ਖਹਿ ਕੇ ਲੰਘਦੇ ਬਿਆਸ ਦਰਿਆ ਦੇ ਕਹਿਰ ਤੋਂ ਆਪਣਾ ਘਰ ਬਚਾਉਣ ਲਈ ਸਾਰੇ ਹੀਲੇ ਵਰਤ ਚੁੱਕੇ ਹਨ। ਸਾਰਿਆ ਨੇ ਜਦੋਂ ਹੱਥ ਖੜੇ ਕਰ ਦਿੱਤੇ ਤਾਂ ਘਰਦਿਆ ਨੇ ਘਰ ਦਾ ਸਮਾਨ ਬਚਾਉਣ ਲਈ ਆਖਰੀ ਯਤਨ ਸ਼ੁਰੂ ਕਰ ਦਿੱਤੇ ਹਨ। ਘਰਾਂ ਦੇ ਤਾਕੀਆਂ ਦਰਵਾਜੇ ਉਤਾਰ ਲਏ ਹਨ। ਟਰਾਲੀਆਂ ਰਾਹੀ ਸਮਾਨ ਲੱਦ ਕੇ ਕਿਸ਼ਤੀ ਰਾਹੀ ਸੁਰੱਖਿਅਤ ਥਾਵਾਂ ਲਿਜਾ ਰਹੇ ਹਨ। ਘਰ ਦੀ ਬਜ਼ੁਰਗ ਮਾਤਾ ਨੇ ਦੱਸਿਆ ਕਿ ਤਿੰਨ ਸਾਲ ਪਹਿਲਾਂ ਹੀ ਘਰ ਬਣਾਇਆ ਸੀ। ਉਨ੍ਹਾਂ ਨੂੰ ਜ਼ਮੀਨ ਦਰਿਆ ਬੁਰਦ ਹੋਣ ਦਾ ਕੋਈ ਗਮ ਨਹੀਂ ਹੈ। ਉਸ ਦੇ ਬੱਚਿਆਂ ਦਾ ਆਲ੍ਹਣਾ ਉਜੜ ਰਿਹਾ ਹੈ। ਇਹ ਦੇਖਕੇ ਕਾਲਜੇ ਦਾ ਰੁਗ ਭਰਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਥੋਂ ਦੋ ਕਿਲੋਮੀਟਰ ਦੂਰ ਪਿੰਡ ਲੱਖ ਵਰ੍ਹਿਆ 'ਚ ਇੱਕ ਪੁਰਾਣਾ ਘਰ ਹੈ ਉਥੇ ਸਮਾਨ ਲਿਜਾ ਰਹੇ ਹਨ। ਦਰਿਆ ਵੱਲੋਂ ਲਾਈ ਜਾ ਰਹੀ ਢਾਅ ਨੂੰ ਦੇਖਦਿਆ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਜਿਹੜੀ ਸਹਾਇਤਾ ਸਰਕਾਰੀ ਪੱਧਰ 'ਤੇ ਹੋਵੇਗੀ ਉਸ ਬਾਰੇ ਉਹ ਸੀਨੀਅਰ ਅਧਿਕਾਰੀਆਂ ਦੀ ਜ਼ੁੰਮੇਵਾਰੀ ਤੈਅ ਕਰਨਗੇ। ਉਨ੍ਹਾਂ ਦਾਨੀ ਸੱਜਣਾਂ ਨੂੰ ਵੀ ਅਪੀਲ ਕੀਤੀ ਕਿ ਇਸ ਪਰਵਾਰ ਦੀ ਮੱਦਦ ਕੀਤੀ ਜਾਵੇ। ਹੜ੍ਹ ਨੇ ਇੰਨ੍ਹਾਂ ਦੀ18 ਏਕੜ ਜ਼ਮੀਨ ਵੀ ਤਬਾਹ ਕਰ ਦਿੱਤੀ ਹੈ। ਝੋਨੇ ਦੀ ਸਾਰੀ ਫਸਲ ਤਬਾਹ ਹੋ ਗਈ ਹੈ।

